ਮਾਸਿਕ ੧੬ ਪੱਤਰ

ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਅੰਮ੍ਰਿਤਸਰ

## ਸ਼ਹੀਦੀ ਅਸਥਾਨ ਸ੍ਰੀ ਗੁਰੂ ਅਰਜਨ ਦੇਵ ਜੀ

ਗੁ: ਡੇਹਰਾ ਸਾਹਿਬ ਲਾਹੌਰ (ਪਾਕਿਸਤਾਨ)

JUN 1994



ਜੂਨ ੧੯੯੪

www.AKJ.Org

ਅਖੰਡ ਕੀਰਤਨੀ ਜਥਿਆਂ ਵਲੋਂ ਕੀਰਤਨ ਸਮਾਗਮ 10 ਤੋਂ 13 ਜੂਨ ਹੁਸ਼ਿਆਰਪੁਰ ਵਿਖੇ

# ਤ ਤ ਕ ਰਾ


| | | |
|---|---|---|
| ਆਸਾੜੁ ਭਲਾ | ੩ | ਤੁਖਾਰੀ ਬਾਰਹਮਾਹਾ ਮਹਲਾ ੧ |
| —ਅਰਥ ਵਿਆਖਿਆ | ੪ | — — — |
| ਸ੍ਰੀ ਗੁਰੂ ਅਰਜਨ ਦੇਵ ਜੀ ਦੇ ਉਪਕਾਰ | ੬ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਪੰਚਮ ਪਾਤਸ਼ਾਹ—ਇਕ ਸ਼੍ਰੋਮਣੀ ਬ੍ਰਹਮ ਗਿਆਨੀ | ੯ | ਪ੍ਰਿੰਸੀਪਲ ਸੱਜਣ ਸਿੰਘ ਜੀ |
| ਚਰਨ ਕਮਲਾਂ ਦਾ ਜਾਪ ਅਤੇ ਨਾਮ ਦੇ ਜਾਪ ਦੀ ਸਮਦਰਸਤਾ | ੧੪ | ਭਾ:ਸਾ: ਭਾਈ ਰਣਧੀਰ ਸਿੰਘ ਜੀ |
| ਬਾਬਾ ਬੰਦਾ ਸਿੰਘ ਬਹਾਦਰ | ੧੭ | ਪ੍ਰਿੰਸੀਪਲ ਕੁਲਦੀਪ ਸਿੰਘ ਜੀ ਹਉਰਾ |
| ਖਾਲਸਾ ਪੰਥ ਨੂੰ ਦਰਪੇਸ਼ ਚੁਣੌਤੀਆਂ | ੨੨ | ਪ੍ਰੋਫੈਸਰ ਜੋਗਿੰਦਰ ਸਿੰਘ ਜੀ |
| ਭਾਗ ਤੇ ਉਦਮ | ੨੮ | ਭਾਈ ਨਰੈਣ ਸਿੰਘ ਜੀ ਐਮ.ਏ. |
| ਸ਼ਬਦ ਗੁਰੂ (ਕਵਿਤਾ) | ੩੧ | ਸ: ਅਤਰ ਸਿੰਘ 'ਨੀਰ' |
| ਕਬਿਤ ਸਵੱਯੇ ਭਾਈ ਗੁਰਦਾਸ ਜੀ (੨੭) | ੩੩ | — — |
| ਭੂਰਿਆਂ ਵਾਲੇ ਰਾਜੇ ਕੀਤੇ (੩੯) | ੩੭ | ਕੈਪਟਿਨ ਸਵਰਨ ਸਿੰਘ ਜੀ |
| ਗੁਰਮਤਿ ਵਿਚ 'ਕਾਲ' ਤੇ 'ਅਉਸਰ' ਦਾ ਸੰਕਲਪ | ੪੩ | ਡਾਕਟਰ ਜਸਵੰਤ ਸਿੰਘ ਜੀ ਨੇਕੀ |
| ਸਿੱਖ ਸਭਿਆਚਾਰ | ੪੭ | ਪ੍ਰੋਫੈਸਰ ਹਰਬੰਸ ਸਿੰਘ ਜੀ |
| ਇਕ ਮੀਰੀ ਦੀ ਇਕ ਪੀਰੀ ਦੀ | ੫੦ | ਸ: ਰੂਪ ਸਿੰਘ ਜੀ |


ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਗੁਰਿਆਈ ੧ ਜੂਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਵਤਾਰ ੨੪ ਜੂਨ
ਸ੍ਰੀ ਗੁਰੂ ਅਰਜਨ ਦੇਵ ਜੀ ਸ਼ਹੀਦੀ ੧੩ ਜੂਨ

## 'ਸੂਰਾ' ਮਾਸਕ ਪੱਤਰ ਨੂੰ ਪੂਜੀ ਸਹਾਇਤਾ

ਭਾ: ਜੀਵਨ ਸਿੰਘ ਜੀ ਅਮਰੀਕਾ ੧੦,੦੦੦) ਸ: ਸੁਬੇਗ ਸਿੰਘ ਡੈਨਮਾਰਕ ੬੦੦੦) ਇਸਤ੍ਰੀ ਸਤਸੰਗਿ ਬੈਂਕਾਕ ੫੦੦)

## 'ਸੂਰਾ' ਦੇ ਚੰਦੇ ਤੇ ਬਕਾਏ ਜਮ੍ਹਾ ਕਰਾ ਕੇ ਰਸੀਦ ਲਓ

੧. ਜਲੰਧਰ—ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ
੨. ਹੁਸ਼ਿਆਰਪੁਰ—ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ
੩. ਪਟਿਆਲਾ—ਭਾਈ ਆਸਾ ਸਿੰਘ ਐਂਡ ਸਨਜ਼, ਨੇੜੇ ਦੂਖ ਨਿਵਾਰਨ ਸਾਹਿਬ
੪. ਚੰਡੀਗੜ੍ਹ ਤੇ ਮੋਹਾਲੀ—ਭਾਈ ਫ਼ੌਜਿੰਦਰ ਸਿੰਘ ਜੀ, ੫੩੨/੩-ਏ ਫ਼ੇਜ਼, ਐਸ.ਏ.ਐਸ. ਨਗਰ, ਮੋਹਾਲੀ
੫. ਜ਼ਿਲਾ ਸੰਗਰੂਰ—(ੳ) ਸ. ਸੁਖਵਿੰਦਰ ਸਿੰਘ ਭੱਟੀ, ਐਡਵੋਕੇਟ, ਸੰਗਰੂਰ ਕੋਰਟ
(ਅ) ਪਿੰਡ ਉਪੋਕੇ [ਉਪਲ ਖੇੜੀ] ਡਾਕਖਾਨਾ ਮਲੇਰਕੋਟਲਾ, ਭਾਈ ਤ੍ਰਿਲੋਚਨ ਸਿੰਘ ਜੀ
੬. ਦਿੱਲੀ—ਭਾਈ ਹਰਦਿਤ ਸਿੰਘ ਜੀ, ਏ-੩੫, ਫ਼ਤਹ ਨਗਰ
੭. ਸਾਰੇ ਸਮਾਗਮਾਂ ਸਮੇਂ—ਭਾਈ ਬਲਵੰਤ ਸਿੰਘ ਜੀ ਖ਼ਾਲਸਾ, ਗਲੀ ਨੰ: ੨, ਕਾਂਸ਼ੀ ਨਗਰੀ, ਫ਼ੀਰੋਜ਼ਪੁਰ ਸ਼ਹਿਰ
੮. ਬਠਿੰਡਾ—ਭਾਈ ਗੋਬਿੰਦ ਸਿੰਘ ਜੀ, ਮਕਾਨ ਨੰਬਰ ੭੮੧੯, ਨੇੜੇ ਡੰਗਰਾਂ ਦਾ ਹਸਪਤਾਲ
੯ ਮੋਗਾ—ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ, ਜੀ. ਟੀ. ਰੋਡ, ਫ਼ੋਨ 24349
੧੦. ਅੰਮ੍ਰਿਤਸਰ—ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫ਼ੋਨ 45787 ਘਰ 231520

ਸੂਚਨਾ – ਹਰ ਐਤਵਾਰ 'ਸੂਰਾ' ਦੇ ਚੰਦੇ ਸਿੱਖ ਮਿਸ਼ਨਰੀ ਕਾਲਜ ਦੇ ਸਟਾਲ ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੋੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੩੯੦-ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ ਤੋਂ ੧-੬-੯੪ ਨੂੰ ਪ੍ਰਕਾਸ਼ਤ ਕੀਤਾ


www.AKJ.Org

ੴ ਵਾਹਿਗੁਰੂ ਜੀ ਕੀ ਫਤਹਿ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

ਸਾਲਾਨਾ ਚੰਦਾ

| | |
|---|---|
| ਦੇਸ | ੬੦-੦੦ |
| ਇਕ ਪਰਚਾ | ੩-੦੦ |

ਪਰਦੇਸ (ਸਾਰੇ)
ਸਾਲਾਨਾ ਚੰਦਾ

| | |
|---|---|
| ਸਮੁੰਦਰੀ ਡਾਕ | ੮੦-੦੦ |
| ਹਵਾਈ ਡਾਕ | ੨੫੦-੦੦ |

Foreign Subscription

| | |
|---|---|
| Sea Mail | 80-00 |
| Air Mail | 250-00 |

ਅਮਾਨਤੀ
ਲਾਈਫ ਮੈਂਬਰ

| | |
|---|---|
| ਦੇਸ | ੨੫੦-੦੦ |

ਪਰਦੇਸ

| | |
|---|---|
| ਸਮੁੰਦਰੀ ਡਾਕ | ੮੦੦-੦੦ |
| ਹਵਾਈ ਡਾਕ | ੨੦੦੦-੦੦ |

## ਅਖੰਡ ਕੀਰਤਨੀ ਜਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੮ ਜੂਨ ੧੯੯੪ ਅੰਕ ੬

## ਆਸਾੜੁ ਭਲਾ

ਆਸਾੜੁ ਭਲਾ ਸੂਰਜੁ ਗਗਨਿ ਤਪੈ ॥
ਧਰਤੀ ਦੂਖ ਸਹੈ, ਸੋਖੈ, ਅਗਨਿ ਭਖੈ ॥
ਅਗਨਿ ਰਸੁ ਸੋਖੈ, ਮਰੀਐ ਧੋਖੈ, ਭੀ ਸੋਖੈ ਕਿਰਤੁ ਨ ਹਾਰੇ ॥
ਰਥੁ ਫਿਰੈ, ਛਾਇਆ ਧਨ ਤਾਕੈ, ਟੀਡੁ ਲਵੈ ਮੰਝਿ ਬਾਰੇ ॥
ਅਵਗਣ ਬਾਧਿ ਚਲੀ, ਦੁਖੁ ਆਗੈ, ਸੁਖੁ ਤਿਸੁ ਸਾਚੁ ਸਮਾਲੇ ॥
ਨਾਨਕ ਜਿਸ ਨੋ ਇਹੁ ਮਨੁ ਦੀਆ, ਮਰਣੁ ਜੀਵਣੁ ਪ੍ਰਭ ਨਾਲੇ ॥੮॥

ਤੁਖਾਰੀ ਬਾਰਹਮਾਹ ਮਹਲਾ ੧

ਆਸਾੜੁ—ਹਾੜ ਦਾ ਮਹੀਨਾ । ਭਲਾ—ਚੰਗਾ, ਗਰਮੀ ਦੇ ਜੋਬਨ ਵਾਲਾ । ਗਗਨਿ—ਆਕਾਸ਼ ਵਿਚ । ਸੋਖੈ—(ਸੂਰਜ)ਨਮੀ ਸੁਕਾਂਦਾ ਹੈ । ਅਗਨਿ—ਅਗਨੀ ਵਾਂਗ, ਭੱਠ ਵਾਂਗ । ਅਗਨਿ—ਅਗਨੀ ਰੂਪ ਸੂਰਜ । ਮਰੀਐ—ਮਰੀਦਾ ਹੈ । ਧੋਖੈ—ਧੁਖ ਧੁਖ ਕੇ । ਸੋ—ਉਹ ਸੂਰਜ । ਕਿਰਤੁ—ਕਰਤੱਵ, ਕਾਰਜ । ਰਥ—ਚੱਕਰ । ਧਨ—ਇਸਤ੍ਰੀ । ਟੀਡੁ—ਬੀਂਡਾ । ਲਵੈ—ਬੋਲਦਾ ਹੈ । ਮੰਝਿ ਬਾਰੇ—ਜਾਗਲੀ ਜੂਹ ਵਿਚ । ਬਾਰ—ਜੂਹ । ਸਾਚੁ—ਸਦਾ-ਥਿਰ ਪ੍ਰਭੂ । ਸਮਾਲੇ—ਯਾਦ ਕਰਦੀ (ਸਿਮਰਦੀ) ਹੈ । ਇਹੁ ਮਨੁ—ਸੱਚ ਨਾਮ ਸੰਮ੍ਹਾਲਣ (ਚੇਤੇ ਕਰਨ) ਵਾਲਾ ਮਨ ।



www.AKJ.Org

# ਅਰਥ ਵਿਆਖਿਆ

**ਅਰਥ** :

(ਜਦ ਗਰਮੀ ਦੀ ਰੁੱਤ ਜੋਬਨ ਵਿਚ ਆਉਂਦੀ ਹੈ ਤਾਂ) ਸੂਰਜ ਅਕਾਸ਼ ਵਿਚ ਤਪਦਾ ਹੈ ਅਤੇ ਹਾੜ ਦਾ ਮਹੀਨਾ ਭਲਾ (ਪੂਰੇ ਜੋਬਨ ਵਿਚ) ਹੁੰਦਾ ਹੈ। (ਇਸ ਰੁੱਤੇ ਸੂਰਜ) ਧਰਤੀ ਦੀ ਨਮੀ ਨੂੰ ਸੁਕਾਂਦਾ ਹੈ ਅਤੇ ਧਰਤੀ ਅੱਗਨੀ ਰੂਪ ਹੋ ਕੇ ਭਖਦੀ ਹੈ, ਜਿਸ ਨਾਲ ਧਰਤੀ ਦੁਖ ਸਹਿੰਦੀ ਹੈ (ਭਾਵ, ਧਰਤੀ ਦੇ ਜੀਵ-ਜੰਤ ਦੁਖੀ ਹੁੰਦੇ ਹਨ)।

ਅਗਨੀ ਰੂਪ ਸੂਰਜ (ਧਰਤੀ ਦੀ) ਨਮੀ ਨੂੰ ਸੁਕਾਂਦਾ ਹੈ। (ਇਸ ਤਪਸ਼ ਨਾਲ) ਧੁਖ ਧੁਖ ਮਰੀਦਾ ਹੈ, ਪਰ ਉਹ ਸੂਰਜ ਆਪਣਾ (ਤਪਸ਼ ਵਰਤਾਉਣ ਵਾਲਾ) ਕਾਰਜ ਕਰਨੋਂ ਰੁਕਦਾ ਨਹੀਂ। (ਸੂਰਜ ਦਾ) ਚੱਕਰ ਚਲੀ ਜ਼ਾਂਦਾ ਹੈ। (ਅਜਿਹੀ ਦਸ਼ਾ ਵਿਚ ਨਿਮਾਣੀ ਨਿਤਾਣੀ) ਇਸਤ੍ਰੀ ਛਾਂ ਢੂੰਡਦੀ ਹੈ ਅਤੇ ਟੀਂਡਾ ਲਾਗਲੀ ਜੂਹ ਵਿਚ (ਗਰਮੀ ਦਾ ਸਤਾਇਆ ਹੋਇਆ) ਟ੍ਰੀਂ ਟ੍ਰੀਂ ਕਰਦਾ ਹੈ।

(ਅਜਿਹੀ ਬਾਹਰਮੁਖੀ ਤਪਸ਼ ਉਸੇ ਜੀਵ-ਇਸਤ੍ਰੀ ਨੂੰ ਵਿਆਪਦੀ ਹੈ, ਜੋ ਇਸ ਜੀਵਨ-ਯਾਤਰਾ ਵਿਚ) ਔਗੁਣਾਂ ਦੀ ਪੰਡ ਬੰਨ੍ਹ ਕੇ ਤੁਰਦੀ ਹੈ (ਭਾਵ, ਜੋ ਜੀਵ-ਇਸਤ੍ਰੀ ਸਾਰੀ ਉਮਰ ਪ੍ਰਭੂ-ਪ੍ਰੀਤਮ ਨੂੰ ਵਿਸਾਰ ਕੇ ਮਾਇਕ ਧੰਧਿਆਂ ਵਿਚ ਖਚਿਤ ਹੋ, ਔਗੁਣ ਹੀ ਵਿਹਾਜਦੀ ਰਹਿੰਦੀ ਹੈ) ਉਸ ਨੂੰ ਅਗੇ ਜਾ ਕੇ (ਜਮਾਂ ਦਾ) ਦੁਖ ਸਹਿਣਾ ਪੈਂਦਾ ਹੈ। ਸੱਚਾ ਸੁਖ ਕੇਵਲ ਉਸੇ ਜੀਵ-ਇਸਤ੍ਰੀ ਨੂੰ ਪ੍ਰਾਪਤ ਹੁੰਦਾ ਹੈ, ਜੋ (ਗੁਰ-ਦੀਖਿਆ ਪ੍ਰਾਪਤ ਕਰ ਕੇ) ਸਦਾ-ਥਿਰ ਪ੍ਰਭੂ ਨੂੰ (ਦਮ-ਬ-ਦਮ) ਚੇਤੇ ਕਰਦੀ ਹੈ।

ਅੰਤ ਵਿਚ 'ਨਾਨਕ' ਮੁਹਰ-ਛਾਪ ਹੇਠ ਸਤਿਗੁਰੂ ਜੀ ਫ਼ੁਰਮਾਂਦੇ ਹਨ ਕਿ (ਜਿਸ ਜੀਵ-ਇਸਤ੍ਰੀ ਨੂੰ ਪ੍ਰਭੂ ਨੇ ਸੁਆਸ ਸੁਆਸ ਨਾਮ ਸਿਮਰਨ ਵਾਲਾ) ਮਨ ਦਿਤਾ ਹੈ, ਉਸ ਜੀਵ-ਇਸਤ੍ਰੀ ਦਾ ਮਰਨ-ਜੀਊਣ ਹੀ ਪ੍ਰਭੂ ਨਾਲ ਹੋ ਜਾਂਦਾ ਹੈ (ਭਾਵ, ਪ੍ਰਭੂ ਦੀ ਯਾਦ ਤੋਂ ਬਿਨਾਂ ਉਸ ਨੂੰ ਹੋਰ ਕੁਝ ਵੀ ਚੰਗਾ ਨਹੀਂ ਲਗਦਾ ਅਤੇ ਨਾ ਹੀ ਉਸ ਨੂੰ ਹਾੜ ਮਹੀਨੇ ਦੀ ਕੋਈ ਗਰਮੀ ਪੋਂਹਦੀ ਹੈ, ਉਸ ਨੂੰ ਕੋਈ ਦੁਨਿਆਵੀ ਤਪਸ਼ ਦੁਖੀ ਨਹੀਂ ਕਰਦੀ)।

**ਵਿਆਖਿਆ–**

ਗਰਮੀ ਦੀ ਰੁਤੇ ਹਾੜ ਮਹੀਨੇ ਵਿਚ ਤਪਸ਼ ਸਿਖਰਾਂ ਦੀ ਹੁੰਦੀ ਹੈ, ਜੀਅ ਜੰਤ ਗਰਮੀ ਨਾਲ ਤੜਫਦੇ ਤੇ ਦੁਖੀ ਹੁੰਦੇ ਹਨ। ਇਸੇ ਤਰ੍ਹਾਂ ਮਾਇਆ ਦੀ ਤਪਸ਼ ਸਾਰੇ ਸੰਸਾਰ ਵਿਚ ਪ੍ਰਬਲ ਹੋ ਕੇ ਵਿਆਪ ਰਹੀ ਹੈ, ਜਿਸ ਦੀ ਲਪੇਟ ਵਿਚ ਸਾਰਾ ਸੰਸਾਰ ਝੁਲਸ ਰਿਹਾ ਹੈ, ਦੁਖ ਪਾ ਰਿਹਾ ਹੈ। ਜੋ ਜੀਵ-ਇਸਤ੍ਰੀ ਪ੍ਰਭੂ-ਪ੍ਰੀਤਮ ਨੂੰ ਭੁਲਾ ਕੇ ਮਾਇਆ ਦੀ ਫਾਹੀ ਵਿਚ ਜਕੜੀ ਪਈ ਹੈ, ਉਹ ਪਾਣੀ ਤੋਂ ਵਿਛੜੀ ਮੱਛੀ ਵਾਂਗ ਤੜਫਦੀ ਹੈ, ਉਹ ਪਾਪ-ਕਰਮਾਂ ਕਰਕੇ ਗਰਭ-ਜੋਨੀਆਂ ਦਾ ਦੁਖ ਅਤੇ ਜਮ ਦੀ ਮਾਰ ਸਹਿੰਦੀ ਹੈ। ਗੁਰ ਫ਼ੁਰਮਾਨ ਹੈ–

> ਗ੍ਰੀਖਮ ਰੁਤਿ ਅਤਿ ਗਾਖੜੀ ਜੇਠ ਅਖਾੜੈ ਘਾਮ ਜੀਉ ॥ [ਅਖਾੜੈ—ਹਾੜ ਮਹੀਨੇ ਵਿਚ]
> ਪ੍ਰੇਮ ਬਿਛੋਹੁ ਦੁਹਾਗਣੀ ਦ੍ਰਿਸਟਿ ਨ ਕਰੀ ਰਾਮ ਜੀਉ ॥
> ਨਹ ਦ੍ਰਿਸਟਿ ਆਵੈ ਮਰਤ ਹਾਵੈ ਮਹਾ ਗਰਬਿ ਮੁਠੀਆ ॥
> ਜਲ ਬਾਝੁ ਮਛਲੀ ਤੜਫੜਾਵੈ ਸੰਗਿ ਮਾਇਆ ਰੁਠੀਆ ॥
> ਕਰਿ ਪਾਪ ਜੋਨੀ ਭੈ-ਭੀਤ ਹੋਈ, ਦੇਇ ਸਾਸਨ ਜਾਮ ਜੀਉ ॥
> ਬਿਨਵੰਤਿ ਨਾਨਕ ਓਟ ਤੇਰੀ ਰਾਖੁ ਪੂਰਨ ਕਾਮ ਜੀਉ ॥੩॥ (ਪੰਨਾ ੯੨੮)

ਮਾਇਆ ਦੇ ਪੁਜਾਰੀ ਸਾਕਤ ਪੁਰਸ਼, ਨਾਮ-ਅੰਮ੍ਰਿਤ ਦੀ ਸਾਰ ਨਹੀਂ ਜਾਣਦੇ। ਉਹ ਮਾਇਆ ਨਾਗਨੀ



www.AKJ.Org

ਦੇ ਜ਼ਹਿਰ ਦੇ ਭਰਮ ਵਿਚ ਭੁਲ ਕੇ ਨਾਮ-ਅੰਮ੍ਰਿਤ ਨੂੰ ਲੁਟਾ ਰਹੇ ਹਨ ਅਤੇ ਮਾਇਆ ਦੇ ਧੰਧਿਆਂ ਵਿਚ ਰਚ-ਪਚ ਕੇ ਦੁਸ਼ਟ ਪੁਰਸ਼ਾਂ ਨਾਲ ਪਿਆਰ ਕਰਦੇ ਹਨ ਅਤੇ ਅੰਤ ਜਮਾਂ ਦੇ ਬਧੇ ਹੋਏ ਅਗੇ ਜਾ ਕੇ ਨਰਕਾਂ ਦੇ ਦੁਖ ਸਹਿੰਦੇ ਹਨ—

ਸਾਕਤ ਮੁਠੇ ਦੁਰਮਤੀ ਹਰਿ ਰਸੁ ਨ ਜਾਣੰਨਿ੍ ॥
ਜਿਨੀ ਅੰਮ੍ਰਿਤੁ ਭਰਮਿ ਭੁਲਾਇਆ ਬਿਖੁ ਸਿਉ ਰਚਹਿ ਰਚੰਨਿ੍ ॥
ਦੁਸਟਾ ਸੇਤੀ ਪਿਰਹੜੀ ਜਨ ਸਿਉ ਵਾਦੁ ਕਰੰਨਿ੍ ॥
ਨਾਨਕ ਸਾਕਤ ਨਰਕ ਮਹਿ ਜਮ ਬਧੇ ਦੁਖ ਸਹੰਨਿ੍ ॥੧॥੧੨॥ (੮੫੪)

ਇਹ ਮਾਇਆ ਸਪਣੀ ਹੋ ਕੇ ਸਾਰੇ ਸੰਸਾਰ ਨੂੰ ਡਸ ਰਹੀ ਹੈ, ਕੋਈ ਵਿਰਲਾ ਹੀ ਸਤਿਗੁਰੂ ਦੀ ਚਰਨੀ ਲਗ ਕੇ, ਨਾਮ-ਦੀਖਿਆ ਪ੍ਰਾਪਤ ਕਰ ਕੇ ਇਸ ਦੀ ਮਾਰ ਤੋਂ ਬਚਦਾ ਹੈ—

ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ ॥
ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ ॥
ਗੁਰਮੁਖਿ ਕੋਈ ਗਾਰੜੂ ਜਿਨਿ ਮਲਿ ਦਲਿ ਲਾਈ ਪਾਇ ॥
ਨਾਨਕ ਸੇਈ ਉਬਰੇ ਜਿ ਸਚਿ ਰਹੇ ਲਿਵ ਲਾਇ ॥੨॥੫॥ (ਮ: ੩—੫੧੦)

ਇਸੇ ਤਰ੍ਹਾਂ— ਜਗਤੁ ਅਗਿਆਨੀ ਅੰਧੁ ਹੈ ਦੂਜੈ ਭਾਇ ਕਰਮ ਕਮਾਇ ॥
ਦੂਜੈ ਭਾਇ ਜੇਤੇ ਕਰਮ ਕਰੇ ਦੁਖੁ ਲਗੈ ਤਨਿ ਧਾਇ ॥
ਗੁਰ ਪਰਸਾਦੀ ਸੁਖੁ ਉਪਜੈ ਜਾ ਗੁਰ ਕਾ ਸਬਦੁ ਕਮਾਇ ॥
ਸਚੀ ਬਾਣੀ ਕਰਮ ਕਰੇ ਅਨਦਿਨੁ ਨਾਮੁ ਧਿਆਇ ॥੧॥੧੮॥ (੫੯੩)

ਮਾਇਆ ਦਾ ਮੋਹ ਸੜਦੇ ਬਲਦੇ ਅੰਗਿਆਰ ਵਾਂਗ ਹੈ, ਇਸ ਤੋਂ ਕੇਵਲ ਸਤਿਗੁਰੂ ਦੀ ਕਿਰਪਾ ਦੁਆਰਾ ਨਾਮ-ਅਧਾਰ ਪ੍ਰਾਪਤ ਕਰ ਕੇ ਹੀ ਸੰਤੋਖ ਮਿਲ ਸਕਦਾ ਹੈ—

ਮਾਇਆ ਤਪਤਿ ਬੁਝਿਆ ਅੰਗਿਆਰੁ ॥ ਮਨਿ ਸੰਤੋਖੁ ਨਾਮੁ ਆਧਾਰੁ ॥੩॥੪੦॥
(ਗਉੜੀ ਕਬੀਰ ਜੀ, ੩੩੧)

ਕੇਵਲ ਉਹੀ ਸੰਸਾਰ ਵਿਚ ਮਾਇਆ ਦੀ ਸੜਨ ਤੋਂ ਖਲਾਸੀ ਪਾ ਸਕਦਾ ਹੈ, ਜਿਸ ਨੂੰ ਸੱਚੇ ਗੁਰੂ ਤੋਂ ਦੀਖਿਆ-ਸੀਖਿਆ ਮਿਲਦੀ ਹੈ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਨਾਮ-ਅਧਾਰੀ ਪੰਚ-ਪਰਵਾਣ ਤੋਂ ਨਾਮ-ਉਪਦੇਸ਼ ਪ੍ਰਾਪਤ ਕਰਦਾ ਹੈ ਅਤੇ ਸਚੁ-ਨਾਮ ਨੂੰ ਅਰਾਧਦਾ ਹੈ—

ਸੋ ਮੁਕਤਾ ਸੰਸਾਰਿ ਜਿ ਗੁਰਿ ਉਪਦੇਸਿਆ ॥
ਤਿਸ ਕੀ ਗਈ ਬਲਾਇ ਮਿਟੇ ਅੰਦੇਸਿਆ ॥੫॥ (ਵਾਰ ਗੂਜਰੀ ਮ: ੫—੫੧੯)

ਅਤੇ ਭਾਗਠੁ ਸਚਾ ਸੋਇ ਹੈ ਜਿਸੁ ਹਰਿ ਧਨੁ ਅੰਤਰਿ ॥
ਸੋ ਛੁਟੈ ਮਹਾ ਜਾਲ ਤੇ ਜਿਸੁ ਗੁਰ ਸਬਦੁ ਨਿਰੰਤਰਿ ॥੨॥੨॥ (੪੯੬-੯੭)

ਜਿਹੜੇ ਗੁਰ-ਸ਼ਬਦ ਦਾ ਨਿਰੰਤਰ ਇਕ-ਰਸ ਜਾਪ ਕਰਦੇ ਹਨ, ਉਨ੍ਹਾਂ ਦੀ ਨਾਮ ਜਪਣ ਦੀ ਲਾਲਸਾ ਕਦੇ ਘਟਦੀ ਹੀ ਨਹੀਂ, ਉਨ੍ਹਾਂ ਦਾ ਮਰਨ-ਜੀਵਨ ਨਾਮ ਹੁੰਦਾ ਹੈ—

ਜਿਨਾ ਪ੍ਰੇਮ ਪਿਆਰੁ ਗੁਰ ਪੂਰੇ ਤੇ ਪਾਈਐ ॥
ਕਬਹੂ ਨ ਹੋਵੈ ਭੰਗੁ, ਨਾਨਕ ਹਰਿ ਗੁਣ ਗਾਈਐ ॥੧੧॥ (੧੪੨੨)

ਅਤੇ—ਜਿਨ੍ਹਾ ਗੁਰਮੁਖਿ ਅੰਦਰਿ ਨੇਹੁ, ਤੈ ਪ੍ਰੀਤਮ ਸਚੈ ਲਾਇਆ ॥
ਰਾਤੀ ਅਤੈ ਡੇਹੁ, ਨਾਨਕ ਪ੍ਰੇਮਿ ਸਮਾਇਆ ॥੯॥ (੧੪੨੨)



www.AKJ.Org

# ਸ੍ਰੀ ਗੁਰੂ ਅਰਜਨ ਦੇਵ ਜੀ

## ਦੇ ਉਪਕਾਰ-ਕੁਰਬਾਨੀਆਂ ਦਾ ਸਦਕਾ

[ਸਚਖੰਡ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਦਰਸ਼ਨਾਂ ਵਿਚ ਦਸੇ ਗੁਰੂ ਸਾਹਿਬਾਨ ਦੇ ਪਰਤੱਖ ਦਰਸ਼ਨ ਹਨ। ਵਿਸ਼ੇਸ਼ ਕਰਿ ਸ੍ਰੀ ਗੁਰੂ ਪੰਚਮੇਸ਼ ਸ੍ਰੀ ਗੁਰੂ ਅਰਜਨ ਦੇਵ ਜੀ ਸਾਹਿਬ ਦੇ ਨਿਤਪ੍ਰਤੀ ਸਾਂਗੋ ਪਾਂਗ ਦਿਦਾਰੇ ਹੁੰਦੇ ਹਨ; ਪਰ ਸ਼ਰਧਾ ਦੀਆਂ ਜੋਤਾਂ ਵਾਲੇ ਦਿਬ-ਦ੍ਰਿਸ਼ਟ-ਦੀਦਿਆਂ ਨੂੰ, ਅਖੰਡਾਕਾਰ ਲਿਵਤਾਰ ਵਾਲੇ ਜੋਤਿ-ਲਤੀਫ਼ੀ ਲੋਇਣਾਂ ਨੂੰ। ਸਤਿਗੁਰੂ ਜੀ ਦੇ ਲਿਵ-ਮਸਤ-ਅਨਿੰਨ ਭਗਤਾਂ ਅਤੇ ਆਤਮ-ਕਮਾਈ ਵਾਲੇ ਪ੍ਰਗ ਖਲੋਤੇ ਗੁਰਮੁਖ ਜਨਾਂ ਨੂੰ ਤਾਂ ਹਰ ਛਿਨ ਆਠ ਜਾਮ ਚੌਸਠ ਘੜੀ ਸਨਮੁਖ ਦਿਬ-ਦਰਸਾਰਿਆਂ ਨੂੰ ਨਿਰਖਤ ਹੀ ਬਿਹਾਉਂਦੀ ਹੈ। ਗੁਰਮਤਿ ਨਾਮ ਕਮਾਈ ਵਾਲੇ ਜਗਿਆਸੂ ਸ਼ਰਧਾਵੰਤ ਰਸਕ-ਬੈਰਾਗੀਅੜੇ ਗੁਰਸਿੱਖਾਂ ਦੀ ਆਤਮ-ਬਿਰਤੀ ਨੂੰ ਭੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ-ਦਿਦਾਰ ਕਰਦਿਆਂ ਹੋਇਆਂ ਇਹ ਹਲੂਣਾ ਵੱਜ ਜਾਂਦਾ ਹੈ ਕਿ ਕਲਜੁਗ ਦੇ ਸੱਚੇ ਬੋਹਿਥ ਅਤੇ ਅੰਮ੍ਰਿਤ, ਨਾਮ-ਅੰਮ੍ਰਿਤ-ਬਾਣੀ ਦੇ ਭਵਤਾਰਕ ਜਹਾਜ਼ ਗੁਰੂ ਗਰੀਬ-ਨਿਵਾਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਮੋਲਕ ਦਰਸ਼ਨਾਂ ਦੀ ਦਾਤਿ, ਜੋ ਅਜ ਸਾਨੂੰ ਪ੍ਰਾਪਤ ਹੈ, ਸੋ ਕੇਵਲ ਗੁਰੂ ਅਰਜਨ ਸਾਹਿਬ ਜੀ ਦੀਆਂ ਅਪਰ ਅਪਾਰ ਉਪਕਾਰ-ਕੁਰਬਾਨੀਆਂ ਦਾ ਸਦਕਾ ਹੈ।

ਇਸ ਅਮੋਲਕ ਦਾਤਿ ਬਿਹੂਣ, ਇਸ ਅਮੁੱਲ ਬਖਸ਼ੀਸ਼ ਬਿਹੂਣ, ਇਸ ਅਮੁੱਲ ਨੀਸਾਣ ਬਿਹੂਣ ਇਨਸਾਨੀ ਜਾਮੇ ਦੇ ਸਾਰੇ ਸੰਸਾਰੀ ਜੀਵ ਲੁਛ ਲੁਛ ਕੇ, ਤ੍ਰੱਕ ਤ੍ਰੱਕ ਕੇ ਮਰ ਜਾਂਦੇ ਅਤੇ ਮਰ ਕੇ ਰਸਾਤਲ ਨੂੰ ਚਲੇ ਜਾਂਦੇ। ਜੀਵਾਂ ਦੀ ਗਤਿ ਮੁਕਤਿ ਕਲਿਆਣ ਉਧਾਰ ਦਾ ਦਰਵਾਜ਼ਾ ਹਮੇਸ਼ਾ ਲਈ ਬੰਦ ਹੋ ਜਾਂਦਾ। ਗੁਰਸਿੱਖੀ ਦਾ ਜੀਵਨ ਹੀ ਸਫ਼ਹ-ਏ-ਹਸਤੀ ਤੋਂ ਮਿਟ ਜਾਂਦਾ। ਅਰਸ਼ਾਂ ਤੋਂ ਆਈ ਅੰਮ੍ਰਿਤ ਬਾਣੀ ਦਾ ਸਰਸ਼ਾਰ ਸੋਮਾ ਹਮੇਸ਼ਾ ਲਈ ਲੁਪਤ ਗੁਪਤ ਹੋ ਜਾਂਦਾ।

ਉਰਵਾਰ ਪਾਰ ਦੇ ਦਾਨੀ ਅਤੇ ਆਗਮ ਨਿਗਮ ਦੇ ਜਾਨਣਹਾਰੇ ਗੁਰੂ ਅਰਜਨ ਸਾਹਿਬ ਜੀ ਮਹਾਰਾਜ ਨੇ ਕਲੀਕਾਲ ਦੇ ਭਵਿਖਤ ਤੋਂ ਭਲੀ ਭਾਂਤ ਬੁਝ ਕੇ ਸੰਸਾਰੀ ਜੀਵਾਂ ਨੂੰ ਭਵ-ਸਾਗਰ ਨੂੰ ਤਾਰਨ ਹਿਤ ਸਭ ਤੋਂ ਭਾਰਾ ਉਪਕਾਰ ਇਹ ਕੀਤਾ ਕਿ ਗੁਰਬਾਣੀ ਦੀਆਂ ਸਮੱਗਰ ਸੰਚੀਆਂ ਨੂੰ ਇਕੱਤ੍ਰ ਕਰ ਕੇ ਸਮੂਹ ਗੁਰਬਾਣੀ ਦੀ ਬੀੜ ਬੱਧੀ। ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਸਰੂਪ ਜਣਾਇ ਕੈ, ਗੁਰੂ ਪੂਜਾ ਗੁਰਬਾਣੀ ਦਾ ਧੁਰਵਾ ਬੰਨ੍ਹਣ ਲਗੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ, ਆਪਣੇ ਹੱਥੀਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਅਸਥਾਪਨ ਕੀਤਾ। ਅਸਥਾਪਨ ਹੋਣ ਵਾਲੇ ਅਵਸਰ ਤੋਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਪ੍ਰਤਿਸ਼ਟਾ ਗੁਰੂ ਦੇ ਸੱਚੇ ਸਰੂਪ ਵਿਚ ਹੋਣੀ ਅਰੰਭ ਹੋ ਗਈ। ਨਾਦੀ ਬਿੰਦੀ ਸੋਢਬੰਸ ਖਾਲਸਾ ਗੁਰੂ ਆਪਣੇ ਅਸਲ ਸਰੂਪ ਵਿਚ ਓਸੇ ਦਿਨ ਤੋਂ ਗੁਰਧਾਮੀ ਮਰਕਜ਼ ਵਿਖੇ ਅਸਥਿਤ ਹੋ ਗਿਆ। ਗੁਰੂ ਦੀ ਗੁਰੱਤਤਾ, ਸੱਚੀ ਗੁਰੱਤਤਾ ਸੰਦੀ ਨਿਹਚਲ ਨੀਂਵ ਗੁਰੂ ਅਰਜਨ ਸਾਹਿਬ ਜੀ ਨੇ ਜੁਗਾਂ ਪ੍ਰਜੰਤ ਮੁਹਕਮ ਰਹਿਣ ਲਈ ਉਸਾਰ ਦਿੱਤੀ। ਅਤੇ ਡੰਕੇ ਦੀ ਚੋਟ ਨਾਲ ਇਸ ਗੱਲ ਨੂੰ ਦ੍ਰਿੜ੍ਹਾਇ ਪ੍ਰਗਟਾਇ ਦਿਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਵਿਚ ਅੱਜ ਤੋਂ ਸੱਚਾ ਗੁਰੂ ਜੁਗੋ ਜੁਗ ਅਤੇ ਜੁਗਾਂ ਪ੍ਰਜੰਤ ਅਵਤਾਰ ਧਾਰੀ ਰਖੇਗਾ।

ਭਾਈ ਗੁਰਦਾਸ ਜੀ ਦੇ ਮਹਾਂ ਵਾਕ "ਜੁਗਿ ਜੁਗਿ ਸਤਿਗੁਰ ਧਰੇ ਅਵਤਾਰੀ"* ਦੇ ਅਸਲ ਅਰਥ ਇਹੋ ਹਨ ਕਿ ਗੁਰੂ ਅਰਜਨ ਦੇਵ ਮਹਾਰਾਜ ਦੁਆਰਾ ਸ੍ਰੀ ਹਰਿਮੰਦਰ ਸਾਹਿਬ ਵਿਖੇ ਧਰੀ ਹੋਈ, ਸੱਚੇ ਗੁਰੂ ਅਵਤਾਰ ਦੀ ਧਰੀ ਹੋਈ ਨੀਂਹ ਅਜ਼ਲ ਤੋਂ ਅਬਦ ਤਾਈਂ ਧਰੀ ਹੀ ਰਹੇਗੀ। ਨਿਹਚਲ ਨੀਂਹ ਜੁ ਹੋਈ। ਇਸ ਸੋਢਬੰਸ

---

*ਭਾਈ ਗੁਰਦਾਸ ਜੀ, ਵਾਰ ੧, ਪਉੜੀ ੪੮



www.AKJ.Org

ਖਾਲਸੇ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੱਚੇ ਸਰੂਪ ਵਿਚ ਚਲੀ ਹੋਈ ਸੋਢਬੰਸ ਦੀ ਪੀੜ੍ਹੀ ਸਦਾ ਲਈ ਚਲੀ ਹੀ ਰਹੇਗੀ। ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੱਚੇ ਖਾਲਸਾ (ਸੋਢਬੰਸ) ਗੁਰੂ ਸਰੂਪ ਵਿਚ ਹੀ ਓਤਿ ਪੋਤਿ ਬਿੰਦੀ ਨਾਦੀ ਬੰਸ ਅਵਤਾਰੀ ਗੁਰੂ ਪਾਤਸ਼ਾਹੀਆਂ ਦੇ ਦਿਬ ਜੋਤਿ ਜਾਮੇ, ਜਗਿਆਸੂ-ਸਿੱਖ-ਭਗਤ ਦੀ ਸ਼ਰਧਾ-ਭਾਵਨੀ ਅਨੁਸਾਰ ਹਰ ਜ਼ਮਾਨੇ ਵਿਚ ਹਰ ਸਮੇਂ ਹਰ ਛਿਨ ਜ਼ਦੋਂ ਚਾਹੋ, ਬਾਰੰਬਾਰ ਆਪਣਾ ਜੋਤਿ ਸਰੂਪ ਰੂਪ ਦਰਸਾਉਂਦੇ ਰਹਿਣਗੇ।

ਭਾਈ ਗੁਰਦਾਸ ਜੀ ਦੇ "ਚਲੀ ਪੀੜੀ ਸੋਢੀਆਂ ਰੂਪੁ ਦਿਖਾਵਣਿ ਵਾਰੋ ਵਾਰੀ" ਵਾਲੇ ਵਾਕ ਦੇ ਵਾਸਤਵੀ ਭਾਵ ਅਰਥ ਇਹੋ ਹਨ ਜੋ ਉਪਰ ਦਰਸਾਏ ਗਏ ਹਨ। ਗੁਰੂ ਅਰਜਨ ਸਾਹਿਬ ਜੀ ਨੇ ਮਹਾਂ ਉਪਕਾਰ ਕਰ ਕੇ ਬਨਾਵਟੀ ਦੇਹਧਾਰੀ ਗੁਰੂਆਂ ਦਾ ਟੰਟਾ ਹੀ ਮੁਕਾਅ ਦਿਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰੱਤਤਾ ਦਾ ਜਨਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਰਿਮੰਦਰ ਸਾਹਿਬ ਵਿਖੇ ਅਸਥਾਪਨ ਹੋਣ ਦੇ ਦਿਨ ਤੋਂ ਹੀ ਹੋ ਚੁਕਾ ਸੀ। ਕੇਵਲ ਗੁਰੱਤਤਾਵੀ ਪ੍ਰਗਟ ਪਦਵੀ, ਜੁਗੋ ਜੁਗ ਅਟੱਲ ਪਦਵੀ ਦੀ ਰਸਮ ਹੀ ਬਾਕੀ ਸੀ, ਜੋ ਅਟੱਲ ਭਾਣੇ ਅੰਦਰ ਸ੍ਰੀ ਦਸਮੇਸ਼ ਗੁਰੂ ਪਾਤਸ਼ਾਹ ਨੇ ਆਪਣੇ ਗੁਰੂ ਜਾਮੇ ਦੀ ਅਵਧੀ ਪਸਚਾਤ ਹੀ ਅਦਾ ਕਰਨੀ ਸੀ। ਜੈਸੇ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਦੇਹ ਜਾਮੇ ਅੰਦਰ ਗੁਰੱਤਤਾ ਦੀ ਅੰਸ ਅਮਰ ਦਾ ਅਵਤਾਰ (ਜਨਮ) ਤਾਂ ਚਿਰੋਕਣਾ ਪਹਿਲਾਂ ਹੀ ਹੋ ਚੁਕਾ ਸੀ। ਪ੍ਰੰਤੂ ਭਾਣੇ ਅੰਦਰ ਦੋ ਗੁਰੂ ਪਾਤਸ਼ਾਹ ਜਾਮੇ ਭੁਗਤਣ ਪਸਚਾਤ ਹੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਗੁਰੂ ਪਦਵੀ ਮਿਲਣੀ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਜਾਮੇ ਨੂੰ ਅਵਤਾਰ ਦਿਤਾ ਤਾਂ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਦਿਤਾ। ਅਤੇ ਇਹ ਐਸਾ ਸਫਲ-ਜਨੰਮਾ-ਜਨਮ ਹੈ ਜੋ ਨਿਰੋਲ ਨਾਦ-ਅੰਸੀ ਅਵਤਾਰ ਹੋਣ ਕਰਿ ਸਦਾ ਅਬਿਨਾਸ਼ੀ ਹੈ।

ਅੱਜ ਅਸੀਂ ਸੱਚੀ ਫ਼ਖ਼ਰ ਭਰੀ ਗੌਰਵਤਾ ਸਹਿਤ ਕਹਿਣ ਦਾ ਅਧਿਕਾਰ ਰਖਦੇ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਾਜ਼ਰ ਹਜ਼ੂਰ, ਜ਼ਾਹਰ ਜ਼ਹੂਰ ਅਤੇ ਪ੍ਰਗਟ ਸਰੂਪ ਵਿਚ ਦਸੋਂ ਗੁਰੂ ਪਾਤਸ਼ਾਹੀਆਂ ਦਾ ਪਰਤੱਖ ਸਰੂਪ ਹਾਜ਼ਰ ਨਾਜ਼ਰ ਹੈ ਅਤੇ ਜੁਗਾਂ ਪ੍ਰਯੰਤ.ਹਾਜ਼ਰ ਨਾਜ਼ਰ ਰਹੇਗਾ। ਸ੍ਰੀ ਗੁਰੂ ਅਰਜਨ ਸਾਹਿਬ ਜੀ ਜੇਕਰ ਇਹ ਅੱਜ ਉੱਚਾ ਉਪਕਾਰ ਨਾ ਕਰਦੇ ਤਾਂ ਅੱਜ ਦਸਾਂ ਪਾਤਸ਼ਾਹੀਆਂ ਦੀ ਜ਼ਾਹਰ ਜ਼ਹੂਰਤਾ ਅਤੇ ਹਾਜ਼ਰ ਨਾਜ਼ਰਤਾ ਦਾ ਅਬਿਨਾਸ਼ੀ ਅਨੰਦ ਅਸੀਂ ਕਦੇ ਨਾ ਮਾਣ ਸਕਦੇ। ਗੁਰੂ ਰੂਪ ਬਾਣੀ ਦੇ ਵਜੂਦ ਪ੍ਰਭਾਵ ਕਰਿ ਹੀ ਗੁਰੂ ਦਾ ਜੋਤਿ-ਸਰੂਪੀ ਪਰਤੱਖ ਸਰੂਪ ਪ੍ਰਗਟ ਪਾਹਾਰੇ ਜਾਪਦਾ ਹੈ। ਗੁਰੂ-ਉਪਦੇਸ਼ ਰੂਪੀ ਗੁਰਬਾਣੀ ਦਾ ਸਰੂਪ ਹੀ ਜੇਕਰ ਅਸਾਥੋਂ ਅਲੋਪ ਗੋਪ ਹੋ ਜਾਂਦਾ ਤਾਂ ਗੁਰੂ-ਹਿਰਦਾ ਸਾਡੇ ਤੀਕ ਕੀਕੂੰ ਅੱਪੜਦਾ! ਗੁਰੂ ਸਾਹਿਬਾਨ ਦੀ ਇਹ ਨਿਜ ਸਰੂਪੀ ਯਾਦ ਸਾਡੇ ਤੀਕ ਕੀਕੂੰ ਅੱਪੜਦੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਜੂਦ ਦੀ ਅਟੱਲਤਾ ਅੰਦਰ ਦਸੇ ਗੁਰੂ ਪਾਤਸ਼ਾਹੀਆਂ ਦੀ ਨਿਜ ਸਰੂਪੀ ਅਟੱਲ ਤੇ ਵਿਸ਼ੇਸ਼ ਕਰਿ ਇਹ ਅਟੱਲਤਾ ਕਾਇਮ ਹੈ ਅਤੇ ਗੁਰੂ ਸਾਹਿਬਾਨ ਦੀ ਯਾਦ ਭੀ ਅਟੱਲ ਹੈ।

ਇਸ ਅਟੱਲਤਾ ਅਤੇ ਕਾਇਮੀ ਖ਼ਾਤਰ ਹੀ ਗੁਰੂ ਸਾਹਿਬ ਗੁਰੂ ਅਰਜਨ ਦੇਵ ਜੀ ਨੇ ਸਦਾ ਅਟੱਲ ਰਹਿਣ ਵਾਲੀ ਕੁਰਬਾਨੀ ਦੇ ਪੂਰਨੇ ਪਾਏ। ਕੁਰਬਾਨੀ ਭੀ ਉਹ, ਜਿਸ ਦੀ ਮਿਸਾਲ ਸਿਵਾਏ ਗੁਰੂ ਘਰ ਦੇ ਹੋਰ ਕਿਤੇ ਨਹੀਂ ਮਿਲਦੀ। ਅਦੁਤੀ ਕੁਰਬਾਨੀ ਦੁਆਰਾ ਅਦੁਤੀ ਅਟੱਲਤਾ ਦਾ ਮੇਅਰਾਜ ਪ੍ਰਾਪਤ ਹੋਇਆ ਤਾਂ ਕੇਵਲ ਗੁਰੂ ਅਰਜਨ ਦੇਵ ਜੀ ਨੂੰ ਹੋਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਅੱਖਰ ਅੱਖਰ ਸਾਨੂੰ ਸੱਚੀ ਕੁਰਬਾਨੀ ਦਾ ਸਿਦਕ ਸਿਖਾਉਂਦਾ ਹੈ। ਸਚ ਪੁਛੋ ਤਾਂ ਗੁਰਬਾਣੀ, ਗੁਰ-ਸ਼ਬਦ ਕਮਾਇਆਂ ਹੀ ਸੱਚੀ ਕੁਰਬਾਨੀ ਦੀ ਆਤਮ-ਜਾਗ ਲਗਦੀ ਹੈ। ਕੁਰਬਾਨੀ ਦੀ ਸੱਚੀ ਸਪਿਰਿਟ (Spirit) ਹੀ ਗੁਰਸਿੱਖੀ ਦੀ ਕਮਾਈ ਵਿਚ ਹੈ। ਇਹ ਗੁਰਬਾਣੀ ਗੁਰ-ਸ਼ਬਦ ਦੀ ਕਮਾਈ ਹੀ ਹੈ ਜੋ ਜਗਿਆਸੂ ਦੇ ਆਤਮਾ ਨੂੰ ਜੀਵਨ-ਜਾਗ ਲਾਉਂਦੀ ਹੈ। ਇਹ ਗੁਰ-ਸ਼ਬਦ, ਗੁਰਮਤਿ ਨਾਮ ਦੀ ਅਭਿਆਸ ਕਮਾਈ ਹੀ ਹੈ ਜੋ ਆਤਮਾ ਨੂੰ ਜੋਤਿ-ਜਗੰਨੇ ਰੰਗ ਲਾਉਂਦੀ ਹੈ ਅਤੇ ਲਾਈ ਰਖਦੀ ਹੈ ਅਤੇ ਲਾ ਕੇ ਖਿੜਾਈ ਰਖਦੀ ਹੈ। ਆਤਮ-ਰੰਗਾਂ ਦੇ ਖੇੜੇ ਵਿਚ ਹੀ ਸੱਚੀ ਕੁਰਬਾਨੀ ਦੇ ਸੱਚੇ ਪੂਰਨੇ ਪੈ ਸਕਦੇ ਹਨ। ਆਤਮ-ਰੰਗਾਂ ਦੇ ਖਿੜਾਉ ਵਿਚ ਸੱਚੀ ਸੂਰਮਤਾਈ ਦੀ ਸਪਿਰਿਟ ਪਰਜੁਲਤ ਹੁੰਦੀ ਹੈ। ਆਤਮ-


www.AKJ.Org

ਰੰਗ ਲਗੇ ਬਾਝੋਂ ਕੋਈ ਪ੍ਰਾਣੀ ਸੂਰਾ (ਸੂਰਮਾ) ਨਹੀਂ ਬਣ ਸਕਦਾ । ਆਹਾ ! ਕੇਸਾ ਸੋਹਣਾ ਗੁਰਵਾਕ ਸੂਰਮੇ ਬਣਾਉਣ ਵਾਲਾ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਉਚਾਰਨ ਕੀਤਾ ਹੈ, ਯਥਾ ਗੁਰਵਾਕ—

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ ॥੧॥੩੫॥[ਧਨਾਸਰੀ ਮ: ੫, ਪੰਨਾ ੬੮੦

ਇਸ ਗੁਰਵਾਕ ਦਾ ਸਪੱਸ਼ਟ ਭਾਵ ਹੈ ਕਿ ਸੱਚਾ ਸੂਰਮਾ ਸੋਈ ਹੈ ਜਿਸ ਨੂੰ ਇਸ ਜੁਗ ਵਿਖੇ, ਅਰਥਾਤ ਇਸ ਜ਼ਮਾਨੇ ਅੰਦਰਿ ਹਰਿ-ਰੰਗ, ਸੱਚੇ ਨਾਮ ਦਾ ਰੰਗ ਲਗਿਆ ਹੈ। ਸੱਚੇ ਪਰਮਾਤਮੀ ਰੰਗ ਆਤਮ ਕਮਾਈਆਂ ਕਰਿ ਹੀ ਲਗਦੇ, ਲਗ ਸਕਦੇ ਹਨ। ਨਾਮ ਅਭਿਆਸ ਦੀ ਕਮਾਈ ਹੀ ਸੱਚੀ ਆਤਮ-ਕਮਾਈ ਹੈ। ਕੂੜਾਵੇ ਵੇਦਾਂਤੀਆਂ ਵਾਲੀ ਗਲੀਂ ਬਾਤੀਂ ਇਹ ਡੀਂਗ ਮਾਰਨਾ ਹੈ ਕਿ 'ਸਰਬ ਜੀਵੋਂ ਮੇਂ ਅਪਨੀ ਆਤਮਾ ਕਾ ਭਾਸ ਅਨਮਾਨ ਕਰੋ', ਇਹ ਫੋਕਟ ਆਤਮ-ਗਿਆਨ ਦੀ ਚੁੰਚ-ਚਰਚਾ ਹੈ। ਨਾਮ ਦੀ ਅਭਿਆਸ ਕਮਾਈ ਦੁਆਰਾ ਆਤਮ ਜੋਤਿ ਨੂੰ ਪਰਤੱਖ ਸਾਂਗੋ-ਪਾਂਗ ਲਖਣਾ ਅਤੇ ਇਸ ਬਿਧਿ ਰਸ-ਜੋਤਿ-ਰੰਗਾਂ ਵਿਚ ਲੀਨ ਹੋ ਕੇ ਦੇਹੋਂ ਬਦੇਹ ਹੋ ਜਾਣਾ ਇਹ ਸੱਚੀ ਆਤਮ-ਕਮਾਈ ਵਾਲੀ ਬਿਵਸਥਾ ਹੈ। ਆਤਮ-ਰੰਗਾਂ ਵਿਚ ਰੱਤ ਕੇ ਹੀ ਸੱਚੀ ਕੁਰਬਾਨੀ ਹੋ ਸਕਦੀ ਹੈ ਅਤੇ ਸੱਚੀ ਸੂਰਮਤਾਈ ਵਾਲੀ ਗਤਿ ਬਿਵਸਥਾ ਪ੍ਰਾਪਤ ਹੋ ਸਕਦੀ ਹੈ। ਐਵੇਂ ਨਹੀਂ। ਆਤਮ ਰੰਗਾਂ ਵਿਚ ਰੰਗੀਜ ਕੇ ਹੀ ਸਰੀਰ ਉਤੇ ਬਿਕਰਾਲ ਕਸ਼ਟਾਂ ਦੇ ਸਹਾਰਨ ਵਾਲੀ ਸਹਿਨ-ਸ਼ੀਲਤਾ ਸੰਪੰਨ ਸੱਚੀ ਰੂਹ ਆਤਮਾ ਅੰਦਰ ਪ੍ਰਵੇਸ਼ ਹੁੰਦੀ ਹੈ। ਆਤਮ-ਰੰਗਾਂ ਵਾਲੇ ਨਾਮ ਤੂੰਗੀ ਅਭਿਆਸੀ ਜਨ ਨੂੰ ਦੇਹ ਅਧਿਆਸ ਹੀ ਨਹੀਂ ਰਹਿੰਦਾ। ਸਰੀਰ ਦੇ ਕਸ਼ਟ ਤਸੀਹੇ ਪੋਂਹਦੇ ਨਹੀਂ, ਮਹਿਸੂਸ ਹੀ ਨਹੀਂ ਹੁੰਦੇ, ਕਿਉਂਕਿ ਬਿਰਤੀ ਤਾਂ ਆਤਮ-ਰੰਗਾਂ ਵਿਚ ਅਰੂੜ ਹੋਈ ਹੁੰਦੀ ਹੈ। ਸਰੀਰ ਦੇ ਦੁਖ-ਕਲੇਸ਼ਾਂ ਦੇ ਅਹਿਸਾਸ ਦੀ ਓਥੇ ਗੰਮਤਾ ਹੀ ਨਹੀਂ। ਮਰਨ ਜੀਵਣ ਦਾ ਓਥੇ ਸੰਸਾ ਹੀ ਨਹੀਂ। ਜੀਵਣ-ਮੁਕਤਿ ਬਿਵਸਥਾ ਦੀ ਅਉਜ (ਸਿਖਰਲੇ ਡੰਡੇ) ਦੀ ਮੌਜ-ਰੰਗ-ਰਲੀਆਂ ਮਾਨਣਹਾਰੇ ਸਤਿਗੁਰੂ ਗੁਰੂ ਅਰਜਨ ਸਾਹਿਬ ਜੀ ਮਹਾਰਾਜ ਨੂੰ ਬੜੇ ਬੜੇ ਬਿਕਰਾਲ ਕਸ਼ਟ ਤਸੀਹੇ ਦਿਤੇ ਗਏ, ਪਰ ਗੁਰੂ ਸਾਹਿਬ ਆਤਮ-ਰੰਗ ਵਿਚਿ ਅਡੋਲ, ਕੇਵਲ ਆਤਮ-ਬਲ ਕਰਕੇ ਇਨ੍ਹਾਂ ਕਸ਼ਟਾਂ ਤੋਂ ਅਲੇਪ ਰਹੇ। ਸੱਚੀ ਸ਼ਾਂਤਮਈ ਅਤੇ ਸਹਿਨ-ਸ਼ੀਲਤਾ ਦੀ ਅਤਿ ਉਚ ਅਵਸਥਾ ਹੈ, ਜਿਸ ਨੂੰ ਨਾਮ-ਰੰਗੋਂ ਘੁਥੇ ਅਲਪੱਗ ਇਨਸਾਨ, ਆਤਮ ਮੌਜ ਅਵਸਥਾ ਤੋਂ ਉਰੇ ਜੰਤ ਕਦੇ ਨਹੀਂ ਪਹੁੰਚ ਸਕਦੇ। ਅੱਜ ਹਠ-ਕਰਮੀਆਂ ਵਾਲੀ ਸ਼ਾਂਤਮਈ ਦੀਆਂ ਥੋਥੀਆਂ ਤੋਤਾ-ਕਹਾਣੀਆਂ ਤੁਰ ਪਈਆਂ ਹਨ। ਗੁਰੂ ਅਰਜਨ ਸਾਹਿਬ ਜੀ ਨੇ ਸੱਚੀ ਸ਼ਾਂਤਮਈ, ਸੱਚੀ ਸਹਿਨ-ਸ਼ੀਲਤਾ ਅਤੇ ਸੱਚੀ ਸੂਰਮਤਾਈ ਦਾ ਸੱਚਾ ਪੂਰਨਾ ਪਾ ਕੇ ਪਰਤੱਖ ਦਿਖਾਇਆ, ਜਿਸ ਨੂੰ ਕੋਈ ਫੋਕਟ ਹੱਠ-ਕਰਮੀ ਸ਼ਾਂਤਮਈ ਦਾ ਚੁੰਚ-ਕਥਨੀਆ ਰੀਫਾਰਮਰ ਨਹੀਂ ਪਹੁੰਚ ਸਕਦਾ।

ਸੋ ਆਤਮ ਬਿਵਸਥਾ ਦੇ ਰੰਗਾਂ ਵਾਲੀ ਸਿਰ ਧੜਾਂ ਦੀ ਬਾਜ਼ੀ ਜਿੱਤਣ ਵਾਲੇ ਦੇ ਵਸਗਤਿ ਸਭ ਤਾਕਤਾਂ ਹੋ ਜਾਂਦੀਆਂ ਹਨ। ਪਰ ਇਹ ਉਸ ਵਡਭਾਗੇ ਜੰਤ ਨੂੰ ਖੇਡ ਬਣਿ ਆਂਵਦੀ ਹੈ ਜਿਸ ਨੇ ਪੂਰਾ ਸਤਿਗੁਰੂ ਧਾਰਨ ਕੀਤਾ ਹੋਇਆ ਹੁੰਦਾ ਹੈ। ਅਰਥਾਤ, ਜੋ ਨਿਗੁਰਾ ਨਹੀਂ ਹੁੰਦਾ। "ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ" ਅਰਥਾਤ, ਸਤਿਗੁਰੂ ਦੇ ਸਿੱਖਾਂ ਨੂੰ ਹੀ ਆਤਮ ਬਿਵਸਥਾ ਪ੍ਰਾਪਤ ਹੋ ਸਕਦੀ ਹੈ। ਨਾਮੋਂ ਘੁਥੇ ਨਿਗੁਰਿਆਂ ਨੂੰ ਇਹ ਰੰਗ ਕਿਥੋਂ ?

ਧੰਨ ਸੱਚਾ ਪਾਤਸ਼ਾਹ ਗੁਰੂ ਅਰਜਨ ਸਾਹਿਬ ! ਜਿਸ ਦੇ ਪ੍ਰਤਾਪ ਕਰਕੇ ਨਾਮ ਦੀ, ਗੁਰਬਾਣੀ ਦੀ, ਗੁਰ-ਸ਼ਬਦ ਦੀ ਸੱਚੀ ਅਮਰੀ ਦਾਤਿ ਸਾਡੇ ਤਾਈਂ ਅਪੜੀ। ਜਿਸ ਦੀ ਕਮਾਈ ਕਰਿ ਗੁਰੂ ਪੰਥ ਅੰਦਰ ਅਦੁਤੀ ਕੁਰਬਾਨੀਆਂ ਵਾਲੇ ਗੁਰਸਿੱਖ ਸ਼ਹੀਦ ਅਨੇਕਾਂ ਦੀ ਗਿਣਤੀ ਵਿਚ ਪੈਦਾ ਹੋਏ ਅਤੇ ਅਣਗਿਣਤ ਹੀ ਅਗੇ ਨੂੰ ਪੈਦਾ ਹੁੰਦੇ ਰਹਿਣਗੇ। ਅਣਗਿਣਤ ਲਾਸਾਨੀ ਕੁਰਬਾਨੀਆਂ, ਜੋ ਅੱਜ ਤਾਈਂ ਗੁਰੂ ਘਰ ਵਿਚ ਹੋਈਆਂ ਅਤੇ ਅਗੇ ਨੂੰ ਹੋਣਗੀਆਂ, ਉਹ ਗੁਰੂ ਅਰਜਨ ਸਾਹਿਬ ਦੀ ਬਖਸ਼ੀ ਅਮੋਘ ਦਾਤਿ ਦਾ ਸਦਕਾ ਹਨ। ਗੁਰੂ ਸਾਹਿਬ ਗੁਰੂ ਪੰਚਮ ਪਾਤਸ਼ਾਹ ਦੀਆਂ ਹੋਰ ਅਨੇਕ ਅਦਭੁਤ ਉਪਕਾਰ-ਕਰਣੀਆਂ ਹਨ, ਜਿਨ੍ਹਾਂ ਨੂੰ ਵਰਨਣ ਕਰਦਿਆਂ ਬੜਾ ਵਿਸਥਾਰ ਹੋ ਜਾਂਦਾ ਹੈ। ਸਮਾਂ ਥੋੜਾ ਅਤੇ ਸੰਕੋਚ ਦਾ ਖ਼ਿਆਲ ਲੈ ਕੇ ਏਥੇ ਹੀ ਬਸ ਕਰਨਾ ਪਿਆ।

www.AKJ.Org

# ਪੰਚਮ ਪਾਤਸ਼ਾਹ--ਇੱਕ ਸ਼੍ਰੋਮਣੀ ਬ੍ਰਹਮ ਗਿਆਨੀ

[ਪ੍ਰਿੰਸੀਪਲ ਸੱਜਣ ਸਿੰਘ ਜੀ, 618/6 ਗੋਬਿੰਦਪੁਰੀ, ਨਵੀਂ ਦਿੱਲੀ-19]

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ, ਸ਼ਹੀਦਾਂ ਦੇ ਵਰਗ ਵਿਚ ਸ਼ਹੀਦਾਂ ਦੇ ਸਿਰਤਾਜ, ਬ੍ਰਹਮ ਗਿਆਨੀ ਦੇ ਮੰਡਲ ਵਿਚ ''ਤੇ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ (੧੪੦੭)'' ਜਾਂ ''ਪਰਤਛਿ ਰਿਦੈ ਗੁਰ ਅਰਜੁਨ ਕੈ ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ ॥ (੧੪੦੯)'' ਅਨੁਸਾਰ ਬ੍ਰਹਮ ਗਿਆਨ ਦੀ ਸਮੂਰਤਿ, ਇਕ-ਰਸ ਸਹਜ ਬਿਰਤੀ ਵਾਲੀ ਸਖਸੀਅਤ, ਮਾਨਵਤਾ ਦੇ ਸ਼੍ਰੋਮਣੀ, ਹਮਦਰਦੀ ਤੇ ਅਧਿਆਤਮਕ ਦ੍ਰਿਸ਼ਟੀਕੋਣ ਤੋਂ ਰੱਬੀ ਸਿਫਤਾਂ ਦੇ ਅਤੁੱਟ ਭੰਡਾਰ ਹਨ। ਆਪ ਜੀ ਦੀ ਗੰਭੀਰਤਾ ਦੀ ਗਹਿਰਾਈ ਸਾਗਰ ਦੀ ਡੂੰਘਾਈ ਨੂੰ ਮਾਤ ਕਰਦੀ ਹੈ। ਜੇ ਅਕਾਲ ਪੁਰਖ ਦੀ ਬਖਸ਼ਸ਼ ਦੁਆਰਾ ਭੱਟਾਂ ਨੂੰ ਤੱਤ ਬਖਾਨਣ ਦੀ ਸੂਝ ਬੂਝ ਪ੍ਰਾਪਤ ਨ ਹੁੰਦੀ, ਤਾਂ ਗੁਰੂ ਨਾਨਕ ਘਰ ਦੀ ਵਡਿਅ ਈ (ਜਿਹੜੀ ਗੁਰੂ ਸਾਹਿਬਾਨ ਨੇ ਆਪ ਨਹੀਂ ਸੀ ਕਰਨੀ) ਪਰਤੱਖ ਰੂਪ ਵਿਚ ਭੱਟਾਂ ਦੇ ਸਵਈਆਂ ਦੁਆਰਾ ਉਜਾਗਰ ਨ ਹੁੰਦੀ। ਗੁਰਦੇਵ ਜੀ ਦੇ ਬਚਨਾਂ ਦੇ ਅਮੋਘ ਬਾਣਾਂ ਦੁਆਰਾ ਉਨ੍ਹਾਂ ਦਾ ਹਿਰਦਾ ਵਿੰਨ੍ਹਿਆ ਗਿਆ, ਨਾਮ ਦੀ ਮਹਿਮਾ ਦੀ ਖੁਸ਼ਬੂ ਤੇ ਸੰਗਤ ਦੇ ਦੀਦਾਰ ਸਦਕੇ ਭੱਟਾਂ ਦੀ ਪਿਆਸੀ ਤੇ ਕੋਰੀ ਆਤਮਾ ਇਲਾਹੀ ਰੰਗ ਨਾਲ ਰੰਗੀਜੀ ਗਈ।

ਸਤਿਗੁਰੂ ਜੀ ਦੀ ਅਮਰ ਸ਼ਹਾਦਤ, ਜਗਤ ਨੇ ਆਪਣੇ ਨੈਣਾਂ ਨਾਲ ਤੱਕੀ; ਜੋ ਕਿਛ ਵਾਪਰਿਆ, ਆਪਣੇ ਕੰਨਾਂ ਨਾਲ ਸੁਣਿਆ। ਹਜ਼ੂਰ ਦਾ ਸਰੀਰਕ ਬਲੀਦਾਨ, ਕੁਵਤਿ-ਬਰਦਾਸ਼ਤ (ਸਹਿਨ-ਸ਼ਕਤੀ) ਤੇ ਅਨਿਕ ਪ੍ਰਕਾਰ ਦੇ ਤਸੀਹਿਆਂ ਵਿਚ ਅਡੋਲ ਅਵਸਥਾ, ਭਾਣਾ ਮਿੱਠਾ ਮੰਨਣ ਦਾ ਅਦੁੱਤੀ ਸਾਕਾ ਸੀ, ਜੋ ਇਤਿਹਾਸ ਵਿਚ ਬੇਮਿਸਾਲ ਘਟਨਾ ਸੀ। ਇਹ ਦ੍ਰਿਸ਼ਟਮਾਨ ਕੁਰਬਾਨੀ, ਆਪਣੇ ਆਪ ਵਿਚ ਸੰਪੂਰਨ ਤੇ ਗਿਆਨ ਇੰਦਰਿਆਂ ਦੀ ਪਹੁੰਚ ਦੇ ਘੇਰੇ ਵਿਚ ਸੀ। ਇਸ ਦੇ ਇਲਾਵਾ ਹਜ਼ੂਰ ਦੀ ਪਰਮ ਆਤਮਾ,ਪਰਮਾਤਮਾ ਵਿਚ ਲੀਨ ਸੀ ਤੇ ਅਦ੍ਰਿਸ਼ਟ ਦੈਵੀ ਗੁਣਾਂ ਨਾਲ ਭਰਪੂਰ ਸੀ। ਆਪ ਜੀ ਨੂੰ ਦੁਖੀਆਂ ਦੇ ਦਰਦ ਵੰਡਾਉਣ ਤੇ ਕਸ਼ਟ ਨਿਵਾਰਨ ਦਾ ਕਿੰਨਾ ਚਾਅ ਸੀ; ਭਲਾਈ ਤੇ ਸੇਵਾ ਕਰਨ ਦਾ ਕਿੰਨਾ ਉਤਸ਼ਾਹ ਸੀ, ਇਸ ਦਾ ਪਤਾ ਉਨ੍ਹਾਂ ਦੇ ਜੀਵਨ-ਕੌਤਕਾਂ ਨੂੰ ਵਾਚ ਕੇ ਹੀ ਲਗਦਾ ਹੈ। ਇਨ੍ਹਾਂ ਤੇ ਹੋਰ ਅਨੇਕ ਗੁਣਾਂ ਨੂੰ ਨੇੜਿਓਂ ਤੱਕ ਕੇ ਹੀ ਸਤਿਗੁਰੂ ਜੀ ਨੂੰ ਗੁਣੀ ਨਿਧਾਨ ਆਖਿਆ ਗਿਆ ਸੀ।

ਜੋਗੀਆਂ, ਸਿੱਧਾਂ, ਉਦਾਸੀਆਂ, ਨਾਥਾਂ ਆਦਿਕ ਨਾਲੋਂ ਗੁਰੂ ਘਰ ਦੀ ਵਿਲੱਖਣਤਾ ਤੇ ਸਰੇਸ਼ਟਤਾ ਦਾ ਇਕ ਵਿਸ਼ੇਸ਼ ਪਹਿਲੂ ਇਹ ਹੈ ਕਿ ਇਹ ਸਾਰੇ ਵਰਗ ਸੰਸਾਰੀ ਜੀਵਨ ਤੋਂ ਅਲੱਗ ਥਲੱਗ ਹੋ ਗਏ; ਇਨ੍ਹਾਂ ਨੇ ਦੁੱਖ ਸੁੱਖ ਨਾਲ ਸਾਂਝ ਹਮੇਸ਼ਾ ਲਈ ਮੁਕਾਅ ਦਿੱਤੀ, ਜਦ ਕਿ ਗੁਰੂ ਕਾ ਸਿੱਖ ਸੰਸਾਰ ਵਿਚ ਵਿਚਰਦਾ ਹੋਇਆ, ਨਾਮ ਜਪਦਾ, ਸੁਕ੍ਰਿਤ ਕਰਦਾ, ਉੱਦਮੀ ਬਣ ਕੇ ਸੇਵ ਕਮਾਉਂਦਾ ਤੇ ਪਰਉਪਕਾਰ ਕਰਦਾ ਹੈ। ਗੁਰਦੇਵ ਜੀ ਦਾ ਸਮੁੱਚਾ ਜੀਵਨ, ਲੋਕ-ਭਲਾਈ ਤੇ ਦੁਖ-ਨਿਵਾਰਨ ਦੀ ਭਾਵਨਾ ਨਾਲ ਸ਼ਿੰਗਾਰਿਆ ਹੋਇਆ ਹੈ। ਇਸ ਦੇ ਨਾਲ ਹੀ ਆਪ ਜੀ ਦੀ ਬਾਣੀ ਨਿਸ਼ਕਾਮ ਸੇਵਾ, ਨਿਮਰਤਾ ਤੇ ਪਰਉਪਕਾਰੀ ਕਾਰਜ ਕਰਨੇ ਦ੍ਰਿੜ੍ਹਾਉਂਦੀ ਹੈ। ਸਤਿਗੁਰੂ ਜੀ ਦਾ ਇਹ ਫੁਰਮਾਨ ਵਿਸ਼ੇਸ਼ ਤੌਰ ਤੇ ਪਰਉਪਕਾਰ ਤੇ ਹੋਰ ਸੰਬੰਧਤ ਆਤਮਕ ਗੁਣਾਂ ਦੀ ਮਹਿਮਾ ਨੂੰ ਵਰਣਨ ਕਰਦਾ ਹੈ—

> ਸਸਤ੍ਰਿ ਤੀਖਣਿ ਕਾਟਿ ਡਾਰਿਓ ਮਨਿ ਨ ਕੀਨੋ ਰੋਸੁ ॥ ਕਾਜੁ ਉਆ ਕੋ ਲੇ ਸਵਾਰਿਓ ਤਿਲੁ ਨ ਦੀਨੋ ਦੋਸੁ ॥੧॥ ਮਨ ਮੇਰੇ ਰਾਮ ਰਉ ਨਿਤ ਨੀਤਿ ॥ ਦਇਆਲ ਦੇਵ ਕ੍ਰਿਪਾਲ ਗੋਬਿੰਦ ਸੁਨਿ ਸੰਤਨਾ ਕੀ ਰੀਤਿ ॥੧॥ਰਹਾਉ॥ ਚਰਣ ਤਲੈ ਉਗਾਹਿ ਬੈਸਿਓ ਸ੍ਰਮੁ ਨ ਰਹਿਓ ਸਰੀਰ ॥ ਮਹਾ ਸਾਗਰੁ ਨਹ ਵਿਆਪੈ ਖਿਨਹਿ ਉਤਰਿਓ ਤੀਰਿ ॥੨॥ ਚੰਦਨ ਅਗਰ ਕਪੂਰ ਲੇਪਨ ਤਿਸੁ ਸੰਗੇ ਨਹੀ ਪ੍ਰੀਤਿ ॥ ਬਿਸਟਾ ਮੂਤ੍ਰ ਖੋਦਿ ਤਿਲੁ ਤਿਲੁ ਮਨਿ ਨ ਮਨੀ ਬਿਪਰੀਤਿ ॥੩॥ ਊਚ ਨੀਚ



www.AKJ.Org

... ਸੂਰ ਛਤ੍ਰ ॥ ਮਿਤ੍ਰ ਸਤ੍ਰ ਨ ਕਛੂ ਜਾਨੈ ਸਰਬ ਜੀਅ ਸਮਤ ॥੪॥ ਕਰਿ ਪ੍ਰਗਾਸੁ ਪ੍ਰਚੰਡ ਪ੍ਰਗਟਿਓ ਅੰਧਕਾਰ ਬਿਨਾਸ ॥ ਪਵਿਤ੍ਰ ਅਪਵਿਤ੍ਰਹ ਕਿਰਣ ਲਾਗੇ ਮਨਿ ਨ ਭਇਓ ਬਿਖਾਦੁ ॥੫॥ ਸੀਤ ਮੰਦ ਸੁਗੰਧ ਚਲਿਓ ਸਰਬ ਥਾਨ ਸਮਾਨ ॥ ਜਹਾ ਸਾ ਕਿਛੁ ਤਹਾ ਲਾਗਿਓ ਤਿਲੁ ਨ ਸੰਕਾ ਮਾਨ ॥੬॥ ਸੁਭਾਇ ਅਭਾਇ ਜੁ ਨਿਕਟਿ ਆਵੈ ਸੀਤੁ ਤਾ ਕਾ ਜਾਇ ॥ ਆਪ ਪਰ ਕਾ ਕਛੁ ਨ ਜਾਣੈ ਸਦਾ ਸਹਜਿ ਸੁਭਾਇ ॥੭॥ ਚਰਣ ਸਰਣ ਸਨਾਥ ਇਹੁ ਮਨੁ ਰੰਗਿ ਰਾਤੇ ਲਾਲ ॥ ਗੋਪਾਲ ਗੁਣ ਨਿਤ ਗਾਉ ਨਾਨਕ ਭਏ ਪ੍ਰਭ ਕਿਰਪਾਲ ॥੮॥੩॥

(ਮਾਰੂ ਮ: ੫, ਪੰਨਾ ੧੦੧੭-੧੮)

ਪਰਉਪਕਾਰ ਤੋਂ ਭਾਵ ਹੈ ਦੂਸਰੇ ਦਾ ਭਲਾ ਕਰਨਾ, ਚਾਹੇ ਉਹ ਇਨਸਾਨ ਹੋਵੇ ਜਾਂ ਪਸ਼ੂ ਪੰਖੀ। ਭਲਾ ਚਿਤਵਣਾ, ਭਲਾ ਬੋਲਣਾ, ਭਲਾ ਕਰਨਾ, ਇਹ ਸਾਰੇ ਇਸ ਦੇ ਅੰਗ ਹਨ। ਅਉਗੁਣ ਮਿਟਾਉਣੇ, ਦੋਸ਼ ਦੂਰ ਕਰਨੇ, ਸੱਚ ਦਾ ਉਪਦੇਸ਼ ਦੇਣਾ, ਟੁੱਟਿਆਂ ਨੂੰ ਜੋੜਨਾ, ਸਿੱਧੇ ਮਾਰਗ ਪਾਉਣਾ, ਬੁਰਿਆਂ ਨੂੰ ਭਲੇ ਕਰਨਾ, ਪਸ਼ੂ-ਬਿਰਤੀਆਂ ਨੂੰ ਦੇਵਤੇ ਬਣਾਉਣਾ, ਇਕ ਉੱਤਮ ਪਰਉਪਕਾਰੀ ਦੇ ਲੱਛਣ ਹਨ। ਨਿਸਕਾਮ ਬਿਰਤੀ ਇਸ ਦੀ ਕਸੌਟੀ ਹੈ। ਇਸ ਵਿਚ ਸਦਾ ਦੇਣਾ ਹੀ ਦੇਣਾ ਹੈ, ਲੈਣਾ ਕੁੱਝ ਨਹੀਂ। ਪਰ ਅਜਿਹਾ ਪਰਉਪਕਾਰੀ ਜੀਵ ਵਿਰਲਾ ਹੁੰਦਾ ਹੈ, ਅਤੇ ਤਨ, ਮਨ, ਧਨ ਸਭ ਕਿਛ ਕੁਰਬਾਨ ਕਰਨ ਦੀ ਨੌਬਤ ਆ ਜਾਵੇ ਤਾਂ ਦੁਬਿਧਾ ਵਿਚ ਨਹੀਂ ਫੱਸਦਾ, ਸਗੋਂ ਉਹ ਪਰਉਪਕਾਰੀ ਗੁਣਾਂ ਕਰਕੇ ਖਿੜਦਾ ਹੈ, ਵਿਗਸਦਾ ਹੈ।

ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥੪॥੮॥ (ਸੁਖਮਨੀ ਸਾਹਿਬ)

ਹਜ਼ੂਰ ਨੇ ਦੁਖੀਆਂ ਦਾ ਦਰਦ ਅਮਲੀ ਤੌਰ ਤੇ ਵੰਡਾਇਆ। ਔੜ ਦੇ ਸਮੇਂ ਖੂਹ ਲਗਵਾਏ। ਛਿਹਰਟਾ ਸਾਹਿਬ ਅਸਥਾਨ ਦੇ ਸੁੱਤੇ ਭਾਗ ਜਾਗੇ। ਰੋਗੀਆਂ ਦੇ ਰੋਗ ਨਿਵਾਰੇ, ਆਪਣੇ ਹੱਥੀਂ ਸੇਵਾ ਕੀਤੀ। ਬਿਧੀ ਚੰਦ ਵਰਗੇ ਕੁਰਾਹੇ ਪਏ ਹੋਏ ਅਨੇਕਾਂ ਭੁੱਲੜ ਜੀਵ ਆਪ ਜੀ ਦੀ ਚਰਨ-ਛੁਹ ਸਦਕਾ ਸੰਤ-ਸਿਪਾਹੀ ਬਣੇ। ਹਜ਼ੂਰ ਨੇ ਨਿਰਬਲ ਮਨਾਂ ਨੂੰ ਸ਼ਕਤੀ ਪਰਦਾਨ ਕੀਤੀ ਤੇ ਮਲੀਨ ਆਤਮਾਵਾਂ ਨੂੰ ਨਿਰਮਲ, ਕੁੰਦਨ ਬਣਾ ਕੇ ਸਰਬੱਤ ਦਾ ਭਲਾ ਕਰਨ ਦੀ ਜਾਚ ਸਿਖਾਈ। ਨਿਗੁਰਿਆਂ ਨੂੰ ਗੁਰੂ ਵਾਲੇ ਤੇ ਨਾਸਤਕਾਂ ਨੂੰ ਰੱਬ ਦੀ ਹੋਂਦ ਵਿਚ ਵਿਸ਼ਵਾਸ ਰੱਖਣ ਵਾਲੇ ਬਣਾਇਆ। ਸਤਿਗੁਰੂ ਦਾ ਮਹਾਨ ਪਰਉਪਕਾਰ, ਸੰਸਾਰ-ਸਮੁੰਦਰ ਤੋਂ ਪਾਰ ਉਤਾਰਨ ਵਾਲਾ ਬੋਹਿਥ–ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਹੈ, ਜਿਸ ਦੀ ਅਧਿਆਤਮਕ ਵਿਲੱਖਣਤਾ ਭਵਿੱਖ ਵਿਚ ਵੀ ਅਣਛੁਹੀ ਰਹੇਗੀ।

ਉੱਪਰ ਲਿਖੇ ਗੁਰ-ਫ਼ੁਰਮਾਨ ਵਿਚ 'ਰਹਾਉ' ਦੀ ਤੁਕ ਕੇਂਦਰੀ ਬਿੰਦੂ ਹੈ, ਜਿਸ ਦੇ ਚੌਗਿਰਦੇ ਸੰਤ ਜਨ ਬ੍ਰਹਮ ਗਿਆਨੀ ਦੀ ਜੀਵਨ-ਜੁਗਤੀ ਤੇ ਰਹਿਤ ਬਹਿਤ ਦੇ ਵਿਸਥਾਰ ਦੀ ਉਸਾਰੀ ਕੀਤੀ ਗਈ ਹੈ। ਇਹ ਜੀਵਨ-ਜੁਗਤੀ ਵਿਸ਼ੇਸ਼ ਤੌਰ ਤੇ ਪੰਜਾਂ ਤੱਤਾਂ ਦੇ ਗੁਣਾਂ ਨਾਲ ਸੰਬੰਧਤ ਹੈ। ਹਜ਼ੂਰ ਦੇ ਸੰਕੇਤਕ ਹਵਾਲੇ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਫ਼ੁਰਮਾਨ ਸਪੱਸ਼ਟ ਰੂਪ ਵਿਚ ਪੇਸ਼ ਕਰਦਾ ਹੈ–

ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ ॥
ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮਹਿ ਮਾਨਿ ॥੧੧॥

(ਸਲੋਕ ਮਹਲਾ ੯-੧੪੨੬)

ਅਰਥਾਤ, ਸਰੀਰ ਦੀ ਬਨਾਵਟ ਪੰਜਾਂ ਤੱਤਾਂ ਦੁਆਰਾ ਹੋਈ ਹੈ ਤੇ ਅੰਤਮ ਸਮੇਂ ਜਦ ਹੰਸ ਕਾਇਆਂ ਦਾ ਵਿਛੋੜਾ ਹੁੰਦਾ ਹੈ ਤਾਂ ਉਹ ਤੱਤ ਜਿਥੋਂ ਉਪਜਦੇ ਹਨ ਉਥੇ ਹੀ ਸਮਾਅ ਜਾਂਦੇ ਹਨ। ਅਕਾਲ ਪੁਰਖ ਦੇ ਚਰਨਾਂ ਨਾਲ ਜੁੜਨ ਲਈ ਜਿਹੜੇ ਗੁਣਾਂ ਦਾ ਧਾਰਨੀ ਹੋਣਾ ਲੋੜੀਦਾ ਹੈ, ਉਨ੍ਹਾਂ ਵਿਚ ਪੰਜਾਂ ਤੱਤਾਂ ਦੇ ਗੁਣ ਵੀ ਸ਼ਾਮਲ ਹਨ। ਭਗਤ ਕਬੀਰ ਜੀ ਦਾ ਗਉੜੀ ਰਾਗ ਵਿਚ ਫ਼ੁਰਮਾਨ ਹੈ–

ਅਪੁ ਤੇਜੁ ਬਾਇ ਪ੍ਰਿਥਮੀ ਆਕਾਸਾ ॥ ਐਸੀ ਰਹਤ ਰਹਉ ਹਰਿ ਪਾਸਾ ॥



www.AKJ.Org

ਕਹੈ ਕਬੀਰ ਨਿਰੰਜਨ ਧਿਆਵਉ ॥ ਤਿਤੁ ਘਰਿ ਜਾਉ ਜਿ ਬਹੁਰਿ ਨ ਆਵਉ ॥੪॥੧੮॥ (੩੨੭)

ਇਨ੍ਹਾਂ ਪੰਜਾਂ ਤੱਤਾਂ ਦੇ ਸਾਧਾਰਨ ਗੁਣ (Properties) ਭੀ ਹਨ ਤੇ ਅਧਿਆਤਮਕ ਗੁਣ (Divine Qualities) ਭੀ ਹਨ ।

ਜਲ–ਧੋਣਾ, ਸ਼ੁੱਧ ਕਰਨਾ, ਸ਼ਾਂਤ ਕਰਨਾ, ਪਿਆਸ ਬੁਝਾਉਣੀ ।

ਅਗਨੀ–ਮੈਲ ਸਾੜਨੀ, ਸਰਦੀ-ਪਾਲੇ ਨੂੰ ਦੂਰ ਕਰਨਾ, ਪਾਪਾਂ ਨੂੰ ਸਾੜਨਾ ।

ਧਰਤੀ–ਪਾਲਣਾ ਪੋਸਣਾ, ਨਿਵਾਸ ਦੇਣਾ, ਨਿਮਰਤਾ ਤੇ ਧੀਰਜ ਦਾ ਸਰੂਪ ਹੋਣਾ ।

ਹਵਾ–ਸਮਾਨ ਸਪਰਸ਼ ਕਰਨਾ, ਸਮਾਨ ਜੀਵਨ ਦੇਣਾ, ਕੋਈ ਵਿਤਕਰਾ ਨਾ ਕਰਨਾ, ਸਭ ਨਾਲ ਇਕੋ ਜਿਹਾ ਵਰਤਾਵ ਕਰਨਾ ।

ਆਕਾਸ਼–ਅਸੰਗ ਰਹਿਣਾ, ਗਿਆਨ ਦਾ ਪ੍ਰਕਾਸ਼ ਹੋਣਾ, ਵਿਸ਼ਿਆਂ ਦੀ ਖਿੱਚ ਤੋਂ ਨਿਰਲੇਪ ਰਹਿਣਾ ।

ਪੰਜਾਂ ਤੱਤਾਂ ਦੇ ਅਧਿਆਤਮਿਕ ਗੁਣਾਂ ਨੂੰ ਪੰਚਮ ਸਤਿਗੁਰੂ ਜੀ ਨੇ ਸ੍ਰੀ ਸੁਖਮਨੀ ਸਾਹਿਬ ਵਿਚ ਨਿਰੂਪਣ ਕੀਤਾ ਹੈ, ਜਿਨ੍ਹਾਂ ਨੂੰ ਉਨ੍ਹਾਂ ਨੇ ਆਪਣੇ ਜੀਵਨ-ਕਾਲ ਵਿਚ ਸਾਕਾਰ ਕਰ ਵਿਖਾਇਆ ਹੈ ।

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਬ੍ਰਹਮ ਗਿਆਨ ਦੀ ਉੱਚ ਅਵਸਥਾ, ਪਰਉਪਕਾਰ ਤੇ ਨਿਸ਼ਕਾਮ ਕਰਮ ਧਰਮ, ਆਤਮ-ਸਮਰਪਨ ਤੇ ਕੁਰਬਾਨੀ ਦੇ ਜਜ਼ਬਾਤ ਨੂੰ ਜੇ ਉਪਰੋਕਤ ਵਰਣਨ ਕੀਤੇ ਉਨ੍ਹਾਂ ਦੇ ਮਹਾਂ ਵਾਕ ਦੀ ਰੌਸ਼ਨੀ ਅੰਦਰ ਤੱਕੀਏ ਤਾਂ ਹਜ਼ੂਰ ਦੇ ਦੈਵੀ ਗੁਣਾਂ ਦੀ ਆਭਾ ਅਲੌਕਿਕ ਸਰੂਪ ਵਿਚ ਚਮਕਦੀ ਦਮਕਦੀ ਦਿਖਾਈ ਦਿੰਦੀ ਹੈ ।

ਜੀਵ ਤਿੱਖੇ ਹਥਿਆਰਾਂ ਦੁਆਰਾ ਬ੍ਰਿਛ ਛਾਂਗਦਾ ਹੈ, ਕੱਟਦਾ ਹੈ, ਪਰ ਉਹ ਬ੍ਰਿਛ ਮਨ ਵਿਚ ਗੁੱਸਾ ਨਹੀਂ ਲਿਆਂਦਾ, ਨਾ ਹੀ ਕੋਈ ਗਿਲਾ ਕਰਦਾ ਹੈ, ਸਗੋਂ ਆਪਣੀ ਲਕੜੀ, ਫਲ ਤੇ ਪੱਤਿਆਂ ਦੁਆਰਾ ਅਨੇਕ ਕਾਰਜ ਸੁਆਰਦਾ ਹੈ । ਗੁਰਦੇਵ ਜੀ ਠੰਢੀ ਛਾਂ ਦੇ ਕੇ ਤਪਸ਼ ਮਿਟਾਉਣ ਵਾਲੇ ਤੇ ਖੁਨਕ ਨਾਮ ਖੁਦਾਇਆ ਬਖਸ਼ ਕੇ ਹਿਰਦੇ ਦੀ ਗਰਮੀ ਦੂਰ ਕਰਨ ਵਾਲੇ ਮਹਾਂ ਕਲਪ-ਬ੍ਰਿਛ ਸਮਾਨ ਹਨ । ਵੱਡੇ ਭਰਾਤਾ ਪ੍ਰਿਥੀ ਚੰਦ ਨੇ ਦਰਸ਼ਨ ਕਰਨ ਆਉਂਦੀਆਂ ਸੰਗਤਾਂ ਤੋਂ ਰਾਸ਼ਨ ਅਤੇ ਚੜ੍ਹਤ ਆਦਿ ਸਭ ਕੁਝ ਵਸੂਲ ਕਰ ਕੇ ਗੁਰ ਨਾਨਕ ਦੇ ਲੰਗਰ ਨੂੰ ਮਸਤਾਨਾ ਬਣਾਉਣ ਦੀਆਂ ਕੁਹਜੀਆਂ ਕਰਤੂਤਾਂ ਕੀਤੀਆਂ; ਦਾਈ, ਬ੍ਰਾਹਮਣ, ਸਪੇਰੇ ਆਦਿ ਨੂੰ ਗੁਰੂ ਕੀ ਵਡਾਲੀ ਭੇਜ ਕੇ ਬਾਲ ਸਰੂਪ ਗੁਰੂ ਹਰਿ ਗੋਬਿੰਦ ਜੀ 'ਤੇ ਅਨੇਕਾਂ ਵਾਰ ਕੀਤੇ; ਜਹਾਂਗੀਰ ਨੇ ਕਹਿਰ ਭਰੇ ਸਰੀਰਕ ਕਸ਼ਟ ਦਿੱਤੇ, ਪਰ ਹਜ਼ੂਰ ਨੇ ਕੋਈ ਸ਼ਿਕਵੇ ਭਰਿਆ ਬਚਨ ਨਹੀਂ ਉਚਾਰਿਆ, ਕੋਈ ਉਲਾਹਨੇ ਨ ਦਿੱਤਾ ਤੇ ਸ਼ਾਂਤੀ ਦੇ ਸਾਗਰ ਸਤਿਗੁਰੂ ਨੇ ਪ੍ਰਭੂ ਦੀ ਰਜ਼ਾ ਨੂੰ ਮਿੱਠਾ ਕਰ ਕੇ ਮੰਨਿਆ ।

ਇਕ ਸਾਧਾਰਨ ਬੇੜੀ ਵਿਚ ਥੱਕੇ ਟੁੱਟੇ ਮੁਸਾਫ਼ਰ, ਆਪਣੇ ਪੈਰ ਰੱਖ ਕੇ ਬਹਿੰਦੇ ਹਨ ਤੇ ਥਕਾਵਟ ਦੂਰ ਕਰਦੇ ਹਨ, ਪਰ ਬੇੜੀ ਆਪਣਾ ਕਰਤੱਵ ਨਹੀਂ ਤਿਆਗਦੀ, ਉਸ ਨੇ ਤਾਂ ਹਰੇਕ ਯਾਤਰੂ ਨੂੰ ਦਰਿਆ ਤੋਂ ਪਾਰ ਕਰਨਾ ਹੈ । ਸਤਿਗੁਰੂ ਤਾਂ ਮਹਾਨ ਬੋਹਿਥ ਹਨ, ਤੇ ਜਿਹੜਾ ਜੀਵ ਸ਼ਰਨੀ ਆਉਂਦਾ ਹੈ, ਉਸ ਨੂੰ ਵਿਸ਼ੇ ਵਿਕਾਰਾਂ ਦੀਆਂ ਲਹਿਰਾਂ ਨਾਲ ਭਰੇ ਭਵਜਲ-ਸੰਸਾਰ ਤੋਂ ਮੁਕਤ ਕਰਾਉਣ ਦਾ ਫ਼ਰਜ਼ ਪੂਰਾ ਕਰਦੇ ਹਨ । ਇਤਿਹਾਸ ਗਵਾਹ ਹੈ ਕਿ ਇਕ ਨਹੀਂ, ਅਨਗਿਣਤ ਪਤਿਤ, ਚੋਰ ਡਾਕੂ ਲੁਟੇਰੇ, ਨੀਚ ਬਿਰਤੀ ਵਾਲੇ ਜ਼ਾਲਮ ਹੱਤਿਆਰੇ, ਕੁਰਾਹੇ ਪਏ ਨਾਸਤਕ, ਦੇਵੀ ਦੇਵਤਿਆਂ ਤੇ ਸਰਵਰੀਆਂ ਦੇ ਚੰਗਲ ਵਿਚ ਫਸੇ ਹੋਏ ਜਦ ਗੁਰ ਨਾਨਕ ਘਰ ਦੇ ਸਪਰਸ਼ ਵਿਚ ਆਏ ਤਾਂ ਪਾਪਾਂ ਦੇ ਪਹਾੜ ਚੂਰ ਚੂਰ ਹੋ ਕੇ ਵਹਿ ਤੁਰੇ, ਪਾਖੰਡ ਦੇ ਭਰਮ-ਗੜ੍ਹ ਟੁੱਟ ਗਏ ਤੇ ਅਗਿਆਨਤਾ ਦੇ ਹਨੇਰੇ ਕਾਫ਼ੂਰ ਹੋ ਗਏ । ਹਜ਼ੂਰ ਨੇ ਭੇਦ-ਭਾਵ ਤੋਂ ਉੱਚਾ ਉੱਠ ਕੇ ਸਭ ਨੂੰ ਗਲੇ ਲਗਾਇਆ, ਸੱਚੇ ਮਾਰਗਿ ਪਾਇਆ ਤੇ ਜਨਮ ਮਰਨ ਦਾ ਪੰਧ ਮੁਕਾਇਆ ।

ਗੁਰਦੇਵ ਜੀ ਦਾ ਆਪਣਾ ਹਿਰਦਾ, ਜਲ ਵਾਂਗ ਸ੍ਵੱਛ, ਨਿਰਮਲ ਤੇ ਪਾਵਨ ਸੀ–

ਬ੍ਰਹਮ ਗਿਆਨੀ ਨਿਰਮਲ ਤੇ ਨਿਰਮਲਾ ॥ ਜੈਸੇ ਮੈਲੁ ਨ ਲਾਗੈ ਜਲਾ ॥੨॥੮॥ (ਸੁਖਮਨੀ ਸਾਹਿਬ)



www.AKJ.Org

ਜਲ ਦਾ ਵਾਸਤਵਕ ਸਰੂਪ ਸਦਾ ਹੀ ਮਲ-ਰਹਿਤ ਹੁੰਦਾਹੈ ਤੇ ਦੂਜਿਆਂ ਦੀ ਕਾਲਖ ਜਾਂ ਮੈਲ ਦੂਰ ਕਰਨ ਦੇ ਸਮਰੱਥ ਹੁੰਦਾ ਹੈ। ਗੁਰਬਾਣੀ ਵਿਚ ਇਸ ਦੀ ਵਰਤੋਂ ਕਈ ਥਾਈਂ ਅੰਮ੍ਰਿਤ-ਜਲ ਦੇ ਰੂਪ ਵਿਚ ਮਿਲਦੀ ਹੈ।

ਹਜ਼ੂਰ ਸੰਗੀਤਕਾਰ, ਸ਼੍ਰੋਮਣੀ ਗੁਰਮਤਿ ਕਵੀ, ਫ਼ਿਲਾਸਫ਼ਰ, ਕਲਾਕਾਰ, ਧਾਰਮਕ ਆਗੂ ਤੇ ਹੋਰ ਬੇਅੰਤ ਗੁਣਾਂ ਵਿਚ ਨਿਪੁੰਨ ਸਨ। ਪਰ ਜਿਹੜਾ ਅਟੱਲ ਆਸਣ, ਸ਼ਹਾਦਤ ਤੇ ਸਹਿਨ-ਸ਼ਕਤੀ ਨੇ ਪਰਦਾਨ ਕੀਤਾ ਉਹ ਆਪਣੇ ਆਪ ਵਿਚ ਬੇਜੋੜ ਕਾਰਨਾਮਾ ਹੈ। ਕਿੱਥੇ ਸੰਗਤਾਂ ਤੇ ਸਮੂਹ ਸ਼ਕਤੀਆਂ ਦਾ ਸੇਵਾ ਲਈ ਤੱਤਪਰ ਰਹਿਣਾ ਅਤੇ ਕਿੱਥੇ ਗਰਮ ਤਵੀ ਤੇ ਆਸਣ ਲਾ ਕੇ ਬਹਿਣਾ। ਕਿੱਥੇ ਗੱਦੀ ਤੇ ਬਿਰਾਜਮਾਨ ਹੋ ਕੇ ਆਤਮਕ ਸੁੱਖਾਂ ਦਾ ਭੋਗਣਾ ਤੇ ਵੰਡਣਾ ਅਤੇ ਕਿੱਥੇ ਨਰਮ ਮਲੂਕ ਨੰਗੇ ਪਿੰਡੇ 'ਤੇ ਗਰਮ ਰੇਤੇ ਤੇ ਉਬਲਦੇ ਪਾਣੀ ਦੀ ਬਾਰਸ਼ ਹੋਣੀ। ਜੀਵਨ ਦੇ ਹਾਲਾਤ ਬਦਲਦੇ ਰਹੇ, ਪਰ ਹਜ਼ੂਰ ਦਾ ਮਨ ਕਦੇ ਨ ਬਦਲਿਆ, ਤਨ ਕਦੇ ਨਾ ਥਿੜਕਿਆ। ਕਿਸੇ ਵੀ ਕਿਸਮ ਦੀ ਕਮਜ਼ੋਰੀ, ਬੇਚੈਨੀ, ਡਰ, ਤੌਖਲਾ ਤੇ ਚਿੰਤਾ ਦੀ ਭਾਵਨਾ ਨੂੰ ਹਜ਼ੂਰ ਦੇ ਰਿਦੇ ਵਿਚ ਥਾਂ ਨਾ ਮਿਲੀ ਤੇ ਦਾਤਾਰ ਪਿਤਾ ਕੰਵਲ ਵਾਂਗ ਨਿਰਲੇਪ ਤੇ ਖੇੜੇ ਵਿਚ, ਅਤੇ ਸਾਗਰ ਵਾਂਗ ਗੰਭੀਰ ਤੇ ਪਰਬਤ ਵਾਂਗ ਅਡੋਲ ਰਹੇ—

ਬ੍ਰਹਮ ਗਿਆਨੀ ਸਦਾ ਨਿਰਲੇਪ ॥ ਜੈਸੇ ਜਲ ਮਹਿ ਕਮਲ ਅਲੇਪ ॥੧॥੮॥ (ਸੁਖਮਨੀ ਸਾਹਿਬ)

ਧਰਤੀ ਮਾਤਾ ਸਭਨਾਂ ਲਈ ਇਕ-ਸਮਾਨ ਹੈ, ਜਿਸ ਦੇ ਉਦਰ ਵਿਚੋਂ ਅਨਿਕ ਪਦਾਰਥਾਂ ਦੀ ਉਤਪਤੀ ਹੁੰਦੀ ਹੈ ਤੇ ਸਾਰੇ ਜਗਤ ਦੀ ਪਾਲਣਾ ਕਰਦੀ ਹੈ। ਇਸ ਦੀ ਸਹਿਨ-ਸ਼ਕਤੀ ਦਾ ਕੋਈ ਜਵਾਬ ਨਹੀਂ। ਕੋਈ ਖ਼ੁਸ਼ਬੂਦਾਰ ਚੀਜ਼ਾਂ ਦੀ ਸੁਗੰਧ ਖਿਲਾਰੇ, ਕੋਈ ਬਸੋਲੇ ਜਾਂ ਹਲ ਨਾਲ ਖੋਦੇ, ਕੋਈ ਚੰਦਨ ਦਾ ਲੇਪਨ ਕਰੇ ਜਾਂ ਮਲ ਮੂਤਰ ਦੁਆਰਾ ਦੁਰਗੰਧਤ ਕਰੇ, ਉਹ ਆਪਣੇ ਧੀਰਜ ਨੂੰ ਨਹੀਂ ਗਵਾਉਂਦੀ। ਇਹ ਪੂਰਨ ਤੌਰ ਤੇ ਬ੍ਰਹਮ ਗਿਆਨੀ ਦੀ ਅਵਸਥਾ ਦਾ ਚਿਤਰ ਹੈ—

ਬ੍ਰਹਮ ਗਿਆਨੀ ਕੈ ਧੀਰਜੁ ਏਕ ॥
ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ ॥੧॥੮॥ (ਸੁਖਮਨੀ ਸਾਹਿਬ)

ਦਾਤਾਰ ਪਿਤਾ ਜੀ ਆਕਾਸ਼ ਵਾਂਗਰ ਸੰਸਾਰ ਦੀ ਖਿੱਚ ਤੋਂ ਨਿਰਲੇਪ ਤੇ ਸਗਲ ਬ੍ਰਹਿਮੰਡ ਲਈ ਸੁੱਖਾਂ ਦਾ ਛੱਤਰ ਹਨ। ਰੌਸ਼ਨ ਦਿਮਾਗ ਤੇ ਪਰਮ ਜੋਤਿ ਦੇ ਸਰੂਪ ਪੰਚਮ ਪਾਤਸ਼ਾਹ ਦੀ ਦ੍ਰਿਸ਼ਟੀ ਵਿਚ ਸਾਰੀ ਮਖ਼ਲੂਕਾਤ, ਕੇਵਲ 'ਇਕ' ਦਾ ਪਾਸਾਰਾ ਹੈ ਤੇ 'ਇਕ' ਦਾ ਰੂਪ ਹੈ। ਏਕਤਾ ਤੇ ਅਨੇਕਤਾ ਵਿਚ ਕੋਈ ਅੰਤਰ ਪ੍ਰਤੀਤ ਨਹੀਂ ਹੁੰਦਾ। ਊਚ ਨੀਚ, ਆਪਣਾ ਬੇਗਾਨਾ, ਸਤ੍ਰ ਮਿਤ੍ਰ ਕੋਈ ਨਹੀਂ ਹੈ—

ਬ੍ਰਹਮ ਗਿਆਨੀ ਕੈ ਮਨਿ ਹੋਇ ਪ੍ਰਗਾਸੁ ॥
ਜੈਸੇ ਧਰ ਊਪਰਿ ਆਕਾਸੁ ॥੨॥੮॥ (ਸੁਖਮਨੀ ਸਾਹਿਬ)

ਇਸ ਦਿਸਦੇ ਬ੍ਰਹਮੰਡ ਵਿਚ ਸੂਰਜ ਦੀਆਂ ਕਿਰਨਾਂ ਦੇਵ ਤੇ ਦਾਨਵੀ ਹਿਰਦਿਆਂ ਲਈ ਇਕ-ਸਮਾਨ ਰੌਸ਼ਨੀ ਖਿਲਾਰਦੀਆਂ ਹਨ ਤੇ ਅੰਧਕਾਰ ਦਾ ਨਾਸ ਕਰਦੀਆਂ ਹਨ। ਗੁਰਦੇਵ ਜੀ, ਸੂਰਜਾਂ ਦੇ ਸੂਰਜ, ਪਵਿੱਤਰਤਾ ਦੀ ਮੂਰਤਿ, ਸਮੂਹ ਸ਼ਕਤੀਆਂ ਦੇ ਸੋਮੇ, ਗਿਆਨ ਤੇ ਵਿਵੇਕ ਦੇ ਭੰਡਾਰ, ਭਰਮ ਅਗਿਆਨ ਨਾਸ਼ਕ, ਆਪਣੇ ਆਤਮਕ ਉਪਦੇਸ਼ ਦੁਆਰਾ ਸਭ ਵਰਗਾਂ ਦੇ ਪਾਪਾਂ ਦੇ ਅੰਬਾਰ ਸਾੜ ਕੇ ਭਸਮ ਕਰਦੇ ਹਨ—

ਬ੍ਰਹਮ ਗਿਆਨੀ ਸਦਾ ਨਿਰਦੋਖ ॥
ਜੈਸੇ ਸੂਰੁ ਸਰਬ ਕਉ ਸੋਖ ॥੧॥੮॥ (ਸੁਖਮਨੀ ਸਾਹਿਬ)

ਪਉਣ ਦੇ ਗੁਣ ਬਾਰੇ ਗੁਰਦੇਵ ਜੀ ਦਾ ਹੁਕਮ ਹੈ ਕਿ ਸੀਤਲ ਸੁਗੰਧਿਤ ਵਾਯੂ ਹਰੇਕ ਸਥਾਨ ਤੇ ਸਮਾਨ ਚੱਲਦੀ ਹੈ ਤੇ ਬਿਨਾਂ ਸ਼ੰਕੇ ਜਾਂ ਭੇਦ-ਭਾਵ ਦੇ, ਨਿਰਪੱਖ ਹੋਇ ਕੇ ਵਿਚਰਦੀ ਹੈ। ਇਸੇ ਤਰ੍ਹਾਂ ਬ੍ਰਹਮ ਗਿਆਨੀ ਤੋਂ ਸੁਪਨੇ ਵਿਚ ਵੀ ਕੋਈ ਬੁਰਾ ਕੰਮ ਨਹੀਂ ਹੁੰਦਾ। ਉਸ ਦੀ ਮਇਆ (ਬਖਸ਼ਸ਼) ਸਭ ਧਰਮਾਂ ਜਾਂ ਜਾਤੀਆਂ ਤੇ ਸਮਾਨ ਹੈ। ਉਸ ਦੀ ਦ੍ਰਿਸ਼ਟੀ ਤੋਂ ਸਦਾ ਅੰਮ੍ਰਿਤ ਦੇ ਝਰਨੇ ਵਹਿੰਦੇ ਹਨ, ਉਸ ਵਿਚ ਬਾਦਸ਼ਾਹ ਜਾਂ ਫਕੀਰ ਦਾ


www.AKJ.Org

ਵਿਤਕਰਾ ਨਹੀਂ ਹੁੰਦਾ—

ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ ॥
ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ ॥੧॥੮॥ (ਸੁਖਮਨੀ ਸਾਹਿਬ)

ਅੰਤ ਵਿਚ ਅਗਨੀ ਦੇ ਗੁਣ ਦੇ ਵਿਲੱਖਣ ਸਰੂਪ ਨੂੰ ਪ੍ਰਕਾਸ਼ਮਾਨ ਕੀਤਾ ਹੈ। ਸਿਆਲ ਦੇ ਦਿਨਾਂ ਵਿਚ ਇਸ ਦੀ ਅਧਿਕ ਲੋੜ ਹੋਣ ਕਾਰਨ ਇਸ ਦੀ ਅਹਿਮੀਅਤ ਵੱਧ ਜਾਂਦੀ ਹੈ। ਕੋਈ ਕਿਸੇ ਵੀ ਭਾਵਨਾ ਨਾਲ ਇਸ ਦੇ ਨਿਕਟ ਆਵੇ, ਅਗਨੀ ਦਾ ਕੁਦਰਤੀ ਸੁਭਾਉ ਹੈ ਕਿ ਉਹ ਪਾਲੇ ਜਾਂ ਸਰਦੀ ਨੂੰ ਦੂਰ ਕਰਦੀ ਹੈ।

ਗੁਰਮਤਿ ਨਾਮ ਸਰਬ-ਪੱਖੀ ਤੇ ਸੰਪੂਰਨ ਔਸ਼ਧੀ ਹੈ। ਰੋਗੀ ਦੇ ਰੋਗ ਅਨੁਸਾਰ ਕਦੇ ਤਪਸ਼ ਨੂੰ ਮਿਟਾਉਣ ਲਈ ਤੇ ਕਦੇ ਪਾਲੇ ਨੂੰ ਦੂਰ ਕਰਨ ਲਈ ਅਕਸੀਰ ਮੰਨੀ ਗਈ ਹੈ। ਨਾਮ ਤੋਂ ਘੁੱਥੇ ਪ੍ਰਾਣੀਆਂ ਨੂੰ ਜਦ ਆਤਮਕ ਸੱਤਾ ਦੀ ਘਾਟ ਆਪਣਾ ਪ੍ਰਭਾਵ ਦਿਖਾਉਂਦੀ ਹੈ ਤਾਂ ਉਸ ਦੀ ਆਤਮਾ 'ਤੇ ਸੱਤ-ਹੀਨਤਾ, ਨਿਰਬਲਤਾ ਤੇ ਖੁਸ਼ਕੀ ਛਾ ਜਾਂਦੀ ਹੈ। ਗੁਰੂ ਅਰਜਨ ਦੇਵ ਜੀ ਦੇ ਸਮੇਂ ਤੱਕ ਹਿੰਦੂ ਜਾਤੀ ਸਮੁੱਚੇ ਤੌਰ ਤੇ ਅਜਿਹੇ ਮਾਨਸਕ ਰੋਗਾਂ ਵਿਚ ਗ੍ਰਸੀ ਹੋਈ ਸੀ। ਜੇ ਕੋਈ ਕਹੇ ਕਿ ਇਹ ਜਾਤੀ ਉਸ ਕਾਲ ਵਿਚ ਪ੍ਰਸੰਨਤਾ ਤੇ ਚੜ੍ਹਦੀਆਂ ਕਲਾਂ ਵਿਚ ਰਹਿੰਦੀ ਸੀ—ਕਤਈ ਅਸੰਭਵ ਹੈ। ਜਿਥੇ ਨਿਰਭਉ ਨਿਰੰਕਾਰ ਦੀ ਪੂਜਾ ਤਿਆਗ ਦਿਤੀ ਜਾਵੇ, ਉਥੇ ਨਿਰਭੈਤਾ ਤਾਂ ਅਵੱਸ਼ ਪਰ ਲਾ ਕੇ ਉੱਡ ਜਾਂਦੀ ਹੈ, ਕਿਉਂਕਿ ਨਿਰਭੈਤਾ ਦਾ ਸੋਮਾ ਕੇਵਲ ਅਕਾਲ ਪੁਰਖ ਹੈ। ਪ੍ਰਭੂ ਦੀ ਸੱਤਾ ਤੋਂ ਵਿਰਵੇ ਜੀਵ ਦੀ ਆਤਮਾ ਨੂੰ ਅਜਿਹੀ ਸਰਦੀ ਲੱਗਦੀ ਹੈ, ਕਿ ਉਸ ਦੇ ਪ੍ਰਭਾਵ ਸਦਕਾ ਸਰੀਰਕ ਤੌਰ ਤੇ ਪੀਲਾ, ਖੁਸ਼ਕ, ਸੁੱਕਾ, ਕੁਮਲਾਇਆ ਹੋ ਜਾਣਾ ਐਨ ਸੰਭਵ ਹੈ। ਜਹਾਂਗੀਰ ਨੂੰ ਆਪਣਾ ਮੰਤਵ ਪੂਰਾ ਕਰਨ ਵਿਚ ਹਿੰਦੂ ਜਾਤੀ ਵਲੋਂ ਕੋਈ ਰੁਕਾਵਟ ਮਹਿਸੂਸ ਨਹੀਂ ਹੋਈ, ਜੇ ਹੋਈ ਤਾਂ ਸਿੱਖਾਂ ਦੇ ਸਤਿਗੁਰੂ ਤੇ ਸੰਗਤ ਵਲੋਂ, ਜਿਨ੍ਹਾਂ ਨੇ ਸਗਲ ਕਰਮ ਧਰਮ ਤਿਆਗ ਕੇ ਇਕ ਅਕਾਲ ਪੁਰਖ ਦੀ ਸਤਾਣੀ ਓਟ ਤੱਕੀ ਸੀ, ਤੇ ਜਿਨ੍ਹਾਂ ਨੇ ਖਿੱਲਰੀਆਂ ਹੋਈਆਂ ਸ਼ਕਤੀਆਂ ਨੂੰ ਇਕ ਥਾਂ ਇਕੱਤਰਤ ਕਰ ਕੇ ਉਨ੍ਹਾਂ ਨੂੰ ਬਲਵਾਨ ਬਣਾਉਣਾ ਸੀ। ਸਚਿਆਈ ਤਾਂ ਇਹ ਹੈ ਕਿ ਜਹਾਂਗੀਰ ਨੂੰ ਪੰਚਮ ਪਾਤਸ਼ਾਹ ਦੀ ਪ੍ਰਬੰਧਕ ਯੋਗਤਾ, ਸੁਚੱਜੀ ਅਗਵਾਈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਥਾਪਨਾ ਤੋਂ ਖਾਮੋਸ਼ ਇਨਕਲਾਬੀ ਲਹਿਰ ਦੀ ਗੰਧ ਆਉਣ ਲੱਗੀ, ਜਿਸ ਦੇ ਫਲ-ਸਰੂਪ ਗੁਰਦੇਵ ਜੀ ਨੇ ਕਾਇਆਂ ਰੂਪੀ ਪਿੰਜਰਾ ਬਾਦਸ਼ਾਹ ਦੇ ਹਵਾਲੇ ਕੀਤਾ ਤੇ ਰੱਬੀ ਜੋਤਿ ਦਾ ਪ੍ਰਕਾਸ਼ ਗੁਰੂ ਹਰਿਗੋਬਿੰਦ ਜੀ ਦੀ ਕਾਇਆਂ ਵਿਚ ਸਥਾਪਤ ਕਰ ਦਿਤਾ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਸ਼ਹਾਦਤ ਤੋਂ ਪਹਿਲਾਂ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ, ਗੁਰਮਤਿ ਉਪਦੇਸ਼ ਤੇ ਆਪਣੀ ਕਰਣੀ ਦੁਆਰਾ ਕੁਰਬਾਨੀ, ਤਿਆਗ ਤੇ ਨਿਡਰਤਾ ਦਾ ਜਜ਼ਬਾ ਉਤਪੰਨ ਕਰ ਚੁਕੇ ਸਨ, ਅਤੇ ਅਣਖ, ਦਲੇਰੀ, ਜੁਰਅਤ ਤੇ ਸੂਰਮਗਤੀ ਦੀ ਅਗਨੀ ਪ੍ਰਚੰਡ ਕਰ ਚੁਕੇ ਸਨ। ਇਹ ਉਹ ਜੁਆਲਾ ਸੀ, ਉਹ ਅਗਨੀ ਸੀ, ਜਿਸ ਨੇ ਛਟਮ ਪੀਰ, ਮੀਰੀ ਪੀਰੀ ਦੇ ਮਾਲਕ, ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਹੁਕਮ ਅਧੀਨ ਆਪਣਾ ਅਸਲੀ ਸਰੂਪ ਤੇ ਅਮਲੀ ਪ੍ਰਗਟਾਵਾ ਸੰਸਾਰ ਦੀ ਨਜ਼ਰ ਵਿਚ ਲਿਆਂਦਾ।

---

### ਮਾਰੂ ਮਹਲਾ ੫ [੧੦੦੦]

ਮਾਨ ਮੋਹ ਅਰੁ ਲੋਭ ਵਿਕਾਰਾ ਬੀਓ ਚੀਤਿ ਨ ਘਾਲਿਓ ॥ ਨਾਮ ਰਤਨੁ ਗੁਣਾ ਹਰਿ ਬਣਜੇ ਲਾਦਿ ਵਖਰੁ ਲੈ ਚਾਲਿਓ ॥੧॥ ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥ ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ ॥੧॥ਰਹਾਉ॥ ਜੈਸੀ ਆਗਿਆ ਕੀਨੀ ਠਾਕੁਰਿ ਤਿਸ ਤੇ ਮੁਖੁ ਨਹੀ ਮੋਰਿਓ ॥ ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ ਉਠਿ ਉਆਹੂ ਕਉ ਦਉਰਿਓ ॥੨॥ ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀ ਜਾਨਿਓ ॥ ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੈ ਮਾਨਿਓ ॥੩॥ ਭਇਓ ਕ੍ਰਿਪਾਲੁ ਠਾਕੁਰੁ ਸੇਵਕ ਕਉ ਸਵਰੇ ਹਲਤ ਪਲਾਤਾ ॥ ਧੰਨੁ ਸੇਵਕੁ ਸਫਲੁ ਓਹੁ ਆਇਆ ਜਿਨਿ ਨਾਨਕ ਖਸਮੁ ਪਛਾਤਾ ॥੪॥੫॥



www.AKJ.Org

# ਚਰਨ ਕਮਲਾਂ ਦਾ ਜਾਪ ਅਤੇ ਨਾਮ ਦੇ ਜਾਪ ਦੀ ਸਦਰਸਤਾ

[ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਹਿਰਦੈ ਚਰਣ ਸਬਦੁ ਸਤਿਗੁਰ ਕਉ ਨਾਨਕ ਬਾਧਿਓ ਪਾਲ ॥੨॥੭॥੩੮॥ (ਪੰਨਾ ੬੮੦)
ਚਰਨ ਕਮਲ ਜਪਿ ਸਾਗਰੁ ਤਰਿਆ ਭਵਜਲ ਉਤਰੇ ਪਾਰਾ ॥
ਨਾਨਕ ਸਰਣਿ ਪੂਰਨ ਪਰਮੇਸੁਰ ਤੇਰਾ ਅੰਤੁ ਨ ਪਾਰਾਵਾਰਾ ॥੨॥
[ਸੂਹੀ ਮਹਲਾ ੫ ਛੰਤ, ਪੰਨਾ ੭੮੪

ਚਰਣ ਕਮਲ ਹਿਰਦੇ ਮਹਿ ਜਾਪੁ ॥ ਨਾਨਕ ਪੇਖਿ ਜੀਵੈ ਪਰਤਾਪੁ ॥੪॥੮੮॥੧੫੭॥
[ਗਉੜੀ ਮ: ੫, ਪੰਨਾ ੧੯੭

ਮਨ ਮੇਰੇ ਰਾਮ ਨਾਮੁ ਜਪਿ ਜਾਪੁ ॥
ਮਨ ਇਛੇ ਫਲ ਭੁੰਚਿ ਤੂ ਸਭੁ ਚੂਕੈ ਸੋਗੁ ਸੰਤਾਪੁ ॥ਰਹਾਉ॥੮੭॥
[ਸਿਰੀਰਾਗੁ ਮ: ੫, ਪੰਨਾ ੪੮

ਮਨੁ ਤਨੁ ਨਿਰਮਲੁ ਹੋਇਆ ਲਾਗੀ ਸਾਚੁ ਪਰੀਤਿ ॥
ਚਰਣ ਭਜੇ ਪਾਰਬ੍ਰਹਮ ਕੇ ਸਭਿ ਜਪ ਤਪ ਤਿਨ ਹੀ ਕੀਤਿ ॥੩॥੮੭॥
[ਸਿਰੀਰਾਗੁ ਮ: ੫, ਪੰਨਾ ੪੮

ਚਰਣ ਕਮਲ ਜਨ ਕਾ ਆਧਾਰੋ ॥ ਆਠ ਪਹਰ ਰਾਮ ਨਾਮੁ ਵਾਪਾਰੋ ॥੪॥੩੬॥੪੩॥
[ਮਾਝ ਮਹਲਾ ੫, ਪੰਨਾ ੧੦੭

ਚਰਣ ਕਮਲ ਠਾਕੁਰ ਉਰਿ ਧਾਰਿ ॥ ਦੁਲਭ ਦੇਹ ਨਾਨਕ ਨਿਸਤਾਰਿ ॥੪॥੫੧॥੧੨੦॥
[ਗਉੜੀ ਮ: ੫, ਪੰਨਾ ੧੯੦

ਹਰਿ ਸਿਮਰਤ ਸਭਿ ਮਿਟਹਿ ਕਲੇਸ ॥ ਚਰਣ ਕਮਲ ਮਨ ਮਹਿ ਪਰਵੇਸ ॥੧॥
ਉਚਰਹੁ ਰਾਮ ਨਾਮੁ ਲਖ ਬਾਰੀ ॥ ਅੰਮ੍ਰਿਤ ਰਸੁ ਪੀਵਹੁ ਪ੍ਰਭ ਪਿਆਰੀ ॥੧॥ਰਹਾਉ॥
ਸੂਖ ਸਹਜ ਰਸ ਮਹਾ ਅਨੰਦਾ ॥ ਜਪਿ ਜਪਿ ਜੀਵੇ ਪਰਮਾਨੰਦਾ ॥੨॥੧੪੪॥
[ਗਉੜੀ ਮਹਲਾ ੫, ਪੰਨਾ ੧੯੪

ਚਰਨ ਕਮਲ ਅਰਾਧਿ ਭਗਵੰਤਾ ॥ ਹਰਿ ਸਿਮਰਨ ਤੇ ਮਿਟੀ ਮੇਰੀ ਚਿੰਤਾ ॥੨॥੧੧੯॥
[ਗਉੜੀ ਮਹਲਾ ੫, ਪੰਨਾ ੧੮੯

ਚਰਨ ਕਮਲ ਸਿਉ ਲਾਗੀ ਪ੍ਰੀਤਿ ॥ ਆਨ ਸੁਖਾ ਨਹੀ ਆਵਹਿ ਚੀਤਿ ॥੩॥
ਸਦਾ ਸਦਾ ਸਿਮਰਉ ਪ੍ਰਭ ਸੁਆਮੀ ॥ ਮਿਲੁ ਨਾਨਕ ਹਰਿ ਅੰਤਰਜਾਮੀ ॥੪॥੮੨॥੧੫੧॥
[ਗਉੜੀ ਮਹਲਾ ੫, ਪੰਨਾ ੧੯੬

ਸਿਮਰਤ ਸੁਆਮੀ ਕਿਲਵਿਖ ਨਾਸੇ ॥ ਸੂਖ ਸਹਜ ਆਨੰਦ ਨਿਵਾਸੇ ॥੧॥
ਰਾਮ ਜਨਾ ਕਉ ਰਾਮ ਭਰੋਸਾ ॥ ਨਾਮੁ ਜਪਤ ਸਭੁ ਮਿਟਿਓ ਅੰਦੇਸਾ ॥੧॥ਰਹਾਉ॥
ਕਰਿ ਕਿਰਪਾ ਪ੍ਰਭ ਬੰਧਨ ਛੋਟ ॥ ਚਰਣ ਕਮਲ ਕੀ ਦੀਨੀ ਓਟ ॥੩॥੧੪੨॥
[ਗਉੜੀ ਮਹਲਾ ੫, ਪੰਨਾ ੧੯੪

ਰਾਮ ਰਸਾਇਣਿ ਜੋ ਜਨ ਗੀਧੇ ॥ ਚਰਨ ਕਮਲ ਪ੍ਰੇਮ ਭਗਤੀ ਬੀਧੇ ॥੧॥ਰਹਾਉ॥
ਆਨ ਰਸਾ ਦੀਸਹਿ ਸਭਿ ਛਾਰੁ ॥ ਨਾਮ ਬਿਨਾ ਨਿਹਫਲ ਸੰਸਾਰ ॥੧॥੯੪॥੧੬੩॥
[ਗਉੜੀ ਮਹਲਾ ੫, ਪੰਨਾ ੧੯੮


www.AKJ.Org

ਇਸ ਪ੍ਰਕਾਰ ਦੇ ਅਨੇਕਾਂ ਗੁਰਵਾਕ ਹਨ, ਜੋ ਨਾਮ ਸਿਮਰਨ ਅਤੇ ਚਰਨ ਕੰਵਲ ਪਰਸਣ ਦੇ ਭਾਵ ਨੂੰ ਸਮਸਰ ਭੇਵ ਅਭੇਵ ਜਣਾਉਂਦੇ ਹਨ। ਸਿਮਰਨ ਦੀ ਅਥਾਹ ਕਮਾਈ ਦੁਆਰਾ ਜੋਤਿ ਪਰਜੁਅਲਤ ਹੋਇਆ ਨਾਮੁ ਭਗਤਿ-ਰਹੱਸ ਸੁਆਉ ਸੇਤੀ ਸੁਆਸਿ ਸੁਆਸਿ ਅਰਾਧਿਆ, ਪਾਰਸ ਚਰਨ ਕੰਵਲਾਂ ਦੇ ਆਰਾਧਨ ਰੂਪੀ ਪਾਰਸ ਪਰਸਾਉ ਦਾ ਅਰਥ ਰਖਦਾ ਹੈ ਅਤੇ ਇਸ ਬਿਧਿ ਨਾਮ ਰਸਾਇਣੀ ਜੋਤਿ ਕਲਾ ਦੁਆਰਾ ਰੰਤੰਨ-ਜੋਤੰਨੇ ਚਰਨ ਕੰਵਲਾਂ ਦਾ ਮਨ ਤਨ ਅੰਦਰ ਵਸਣਾ ਅੰਤਰਗਤੀ ਦਰਸ਼ਨਾਂ ਦੀ ਨਦਰ ਨਾਲ ਨਿਹਾਲ ਕਰ ਦਿੰਦਾ ਹੈ। ਯਥਾ ਗੁਰਵਾਕ :– ਚਰਨ ਕਮਲ ਮਨਿ ਤਨਿ ਬਸੇ ਦਰਸਨੁ ਦੇਖਿ ਨਿਹਾਲ ॥੬॥ [ਪੰਨਾ ੨੯੮

ਭਾਵ, ਪ੍ਰੀਤਮ ਵਾਹਿਗੁਰੂ ਦੇ ਚਰਨ ਕੰਵਲਾਂ ਦਾ ਮਨ ਤਨ ਅੰਦਰ ਵੁਠਣਾ, ਚਰਨ ਕੰਵਲਾਂ ਵਾਲੇ ਪ੍ਰੀਤਮ ਦਾ ਨਿਕਟਵਰਤੀ ਦਰਸ਼ਨ ਝਲਕਾਉ ਹੈ। ਪ੍ਰਿਥਮ ਤੋਂ ਪ੍ਰਿਥਮ ਰਿਦੰਤਰਿ ਪ੍ਰਕਾਸ਼ ਹੋਈ ਜੋਤਿ ਕ੍ਰਿਣ ਦਾ ਪ੍ਰਕਾਸ਼ ਚਰਨ ਕੰਵਲਾਂ ਦਾ ਪਰਤੱਖ ਦਰਸ਼ਨ ਹੈ। ਏਥੇ ਪਾਰਸ ਰੂਪੀ ਨਾਮ ਦਾ ਸਿਮਰਨ ਹੋਰ ਵਧੇਰੇ ਰਸ ਜੋਤਿ ਕਲਾ ਵਿਚ ਸੁਆਸਿ ਸੁਆਸਿ ਵਿਲੋਵੀਦਾ ਹੈ। ਜਿਉਂ ਜਿਉਂ ਵਿਲੋਵੀਦਾ ਹੈ ਤਿਉਂ ਤਿਉਂ ਅੰਤਰਿ ਭੇਈ ਜੋਤਿ-ਕ੍ਰਿਣ ਦਾ ਜੋਤਿ-ਪਸਾਰਾ ਭੀ ਹੋਰੋ ਹੋਰ ਵਧਦਾ ਜਾਂਦਾ ਹੈ। ਘਟ ਅੰਤਰ, ਸਾਰੇ ਸਰੀਰ ਅੰਦਰ ਜੋਤਿ-ਚਾਨਣਾ ਪਸਰ ਜਾਂਦਾ ਹੈ, ਫੇਰ ਇਹ ਜੋਤਿ-ਪਸਾਰਾ ਪਿੰਡ (ਸਰੀਰ) ਤੋਂ ਵੀ ਅਗਾਹਾਂ ਸਫੁਟ ਹੋਇ ਹੋਇ ਬ੍ਰਹਿਮੰਡ ਵਿਖੇ ਪਸਰ ਜਾਂਦਾ ਹੈ। ਘਟ-ਨਾਭ ਵਿਚੋਂ ਵਿਸਥਾਰਤ ਹੋ ਕੇ ਅਕਾਸ਼ੀ ਨਭ-ਪੁਲਾੜ ਵਿਚ ਭੀ ਜਾ ਸਮਾਉਂਦਾ ਹੈ। ਏਥੇ ਏਸ ਜੋਤਿ-ਕਲਾ ਵਿਚ ਖੇਡ ਕੇ ਜਗਿਆਸੂ ਜਨ, ਜੋਤਿ ਅਭਿਆਸੂ ਗੁਰਮੁਖਿ ਪਿਆਰਾ, ਪ੍ਰੀਤਮ ਦੇ ਜੋਤਿ-ਜਗਮਗੀ-ਦਰਸ਼ਨ ਸਾਂਗੋ ਪਾਂਗ ਪੇਖਦਾ ਹੈ, ਪੇਖਿ ਪੇਖਿ ਵਿਗਸਦਾ ਹੈ ਅਤੇ ਨਿਹਾਲੋ ਨਿਹਾਲ ਹੋ ਹੋ ਜਾਂਦਾ ਹੈ ਅਤੇ ਜੋਤਿ-ਜਗੰਨੇ ਸੁਅਰਨੀ ਰੂਪ ਰੰਗ ਦੀ ਵੰਨੀ ਚੜ੍ਹੇ ਚੜ੍ਹਾਉ ਹੋਣ ਕਰਿ, ਲਾਲੋ ਲਾਲ ਜੋਤਿ ਜਮਾਲ ਅਤੇ ਤੇਜ ਜਲਾਲ ਜਲਵਨਾ ਹੋ ਜਾਂਦਾ ਹੈ। ਤਾਂ ਹੀ ਤਾਂ "ਨਾਮ ਜਪੰਦੜੀ ਲਾਲੀ" ਵਾਲੇ ਜੋਤਿ ਜਲਵਨੇ ਚੇਹਰਿਆਂ ਦੀ ਝਾਲ ਨਹੀਂ ਝਲੀ ਜਾਂਦੀ।

ਚਰਨ ਕੰਵਲਾਂ ਦੇ ਜਮਾਲ ਤੇ ਜਲਾਲ ਨੂੰ ਪੇਖਿ ਪੇਖਿ, ਭਗਤ ਜਨ ਜੁਹਾਰ, ਝੁਕ ਝੁਕ ਨਮਸਕਾਰ ਬੰਦਨਾ ਕਰਦੇ ਹਨ ਤੇ ਬੰਦਨਾ ਕਰਿ ਕਰਿ ਚਰਨ ਕੰਵਲਾਂ ਦਾ ਸਿਮਰਨ ਕਰੀ ਜਾਂਦੇ ਹਨ। ਭਗਤ ਜਨਾਂ ਦਾ ਇਹ ਚਰਨ ਕੰਵਲ ਲਿਵਤਾਰੀ ਸਿਮਰਨ, ਦਰਸ਼ਨ ਬਹਾਰੀ ਭਗਤੀ ਭਾਉ ਵਿਚ, ਸਚਖੰਡ ਸਾਮੁਹੇ ਕਰਮ ਖੰਡ (ਨਦਰ ਖੰਡ) ਨਿਰੰਕਾਰਤਾ ਵਿਚ ਭੀ ਬਣਿਆ ਰਹਿੰਦਾ ਹੈ, ਜਿਥੇ ਅਨੇਕਾਂ ਭਗਤ ਜਨ ਨਿਤ-ਪ੍ਰਤਿ ਪ੍ਰੀਤਮ ਦੇ ਚਰਨ ਕੰਵਲਾਂ ਨੂੰ ਬੰਦਨਾ ਕਰਦੇ ਹੀ ਦਿਸਦੇ ਹਨ। ਜਿਹਾ ਕਿ :–

ਅਨਿਕ ਭਗਤ ਬੰਦਨ ਨਿਤ ਕਰਹਿ ॥ ਚਰਨ ਕਮਲ ਹਿਰਦੈ ਸਿਮਰਹਿ ॥੫॥੧੮॥ [ਪੰਨਾ ੨੮੭
ਤਿਥੈ ਭਗਤ ਵਸਹਿ ਕੇ ਲੋਅ ॥ ਕਰਹਿ ਅਨੰਦੁ ਸਚਾ ਮਨਿ ਸੋਇ ॥੩੭॥ [ਜਪੁਜੀ ਸਾਹਿਬ, ਪੰਨਾ ੮

ਐਥੇ ਇਸ ਲੋਕ ਵਿਚ ਭੀ ਭਗਤ ਜਨ ਆਪਣੀ ਸਿਮਰਨ-ਭਗਤਿ-ਕਮਾਈ ਦੁਆਰਾ ਕਰਮ ਖੰਡ, ਸੱਚਖੰਡ ਸਾਰਖਾ ਹੀ ਚਰਨ ਕੰਵਲਾਂ ਦੀ ਮਉਜ ਦਾ ਆਨੰਦ ਮਾਣਦੇ ਹਨ। ਯਥਾ :–

ਸਿਮਰਿ ਸਿਮਰਿ ਸਿਮਰਿ ਸੁਖੁ ਪਾਇਆ ॥ ਚਰਨ ਕਮਲ ਗੁਰ ਰਿਦੇ ਬਸਾਇਆ ॥੧॥
ਗੁਰ ਗੋਬਿੰਦੁ ਪਾਰਬ੍ਰਹਮੁ ਪੂਰਾ ॥ ਤਿਸਹਿ ਅਰਾਧਿ ਮੇਰਾ ਮਨੁ ਧੀਰਾ ॥ਰਹਾਉ॥
ਅਨਦਿਨੁ ਜਪਉ ਗੁਰੂ ਗੁਰ ਨਾਮ ॥ ਤਾ ਤੇ ਸਿਧਿ ਭਏ ਸਗਲ ਕਾਮ ॥੨॥
ਦਰਸਨ ਦੇਖਿ ਸੀਤਲ ਮਨ ਭਏ ॥ ਜਨਮ ਜਨਮ ਕੇ ਕਿਲਬਿਖ ਗਏ ॥੩॥
ਕਹੁ ਨਾਨਕ ਕਹਾ ਭੈ ਭਾਈ ॥ ਅਪਨੇ ਸੇਵਕ ਕੀ ਆਪਿ ਪੈਜ ਰਖਾਈ ॥੪॥੧੧੨॥
[ਗਉੜੀ ਮ: ੫, ਪੰਨਾ ੨੦੨

ਨਾਮ ਨੂੰ ਸਿਮਰਨਹਾਰਾ ਭਗਤ ਜਨ, ਸਿਮਰ ਸਿਮਰ ਕੇ ਜਿਸ ਆਤਮ-ਸੁਖ ਨੂੰ ਪ੍ਰਾਪਤ ਹੁੰਦਾ ਹੈ, ਉਹ ਵਿਸ਼ੇਸ਼ ਆਤਮ ਸੁਖ, ਗੁਰੂ ਵਾਹਿਗੁਰੂ ਦੇ ਚਰਨ ਕੰਵਲਾਂ ਦਾ ਰਿਦ ਭੀਤਰ ਸਮਾਵਣਾ ਹੈ। ਗੁਰਮਤਿ ਵਿਸ਼ੇਸ਼


www.AKJ.Org

ਸਿਮਰਨ, ਸੁਰਤ ਦੁਆਰਾ ਰਿਦ ਸਮਾਏ ਜੋਤਿ-ਕਿਰਣੀ-ਚਰਨ ਕੰਵਲਾਂ ਦਾ ਇਨਕਸ਼ਾਫ਼, ਗੁਰ ਪਾਰਬ੍ਰਹਮ ਪੂਰੇ ਨੂੰ ਸਾਖਯਾਤਕਾਰ ਕਰਾਉਣ ਨੂੰ ਸਮਰੱਥ ਹੈ। ਤਾਂ ਤੇ ਅਰਾਧਨਹਾਰੇ ਦਾ ਮਨ ਚਰਨ ਕੰਵਲਾਂ ਨੂੰ ਅਰਾਧ ਕੇ ਧੀਰ ਜਾਂਦਾ ਹੈ (ਧੀਰਜਮਾਨ ਹੋ ਜਾਂਦਾ ਹੈ)। ਉਸ ਨੂੰ ਧੀਰਜ ਆ ਜਾਂਦੀ ਹੈ ਕਿ ਚਰਨ ਕੰਵਲਾਂ ਵਾਲੇ ਪ੍ਰੀਤਮ ਦੇ ਪਰਤੱਖ ਦਰਸ਼ਨ ਦਿਦਾਰੇ ਭੀ ਨਿਕਟ ਹੀ ਹੋਣ ਵਾਲੇ ਹਨ। ਸੋ ਇਸ ਬਿਧਿ ਦ੍ਰਿੜ੍ਹ ਨਿਸਚਿਤ ਸ਼ਰਧਾਵਾਨ ਹੋ ਕੇ ਉਹ ਗੁਰੂ ਗੁਰੂ ਰੂਪੀ ਜਾਪ ਜਪਣ ਵਿਚ ਹੋਰ ਵੀ ਤਤਪਰ ਹੋ ਜਾਂਦਾ ਹੈ ਅਤੇ ਦਿਨ ਰਾਤ ਏਸ ਗੁਰੂ ਗੁਰੂ ਦੀ ਟੇਰ ਵਾਲੇ ਵਾਹਿਗੁਰੂ ਨਾਮ ਨੂੰ ਜਪੀ ਜਾਂਦਾ ਹੈ। ਜਿਸ ਦੇ ਜਪੀ ਜਾਣ ਕਰਕੇ ਉਸ ਜਪਣਹਾਰੇ ਦੇ ਸਾਰੇ ਮਨੋਰਥ ਭੀ ਸੁਤੇ ਸਿਧ ਪੂਰੇ ਹੋ ਜਾਂਦੇ ਹਨ। ਪਰਮ ਮਨੋਰਥ ਤਾਂ ਨਾਮ ਜਪਣਹਾਰੇ ਦਾ ਗੁਰੂ-ਪ੍ਰੀਤਮ ਦੀ ਪ੍ਰਾਪਤੀ ਰੂਪ ਸਿਧੀ ਦਾ ਹੁੰਦਾ ਹੈ। ਪਰ ਇਸ ਪਰਮ ਪ੍ਰਯੋਜਨੀ ਸਿਮਰਨ ਦੇ ਪ੍ਰਤਾਪ ਕਰਕੇ ਨਾਮ ਸਿਮਰਨਹਾਰੇ ਦੇ ਸੁਤੇ ਸਹਿਜ ਸੰਕਲਪਤ ਮਨੋਰਥ ਭੀ ਪੂਰੇ ਹੋ ਜਾਂਦੇ ਹਨ। ਏਹਨਾਂ ਮਨੋਰਥਾਂ ਦੇ ਪੂਰੇ ਹੋਣ ਕਰਿ, ਉਸ ਨੂੰ ਤਤ ਸ਼ਾਂਤੀ ਤਾਂ ਪ੍ਰਾਪਤ ਨਹੀਂ ਹੁੰਦੀ, ਉਹ ਤਾਂ ਦਰਸ਼ਨ-ਪ੍ਰਾਪਤੀ ਪਰ ਹੀ ਪ੍ਰਾਪਤ ਹੋਵੇਗੀ। ਜਦੋਂ ਦਰਸ਼ਨ-ਪ੍ਰਾਪਤੀ ਦਾ ਸੁਭਾਗ ਸਮਾਂ ਆਉਂਦਾ ਹੈ, ਓਦੋਂ ਬਸ ਓਦੋਂ ਹੀ :– ਦਰਸਨ ਦੇਖਿ ਸੀਤਲ ਮਨ ਭਏ ॥ ਜਨਮ ਜਨਮ ਕੇ ਕਿਲਬਿਖ ਗਏ ॥੩॥੧੧੨॥

[ਗਉੜੀ ਮ: ੫, ਪੰਨਾ ੨੦੨

ਵਾਲਾ ਪਰਤੱਖ ਵਰਤਾਰਾ ਵਰਤ ਜਾਂਦਾ ਹੈ। ਇਹ ਸਿਮਰਨ ਰੂਪ ਚਰਨ ਕੰਵਲਾਂ ਦੇ ਧਿਆਨ ਦੀ ਮਹੱਤਤਾ ਹੈ, ਜੈਸਾ ਕਿ ਅਗਲਾ ਗੁਰਵਾਕ ਭੀ ਪ੍ਰੋੜ੍ਹਤਾ ਕਰਦਾ ਹੈ :—

ਸਿਮਰਿ ਸਿਮਰਿ ਕਾਟੇ ਸਭਿ ਰੋਗ ॥ ਚਰਣ ਧਿਆਨ ਸਰਬ ਸੁਖ ਭੋਗ ॥੬॥
ਪੂਰਨ ਪੁਰਖੁ ਨਵਤਨੁ ਨਿਤ ਬਾਲਾ ॥ ਹਰਿ ਅੰਤਰਿ ਬਾਹਰਿ ਸੰਗਿ ਰਖਵਾਲਾ ॥੭॥
ਕਹੁ ਨਾਨਕ ਹਰਿ ਹਰਿ ਪਦੁ ਚੀਨ ॥ ਸਰਬਸੁ ਨਾਮੁ ਭਗਤ ਕਉ ਦੀਨ ॥੮॥੧੧॥

[ਗਉੜੀ ਮਹਲਾ ੫, ਪੰਨਾ ੨੪੦

ਭਾਵ, ਨਾਮ ਦੀ ਪਾਰਸ-ਤਤ-ਸਿਮਰਨ-ਕਲਾ ਕਰਿ ਅੰਤੇ ਚਰਨ ਕੰਵਲਾਂ ਦੇ ਧਿਆਨ ਪਰਤਾਪ ਤੋਂ ਸਾਰੇ ਰੋਗ ਕਟੇ ਜਾਂਦੇ ਹਨ ਅਤੇ ਸਰਬ ਸੁਖਾਂ ਸਿਰ ਸੁਖ ਭੀ ਸਾਰੇ ਭੋਗੇ ਜਾਂਦੇ ਹਨ। ਸਾਰੇ ਸੁਖਾਂ ਦਾ ਸ਼ਿਰੋਮਣੀ ਸੁਖ ਤਾਂ ਇਹ ਆਣ ਉਦੇ ਹੁੰਦਾ ਹੈ ਕਿ ਸਦ ਨਵਤਨ ਨਿਤ ਬਾਲੜੇ ਜੋਬਨ ਜੁਆਲ ਸਰੂਪ ਵਾਲਾ ਮਨਮੋਹਨ ਜਾਨੀਅੜਾ ਪ੍ਰੀਤਮ ਵਾਹਿਗੁਰੂ ਸਰਬ ਕਲਾ ਸੰਪੂਰਨੀ ਪੂਰਨਤਾ ਵਿਚ ਪੂਰਨ ਪੁਰਖ ਹੋ ਕੇ ਸਨਮੁਖ ਦਰਸ਼ਨ ਜਲਵਾ-ਅਫ਼ਰੋਜ਼ ਆਣ ਹੁੰਦਾ ਹੈ ਅਤੇ ਪ੍ਰੇਮੀ ਭਗਤ ਜਨ ਦੇ ਅੰਤਰਿ ਬਾਹਰਿ ਰਖਵਾਲਾ ਹੋ ਕੇ ਚੋਜੀ ਕੇਲ ਰਚਾਂਵਦਾ ਹੈ। ਸੋ ਭਗਤ ਜਨਾਂ ਨੂੰ ਇਹ ਸਿਮਰਨ ਰੂਪੀ "ਪਦ" ਪ੍ਰਕਾਸ਼ਤ ਹੋਇਆ ਹੈ। ਏਹੀ ਭਗਤ ਜਨਾਂ ਦਾ ਸਰਬੰਸ, ਧਨ, ਮਾਲ, ਸਭ ਕੁਛ ਏਹੀ ਹੈ, ਜੋ ਧੁਰ ਦਰਗਾਹ ਤੋਂ ਭਗਤ ਜਨਾਂ ਨੂੰ ਮਿਲਿਆ ਹੈ, ਜਿਸ ਦੇ ਸਮਸਰ (ਸਦਰਸ) ਯਾ ਜਿਸ ਤੋਂ ਅਫ਼ਜ਼ਲ (ਵਧ ਕੇ) ਹੋਰ ਕੋਈ ਪਦ ਪਦਵੀ ਵੀ ਨਹੀਂ ਹੋ ਸਕਦੀ। ਨਾਮ ਸਿਮਰਨ ਰੂਪੀ ਚਰਨ ਕੰਵਲ ਅਰਾਧਣ ਦੀ ਅਮਿਤ ਮਹਿਮਾ ਹੈ, ਦੇਖੋ ਅਗਲੇ ਗੁਰਵਾਕ ਰੂਪੀ ਦੁਤੁਕੀ ਕੀ ਦਸਦੀ ਹੈ :–

ਗਰਭ ਕੁੰਡ ਨਰਕ ਤੇ ਰਾਖੈ ਭਵਜਲੁ ਪਾਰਿ ਉਤਾਰੇ ॥
ਚਰਨ ਕਮਲ ਆਰਾਧਤ ਮਨ ਮਹਿ ਜਮ ਕੀ ਤ੍ਰਾਸ ਬਿਦਾਰੇ ॥੨॥੧੩੮॥

[ਗਉੜੀ ਪੂਰਬੀ ਮਹਲਾ ੫, ਪੰਨਾ ੨੧੦

ਅਰਥਾਤ ਸਿਮਰਨ ਦੇ ਪਰਤਾਪ ਕਰਿ, ਚਰਨ ਕੰਵਲਾਂ ਨੂੰ ਮਨ ਵਿਖੇ ਆਰਾਧਣ ਦਾ ਇਹ ਪਾਰਸ ਸ਼ਕਤ-ਸਿੱਟਾ ਨਿਕਲਦਾ ਹੈ ਕਿ ਨਾਮ ਸਿਮਰਨਹਾਰੇ ਨੂੰ, ਚਰਨ ਕੰਵਲ ਆਰਾਧਣਹਾਰੇ ਨੂੰ ਇਹ ਸਿਮਰਨ-ਆਰਾਧਨ ਕਲਾ, ਗਰਭ-ਕੁੰਡ ਚੁਰਾਸੀ ਦੇ ਗੇੜ ਵਿਚ ਨਹੀਂ ਪੈਣ ਦਿੰਦੀ ਅਤੇ ਨਰਕਾਂ ਵਿਚ ਗੋਤਾ ਨਹੀਂ ਖਾਣ ਦਿੰਦੀ, ਸਗੋਂ ਭਵ-ਜਲੋਂ ਪਾਰ ਉਤਾਰ ਦਿੰਦੀ ਹੈ ਅਤੇ ਜਮ ਦੀ ਸਾਰੀ ਤ੍ਰਾਸ ਨਿਵਾਰ ਦਿੰਦੀ ਹੈ।

['ਚਰਨ ਕਮਲ ਕੀ ਮਉਜ' ਪੁਸਤਕ ਵਿਚੋਂ


www.AKJ.Org

ਸ਼ਹੀਦੀ ਦਿਵਸ ੯.੬.੯੪ ਨੂੰ

# ਬਾਬਾ ਬੰਦਾ ਸਿੰਘ ਬਹਾਦਰ

## (ਨਵੇਂ ਅੰਦਾਜ਼ ਵਿਚ)

[ਪ੍ਰਿੰਸੀਪਲ ਕੁਲਦੀਪ ਸਿੰਘ ਜੀ ਹਉਰਾ, ੧੬੨, ਹਾਊਸਿੰਗ ਬੋਰਡ ਕਾਲੋਨੀ, ਅੰਮ੍ਰਿਤਸਰ]

"ਬਾਬਾ ਬੰਦਾ ਸਿੰਘ ਬਹਾਦਰ" ਨਾਂ ਵਿਚ ਤਿੰਨ ਬੱਬਿਆਂ ਨਾਲ ਸੰਮਲਿਤ "ਸਿੰਘ" ਦੀ ਜੀਵਨੀ ਦਾ ਵਰਣਨ ਹੈ। "ਬਾਬਾ" ਸ਼ਬਦ ਬੰਦਗੀ ਦਾ ਪ੍ਰਤੀਕ ਹੈ, ਜੋ ਗੁਰੂ ਕਲਗੀਧਰ ਦੇ ਦਰਸ਼ਨਾਂ ਪਿਛੋਂ ਬੰਦਾ ਸਿੰਘ ਦੀ ਝੋਲੀ ਪਾਈ ਗਈ, "ਬੰਦਾ" ਬੇਨਤੀ ਦਾ ਸੂਚਕ ਹੈ। ਨੀਲੇ ਘੋੜੇ ਦੇ ਸਵਾਰ ਦੇ ਦਰਸ਼ਨ ਕਰਦਿਆਂ ਹੀ ਉਹ ਚਰਨੀਂ ਢਹਿ ਪਿਆ ਤੇ ਨਿਮ੍ਰਤਾ ਸਹਿਤ ਕਿਹਾ, "ਮੈਂ ਤੁਹਾਡਾ ਬੰਦਾ ਹਾਂ।" ਉਸ ਦੀ "ਬਹਾਦਰੀ" ਦੇ ਜੌਹਰ ਮੁਗਲਾਂ ਵੇਖੇ ਤੇ ਉਸ ਦੇ ਸਿੰਘਪੁਣੇ ਦਾ ਪਤਾ ਉਦੋਂ ਲੱਗ ਗਿਆ ਜਦ ਉਸ ਦੇ ਟੋਟੇ ਟੋਟੇ ਕਰ ਕੇ ਸ਼ਹੀਦ ਕੀਤਾ ਗਿਆ, ਪਰ ਉਸ 'ਉਫ' ਨਾ ਕੀਤੀ।

ਐਸਾ ਵਿਅਕਤੀ ੨੭ ਅਕਤੂਬਰ ੧੬੭੦ ਨੂੰ ਪੱਛਮੀ ਕਸ਼ਮੀਰ ਦੇ ਜ਼ਿਲ੍ਹਾ ਪੁਣਛ ਦੇ ਰਾਜੌਰੀ ਨਾਂ ਦੇ ਨਗਰ ਵਿਚ ਇਕ ਹਲ-ਵਾਹਕ ਰਘੂਦੇਵ ਦੇ ਘਰ ਜੰਮਿਆ। ਉਸ ਦਾ ਨਾਮ ਰੱਖਿਆ ਗਿਆ ਲਛਮਣ ਦੇਵ। ਲਛਮਣ ਦੇਵ ਵੱਡਾ ਹੋਇਆ ਤਾਂ ਹਲ ਵਾਹੁਣ ਲੱਗਾ, ਸ਼ਿਕਾਰ ਖੇਡਣ ਲੱਗਾ ਤੇ ਸਰੀਰਕ ਵਰਜ਼ਿਸ਼ਾਂ ਕਰਨ ਲੱਗਾ। ਇਕ ਸਮੇਂ ਉਸ ਦੇ ਹਥੋਂ ਸ਼ਿਕਾਰ ਖੇਡਦਿਆਂ ਇਕ ਗਰਭਵਤੀ ਹਰਨੀ ਮਾਰੀ ਗਈ, ਜਿਸ ਦੇ ਪੇਟ ਵਿਚਲੇ ਦੋਵੇਂ ਬੱਚੇ ਉਸ ਦੀਆਂ ਅੱਖਾਂ ਸਾਹਮਣੇ ਤੜਫ-ਤੜਫ ਕੇ ਮਰ ਗਏ। ਇਸ ਦਰਦਨਾਕ ਦ੍ਰਿਸ਼ ਨੇ ਲਛਮਣ ਦੇਵ ਨੂੰ ਇਤਨਾ ਪ੍ਰਭਾਵਤ ਕੀਤਾ ਕਿ ਉਹ ਵਿਰੱਕਤ (ਵੈਰਾਗੀ) ਬਣ ਗਿਆ ਤੇ ਉਸਦਾ ਨਾਂ ਹੋ ਗਿਆ "ਮਾਧੋ ਦਾਸ ਵੈਰਾਗੀ"। ਬੇਚੈਨੀ ਦੀ ਹਾਲਤ ਵਿਚ ਉਹ ਘਰੋਂ ਨਿਕਲ ਤੁਰਿਆ ਤੇ ਘੁੰਮਦਾ ਫਿਰਦਾ ਦੱਖਣ ਵਿਚ ਨਾਸਕ ਪੁੱਜ ਗਿਆ। ਉਥੋਂ ਦੇ ਰਮਣੀਕ ਨਜ਼ਾਰੇ ਵੇਖ ਕੇ ਉਸ ਦੇ ਮਨ ਨੂੰ ਕੁਝ ਧਾਰਸ ਮਿਲੀ ਤੇ ਉਹ ਉਥੇ ਹੀ ਟਿਕ ਗਿਆ। ਉਥੇ ਉਸ ਦਾ ਮੇਲ ਇਕ ਯੋਗੀ ਔਗੜ ਨਾਥ ਨਾਲ ਹੋਇਆ ਤੇ ਉਹ ਉਸੇ ਦਾ ਚੇਲਾ ਬਣ ਗਿਆ। ਉਸ ਨੇ ਯੋਗੀ ਕੋਲੋਂ ਜੰਤਰ-ਮੰਤਰ ਸਿੱਖੇ, ਪਰ ਮਨ ਦੀ ਸ਼ਾਂਤੀ ਨਾ ਮਿਲੀ, ਨਾਸਕ ਤੋਂ ਨਾਂਦੇੜ ਜਾ ਕੇ ਉਸ ਨੇ ਪੱਕਾ ਡੇਰਾ ਬਣਾ ਲਿਆ ਤੇ ਉਥੇ ਰਹਿਣ ਲੱਗਾ। ਮਨ, ਪਰ ਉਸਦਾ ਉਚਾਟ ਹੀ ਰਿਹਾ। ਨਾ ਉਹ ਬੰਦਗੀ ਕਰਦਾ, ਨਾ ਉਸਦੇ ਹਿਰਦੇ ਵਿਚ ਪ੍ਰਭੂ ਦਾ ਨਾਮ ਵੱਸਦਾ। ਮਨ ਨੂੰ ਧਾਰਸ ਕਿਵੇਂ ਮਿਲਦੀ? ਉਲਟਾ ਉਹ ਅਹੰਕਾਰ-ਵੱਸ ਐਸੇ ਕੰਮ ਕਰਨ ਲਗਾ, ਜਿਸ ਨਾਲ ਉਸ ਦੀ ਭਟਕਣਾ ਹੋਰ ਵਧ ਗਈ। ਬਚਪਨ ਤੋਂ ਜੋ ਚਿਣਗ ਉਸਦੇ ਹਿਰਦੇ ਵਿਚ ਮਘੀ ਸੀ, ਉਹ ਬੁਝ ਗਈ ਸੀ ਤੇ ਉਸ ਨੂੰ ਮੁੜ ਪ੍ਰਜੁਲਤ ਕਰਨ ਵਾਲਾ ਉਸਨੂੰ ਕੋਈ ਮਿਲਦਾ ਨਹੀਂ ਸੀ। ਮਨ ਦੇ ਹਨੇਰੇ ਕਰਕੇ, ਉਸਨੂੰ ਬਾਹਰ ਵੀ ਹਨੇਰਾ ਹੀ ਦਿੱਸਦਾ ਸੀ। ਉਸ ਦੀ ਇਛਿਆ ਸੀ ਕਿ ਕੋਈ ਕਾਮਲ ਮੁਰਸ਼ਿਦ ਮਿਲੇ, ਜੋ ਉਸ ਦੀ ਬਾਂਹ ਫੜੇ, ਉਸ ਦੀ ਪਿੱਠ 'ਤੇ ਹੱਥ ਫੇਰੇ, ਉਸ ਨੂੰ ਆਪਣੇ ਅਧਿਆਤਮਕ-ਜਲੌ ਨਾਲ ਨੂਰੋ ਨੂਰ ਕਰ ਦੇਵੇ, ਉਸ ਦੇ ਹਨੇਰੇ ਹਿਰਦੇ ਵਿਚ ਗਿਆਨ ਦਾ ਦੀਪਕ ਜਗਾ ਦੇਵੇ, ਉਸ ਦੀਆਂ ਸੁੱਤੀਆਂ ਕਲਾਂ ਜਗਾ ਦੇਵੇ, ਉਸਨੂੰ ਉਸਾਰੂ ਰਾਹੇ ਪਾ ਦੇਵੇ, ਡਿੱਗੇ ਪਏ ਨੂੰ ਖੜਾ ਕਰ ਦੇਵੇ।

ਉਸ ਦੇ ਭਾਗਾਂ ਨੂੰ ਇਕ "ਸ਼ਹਿਨਸ਼ਾਹ-ਦਰਵੇਸ਼" ਉਧਰ ਆ ਨਿਕਲਿਆ, ਜਿਸ ਦੀ ਕਲਗੀ ਦੀਆਂ ਅੱਣੀਆਂ 'ਚੋਂ ਪਹੁ-ਫੁੱਟਦੀ ਸੀ, ਜਿਸਦੇ ਨੀਲੇ ਘੋੜੇ ਦੀਆਂ ਟਾਪਾਂ ਵਿਚੋਂ ਜੀਵਨ ਦਾ ਪੈਗਾਮ ਮਿਲਦਾ ਸੀ, ਜਿਸ ਦੀ ਕਮਰ ਨਾਲ ਲਟਕਦੀ "ਸ੍ਰੀ ਸਾਹਿਬ" ਚਮਕਾਰੇ ਮਾਰ ਕੇ ਅੰਦਰਲੇ ਹਨੇਰੇ ਦੂਰ ਕਰਦੀ ਸੀ, ਜਿਸ ਦੇ ਨੈਣਾਂ ਦੀ ਮਸਤੀ ਅੰਦਰ ਧੂਹ ਪਾਉਂਦੀ ਸੀ, ਜਿਸ ਦਾ ਚਮਕਦਾ ਮਸਤਕ ਨਵੇਂ ਪਹੁ-ਫੁਟਾਲੇ ਦਾ ਪੈਗਾਮ ਦਿੰਦਾ ਸੀ, ਜਿਸਦੀ ਸੋਹਣੀ ਛਬੀ, ਜਿਸਦੀ ਸਰੀਰਕ ਬਣਤਰ ਵਿਚੋਂ ਬਿਜਲੀਆਂ ਦੇ ਚਮਕਾਰੇ ਉੱਠਦੇ ਸਨ। ਉਹ ਕਾਮਲ-ਮੁਰਸ਼ਿਦ, ਗੁਰੂ ਗੋਬਿੰਦ ਸਿੰਘ, ਜੋ ਕਦੇ ਅਨੰਦਪੁਰ ਦਾ ਵਾਸੀ ਸੀ, ਅੱਜ ਜੰਗਲਾਂ ਦਾ ਨਿਵਾਸੀ ਸੀ, ਉਹ ਸੋਹਣਾ-ਮਾਹੀ, ਪ੍ਰੀਤਮ-ਪਿਆਰਾ, ੧੭੦੮ ਵਿਚ ਬਾਦਸ਼ਾਹ ਬਹਾਦਰ ਸ਼ਾਹ ਨਾਲ ਤੁਰਦਾ-ਤੁਰਦਾ, ਵਿਚਾਰ-



www.AKJ.Org

ਵਟਾਂਦਰ ਕਰਦਾ, ਦੱਖਣ ਵੱਲ ਆ ਗਿਆ। ਜਿਸ ਮਕਸਦ ਤੇ ਮਨੋਰਥ ਲਈ ਉਸ "ਮਰਦੇ-ਕਾਮਲ" ਨੇ ਬਾਦਸ਼ਾਹ ਬਹਾਦਰ ਸ਼ਾਹ ਦਾ ਸਾਥ ਚਾਹਿਆ ਸੀ, ਜਦ ਉਸਦੀ ਪੂਰਤੀ ਹੁੰਦੀ ਨਜ਼ਰ ਨਾ ਆਈ ਤਾਂ ਉਸ ਸ਼ਹਿਨ-ਸ਼ਾਹਿ ਦੋ-ਆਲਮ ਨੇ ਉਸ ਦੁਨਿਆਵੀ ਸ਼ਾਹ ਦਾ ਸਾਥ ਛੱਡ ਦਿੱਤਾ ਤੇ ਨਾਂਦੇੜ ਵੱਲ ਨੂੰ ਆਪਣੇ "ਨੀਲੇ" ਦੀਆਂ ਵਾਗਾਂ ਮੋੜ ਲਈਆਂ।

ਕੁਦਰਤ ਨੂੰ ਇਹੋ ਭਾਉਂਦਾ ਸੀ ਕਿ ਮਾਨਸਿਕ-ਪੀੜਾ ਨਾਲ ਤੜਫਦੇ-ਲੁੱਛਦੇ ਮਾਧੋ ਦਾਸ ਨੂੰ ਉਸ ਕਾਮਲ-ਮੁਰਸ਼ਿਦ ਦੇ ਦਰਸ਼ਨ ਹੋ ਜਾਣ ਤੇ ਉਹ ਉਸ ਦੇ ਹਥੋਂ ਸਿਹਤਯਾਬ ਹੋ ਸਕੇ। ਸੋ ਵੈਦ ਆਪ ਚੱਲ ਕੇ "ਰੋਗੀਆਂ ਦੇ ਡੇਰੇ" ਪੁੱਜ ਗਿਆ। ਰੋਗੀ-ਸੋਚਣੀ ਵਾਲੇ ਮਾਧੋ ਦਾਸ ਨੇ ਆਪਣੀ ਤਾਂਤਰਿਕ-ਵਿਦਿਆ ਦਾ ਵਿਖਾਵਾ ਕਰਦਿਆਂ ਸੂਰਜ ਨੂੰ ਦੀਵਾ ਦਿਖਾਉਣਾ ਚਾਹਿਆ, ਪਰ ਸੂਰਜ ਦੀ ਉੱਜਲ ਰੌਸ਼ਨੀ ਵਿਚ ਦੀਵੇ ਦੀ ਲੋਅ ਮੱਧਮ ਪੈਂਦੀ-ਪੈਂਦੀ ਬਿਲਕੁਲ ਹੀ ਹਿੱਸ ਗਈ। ਤਾਂਤਰਿਕ ਦਾ ਅੰਦਰਲਾ ਹਨੇਰਾ ਬਾਹਰਲੇ ਚਾਨਣ ਅੱਗੇ ਬਿਲਕੁਲ ਮਾਤ ਪੈ ਗਿਆ। ਉਸ ਨੂੰ ਆਪਣੀ ਕਮਜ਼ੋਰੀ ਦਾ ਅਨੁਭਵ ਹੀ ਨਾ ਹੋਇਆ, ਸਗੋਂ ਕਿਸੇ ਸੁੱਤੀ ਸ਼ਕਤੀ ਨੇ ਪਲਸੇਟਾ ਮਾਰ ਕੇ ਜਾਗਣ ਦਾ ਹੀਆ ਕੀਤਾ। ਜਦੋਂ ਸੋਚ ਜਾਗ ਉਠੀ ਤਾਂ ਅਹਿਸਾਸ ਦਾ ਨਿੱਘ ਹੱਡਾਂ ਵਿਚ ਅੰਗੜਾਈਆਂ ਲੈਣ ਲੱਗਾ। ਤਾਂਤਰਿਕ ਉਠਿਆ ਤੇ ਮਨੁੱਖਤਾ ਦੇ ਚਾਨਣ ਅੱਗੇ ਗੋਡਿਆਂ ਭਾਰ ਹੋ ਕੇ ਜਦੋਂ ਉਸ ਨੂਰੀ ਕਲਗੀ ਵਾਲੇ ਦੇ ਚਰਨ ਛੋਹੇ ਤਾਂ ਅੰਦਰ ਮਿੱਠੀ-ਮਿੱਠੀ ਝਰਨਾਟ ਛਿੜੀ ਤੇ ਆਪ-ਮੁਹਾਰੇ ਉਸ ਦੇ ਨੈਣ ਮਸਤੀ ਵਿਚ ਮੁੰਦ ਗਏ। ਜੋਤਿ ਨੇ ਹਨੇਰੇ ਨੂੰ ਪੁਛਿਆ, "ਤੂੰ ਕੌਣ ਏਂ"? ਉੱਤਰ ਸੀ, "ਜੀ, ਮੈਂ ਆਪ ਦਾ ਬੰਦਾ ਹਾਂ। ਜੋਤਿ ਨੇ ਆਖਿਆ–

ਬੰਦਉ ਹੋਇ ਬੰਦਗੀ ਗਹੈ ॥੨੯॥ (ਪੰਨਾ ੩੪੧-੪੨)

(ਤੇ) ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ ॥੩॥੩॥ (ਪੰਨਾ ੧੩੫੦)

ਬੰਦੇ ਨੇ ਸਿਰ ਉਤਾਂਹ ਚੁਕੇ ਬਗ਼ੈਰ ਹੀ ਕਿਹਾ, "ਜੀ ਪਾਤਸ਼ਾਹ! ਬੰਦੇ ਨੂੰ ਸੋਝੀ ਆ ਰਹੀ ਹੈ, ਆਪ ਦੀ ਮਿਹਰ ਹੋ ਰਹੀ ਹੈ।" ਮਿਹਰਾਂ ਦੇ ਸਾਈਂ ਨੇ ਮਿਹਰਾਂ ਦਾ ਮੀਂਹ ਵਸਾਇਆ ਤੇ ਫ਼ੁਰਮਾਇਆ–

ਕੁਦਰਤਿ ਕਰਿ ਕੈ ਵਸਿਆ ਸੋਇ ॥ ਵਖਤੁ ਵੀਚਾਰੇ ਸੁ ਬੰਦਾ ਹੋਇ ॥੧॥੪॥ (ਪੰਨਾ ੮੪)

ਬੰਦੇ ਨੇ ਕੇਵਲ ਇਤਨਾ ਹੀ ਕਿਹਾ, "ਸਤਿ ਹੈ ਮੇਰੇ ਮਾਲਕ।" ਸਤਿਗੁਰੂ ਨੇ ਪਵਿਤਰ ਹੱਥਾਂ ਨਾਲ ਬੰਦੇ ਦਾ ਮਸਤਕ ਉਪਰ ਚੁਕਿਆ, ਉਸ ਦੀਆਂ ਅੱਖਾਂ ਵਿਚ ਝਾਕਿਆ ਤੇ ਫੁਰਮਾਇਆ–

ਨਾ ਕੋ ਪੜਿਆ ਪੰਡਿਤੁ ਬੀਨਾ ਨਾ ਕੋ ਮੂਰਖੁ ਮੰਦਾ ॥
ਬੰਦੀ ਅੰਦਰਿ ਸਿਫਤਿ ਕਰਾਏ ਤਾਂ ਕਉ ਕਹੀਐ ਬੰਦਾ ॥੪॥੨॥੩੯॥ (ਪੰਨਾ ੩੫੯)

ਬੰਦੇ ਨੇ ਕਿਹਾ, "ਸਤਿ ਹੈ ਮੇਰੇ ਮਾਲਕ, ਮੈਂ ਹੁਣ ਤਾਂਤਰਿਕ ਨਹੀਂ, ਵੈਰਾਗੀ ਨਹੀਂ, ਜੋਗੀ ਨਹੀਂ, ਕੇਵਲ ਤੁਹਾਡਾ ਬੰਦਾ ਹਾਂ, ਮੈਨੂੰ ਆਪਣੀ ਬੰਦੀ ਵਿਚ ਰਖੋ ਜੀ।"

ਸਤਿਗੁਰੂ ਮੁਸਕਰਾਏ, ਬੰਦੇ ਨੂੰ ਉਠਾਇਆ ਤੇ ਸੀਨੇ ਨਾਲ ਲਗਾਇਆ। ਬੰਦੇ ਅੰਦਰ ਕੋਈ ਝਰਨਾਟ ਛਿੜੀ ਤੇ ਉਹ ਫੇਰ ਚਰਨਾਂ 'ਤੇ ਢਹਿ ਪਿਆ। ਸਤਿਗੁਰੂ ਨੇ ਉਸਦਾ ਪਿਛਲਾ ਜਨਮ-ਰੋਗ ਕੱਟ ਦਿੱਤਾ ਤੇ ਉਸਨੂੰ ਸੰਬੋਧਨ ਕਰਦਿਆਂ ਕਿਹਾ, "ਬੰਦਾ ਸਿੰਘ! ਇਹ ਜੰਤਰ, ਮੰਤਰ, ਤੰਤਰ ਬੰਦੇ ਦਾ ਕੁਝ ਨਹੀਂ ਸਵਾਰਦੇ, ਸਗੋਂ ਉਸ ਨੂੰ ਹੋਰ ਹੋਰ ਭੰਬਲ-ਭੂਸਿਆਂ 'ਚਿ ਪਾਉਂਦੇ ਹਨ। ਅੱਜ ਜਿਸ ਅਕਾਲ ਪੁਰਖ ਦੇ ਲੜ ਤੂੰ ਲਗਣ ਲੱਗਾ ਹੈਂ ਉਹ ਕਰਮ-ਰਹਿਤ ਹੈ, ਉਸ ਦਾ ਖ਼ਾਸ ਕੋਈ ਧਰਮ ਨਹੀਂ, ਉਹ ਅਜਨਮ ਤੇ ਅਭੇਖ ਹੈ। ਸਤਿਗੁਰੂ ਜੀ ਨੇ ਵਜਦ ਵਿਚ ਆ ਕੇ ਪੜ੍ਹਿਆ–

ਨ ਜੰਤ੍ਰ ਹੈ ਨ ਮੰਤ੍ਰ ਹੈ ਨ ਤੰਤ੍ਰ ਕੋ ਬਨਾਉ ਹੈ ॥
ਨ ਛਲ ਹੈ ਨ ਛਿਦ੍ਰ ਹੈ ਨ ਛਾਇਆ ਕੋ ਮਿਲਾਉ ਹੈ ॥
ਨ ਰਾਗ ਹੈ ਨ ਰੰਗ ਹੈ ਨ ਰੂਪ ਹੈ ਨ ਰੇਖ ਹੈ ॥
ਨ ਕਰਮ ਹੈ ਨ ਧਰਮ ਹੈ ਅਜਨਮ ਹੈ ਅਭੇਖ ਹੈ ॥੧੦॥੧੭੦॥ (ਅਕਾਲ ਉਸਤਤਿ)

ਜਦੋਂ ਸਤਿਗੁਰੂ ਜੀ ਨੇ ਉਸ ਪਾਸ ਰਹਿ ਕੇ ਉਸਨੂੰ ਚੰਗੀ ਤਰ੍ਹਾਂ ਦੇਖਿਆ, ਪਰਖਿਆ, ਘੋਖਿਆ ਤੇ ਵਿਸ਼ਵਾਸ


www.AKJ.Org

ਕੀਤਾ ਕਿ ਉਸਦੇ ਪਹਿਲੇ ਕਰਮਾਂ ਦਾ ਹੁਣ ਉਸ ਦੀ ਮਤਿ-ਬੁੱਧ ਉਤੇ ਕੋਈ ਪ੍ਰਭਾਵ ਨਹੀਂ ਰਿਹਾ ਤਾਂ ਨਾਲ ਆਏ ਸਿੰਘਾਂ ਦੀ ਸੰਗਤ ਵਿਚ "ਬੰਦਾ ਸਿੰਘ" ਨੂੰ ਅੰਮ੍ਰਿਤ ਛਕਾ ਕੇ ਉਸਦਾ ਨਾਮ ਗੁਰਬਖਸ਼ ਸਿੰਘ ਰੱਖ ਦਿੱਤਾ, ਭਾਵੇਂ ਕਿ ਉਹ ਇਤਿਹਾਸ ਵਿਚ "ਬੰਦਾ ਸਿੰਘ ਬਹਾਦਰ" ਦੇ ਨਾਂ ਨਾਲ ਹੀ ਪ੍ਰਸਿੱਧ ਹੈ। ਉਸ ਦਿਨ ਤੋਂ ਉਸ ਨੇ ਸਤਿਗੁਰੂ ਜੀ ਪਾਸੋਂ "ਜਪੁ" ਤੇ ਹੋਰ ਬਾਣੀਆਂ ਦੇ ਪਾਠ ਸਿਖਣੇ ਸ਼ੁਰੂ ਕਰ ਦਿੱਤੇ। ਉਹ ਬੰਦਗੀ ਕਰਨ ਲਗਾ। ਉਸ ਦੇ ਨੇਤਰਾਂ ਵਿਚ, ਚਿਹਰੇ 'ਤੇ, ਕੇਸਾਂ ਵਿਚ ਤੇ ਹਲਕ ਵਿਚ "ਅੰਮ੍ਰਿਤ" ਦਾ ਸੰਚਾਰ ਹੋਇਆ, ਜਿਸ ਨਾਲ ਉਸ ਦੀ ਕਾਇਆਂ-ਕਲਪ ਹੋ ਗਈ।

ਗੁਰੂ ਸਾਹਿਬ ਨੇ ਉਸ ਨੂੰ ਸਿੱਖੀ ਦੀ ਲਗਨ ਹੀ ਨਾ ਲਗਾਈ, ਸਿੱਖੀ ਦਾ ਗਿਆਨ ਵੀ ਬਖਸ਼ਿਆ। ਪੰਜਾਬ ਦੇ ਰਾਜਸੀ ਹਾਲਾਤ ਦਸੇ ਤੇ ਉਸ ਨੂੰ ਆਪਣੇ ਦੁਨਿਆਵੀ-ਉਤਰਾਧਿਕਾਰੀ ਦੇ ਰੂਪ ਵਿਚ ਤਿਆਰ ਕਰਨਾ ਸ਼ੁਰੂ ਕਰ ਦਿੱਤਾ। ਆਪਣੀ ਦੇਖ-ਰੇਖ ਵਿਚ ਬੰਦਾ ਸਿੰਘ ਦੀ ਸਰੀਰਕ, ਮਾਨਸਿਕ ਤੇ ਅਧਿਆਤਮਕ ਤਿਆਰੀ ਕਰਵਾਈ। ਜਦੋਂ ਆਪ ਨੇ ਉਸਦੀ ਸਰਬ ਕਲਾ ਵਿਕਾਸ-ਗਤੀ ਨੂੰ ਆਪਣੀ ਪਾਵਨ-ਛੁਹ ਪ੍ਰਦਾਨ ਕਰ ਦਿੱਤੀ ਤਾਂ ਪੰਜਾਬ ਵਿਚ ਮੁਗਲ ਹਕੂਮਤ ਦੇ ਜ਼ੁਲਮਾਂ ਵਿਰੁੱਧ ਲੋਕਾਂ ਦੀ ਅਗਵਾਈ ਕਰਨ ਲਈ ਭੇਜ ਦਿੱਤਾ। ਰਵਾਨਗੀ ਤੋਂ ਪਹਿਲਾਂ ਉਨ੍ਹਾਂ ਨੇ ਆਪਣੇ ਤਰਕਸ਼ ਵਿਚੋਂ ਪੰਜ ਤੀਰ ਦੇ ਕੇ ਉਸ ਦੀ ਸਹਾਇਤਾ ਲਈ ਪੰਜ ਸਿੰਘ ਭਾਈ ਬਿਨੋਦ ਸਿੰਘ, ਭਾਈ ਕਾਹਨ ਸਿੰਘ, ਭਾਈ ਬਾਜ਼ ਸਿੰਘ, ਭਾਈ ਦਇਆ ਸਿੰਘ ਤੇ ਭਾਈ ਰਣ ਸਿੰਘ ਨਾਲ ਭੇਜੇ। ਇਹਨਾਂ ਤੋਂ ਛੁੱਟ ਵੀਹ ਹੋਰ ਸਿੱਖ ਵੀ ਬੰਦਾ ਸਿੰਘ ਨਾਲ ਭੇਜੇ ਗਏ। ਇਕ ਨਿਸ਼ਾਨ ਸਾਹਿਬ ਤੇ ਇਕ ਨਗਾਰਾ, ਜੋ ਖਾਲਸਈ ਸ਼ਾਨ ਦੇ ਚਿੰਨ੍ਹ ਮੰਨੇ ਗਏ ਹਨ, ਵੀ ਨਾਲ ਦਿੱਤੇ।

ਬਾਬਾ ਬੰਦਾ ਸਿੰਘ ਨੂੰ ਗੁਰੂ ਸਾਹਿਬ ਨੇ ਆਖਿਆ ਕਿ ਉਸ ਦੀ ਨਿੱਜੀ-ਸਵੱਛਤਾ, ਆਚਰਣਕ-ਸੁੱਚਤਾ ਤੇ ਖਾਲਸੇ ਦੀ ਸੰਗਠਿਤਾ ਵਿਚ ਵਿਸ਼ਵਾਸ ਹੀ ਉਸ ਦੀ ਸਫਲਤਾ ਦੇ ਮੁੱਖ-ਸੋਮੇ ਹੋਣਗੇ। ਗੁਰੂ ਸਾਹਿਬ ਨੇ ਹੱਥ-ਲਿਖਤ ਹੁਕਮਨਾਮੇ ਵੀ ਪੰਜਾਬ ਦੇ ਸਿੱਖਾਂ ਦੇ ਨਾਂ ਦਿੱਤੇ, ਜਿਨ੍ਹਾਂ ਵਿਚ ਖਾਲਸੇ ਨੂੰ ਹਦਾਇਤ ਕੀਤੀ ਹੋਈ ਸੀ ਕਿ ਉਹ ਬਾਬਾ ਬੰਦਾ ਸਿੰਘ ਨੂੰ ਪੂਰਾ ਪੂਰਾ ਸਹਿਯੋਗ ਦੇ ਕੇ, ਜ਼ੁਲਮ ਦਾ ਟਾਕਰਾ ਕਰਨ।

ਪੰਜਾਬ ਵਿਚ ਪਹੁੰਚਦਿਆਂ ਹੀ ਸਿੱਖ, ਬਾਬਾ ਬੰਦਾ ਸਿੰਘ ਨਾਲ ਆ ਮਿਲੇ ਤੇ ਖਾਲਸਈ ਨਿਸ਼ਾਨ ਸਾਹਿਬ ਹੇਠ ਇਕੱਠੇ ਹੋਣ ਲੱਗੇ। ਬਾਬਾ ਬੰਦਾ ਸਿੰਘ ਨੇ ਆਪਣੀ ਫ਼ੌਜ ਨਾਲ ਸਭ ਤੋਂ ਪਹਿਲਾਂ ਸੋਨੀਪਤ ਉਤੇ ਹੱਲਾ ਬੋਲਿਆ। ਉਸ ਫ਼ੌਜ ਪਾਸ ਨਾ ਲੋੜੀਂਦੇ ਹਥਿਆਰ ਸਨ, ਨਾ ਉਹ ਸੁਸਿਖਿਅਤ ਫ਼ੌਜੀ ਸਨ, ਪਰ ਉਹਨਾਂ ਦੇ ਹਿਰਦਿਆਂ ਅੰਦਰ ਇਹ ਜੋਸ਼ ਸੀ ਕਿ ਉਹ ਜ਼ੁਲਮ ਵਿਰੁੱਧ ਲੜ ਰਹੇ ਹਨ, ਗੁਰੂ ਸਾਹਿਬ ਦੇ ਹੁਕਮ ਅਨੁਸਾਰ ਆਪਣੀਆਂ ਜਾਨਾਂ ਵਾਰ ਰਹੇ ਹਨ। ਇਸ ਵਿਚ ਉਹਨਾਂ ਦਾ ਕੋਈ ਨਿੱਜੀ-ਲਾਭ ਨਹੀਂ ਸੀ, ਸਗੋਂ ਇਹ ਸਭ ਕੁਝ ਤਾਂ ਪੰਥਕ ਹਿਤਾਂ ਖ਼ਾਤਰ ਕੀਤਾ ਜਾ ਰਿਹਾ ਸੀ। ਇਹ ਅਨੁਭਵ ਹੀ ਉਹਨਾਂ ਨੂੰ ਜੋਸ਼ ਦਿਵਾਉਂਦਾ ਸੀ।

ਸੋਨੀਪਤ ਸ਼ਹਿਰ ਨੂੰ ਲੁੱਟਣ ਉਪਰੰਤ ੨੬ ਨਵੰਬਰ ੧੭੦੯ ਨੂੰ ਖਾਲਸਈ ਫੌਜ, ਜੋ ਬਾਬਾ ਬੰਦਾ ਸਿੰਘ ਦੀ ਕਮਾਨ ਹੇਠ ਲੜ ਰਹੀ ਸੀ, ਸਮਾਣੇ ਉਤੇ ਆ ਚੜ੍ਹੀ। ਸੂਰਜ ਡੁੱਬਣ ਤੋਂ ਪਹਿਲਾਂ ਪਹਿਲਾਂ ਸ਼ਹਿਰ ਦੀਆਂ ਉਹ ਇਮਾਰਤਾਂ, ਜਿਨ੍ਹਾਂ ਵਿਚ ਜ਼ੁਲਮ ਪਲਰਦਾ ਰਿਹਾ ਸੀ, ਢਹਿ-ਢੇਰੀ ਕਰ ਦਿੱਤੀਆਂ ਗਈਆਂ। ਉਸ ਉਪ੍ਰੰਤ ਸਢੌਰੇ ਤੇ ਹਮਲਾ ਕਰ ਕੇ ਫ਼ੌਜਦਾਰ ਉਸਮਾਨ ਖਾਂ ਨੂੰ ਲੱਕ-ਤੋੜਵੀਂ ਹਾਰ ਦਿੱਤੀ ਗਈ। ਇਸ ਪਿਛੋਂ ਨਗਾਰਾ ਵਜਾਉਂਦੇ ਨਿਸ਼ਾਨ ਸਾਹਿਬ ਦੀ ਤਾਬਿਆ ਉਹ ਫ਼ੌਜਾਂ ਸਰਹਿੰਦ ਵੱਲ ਵੱਧਦੀਆਂ ਆ ਰਹੀਆਂ ਸਨ ਕਿ ਮਾਝੇ ਤੇ ਮਾਲਵੇ ਦੇ ਸਿੰਘ "ਮੋਹਿ ਮਰਨੇ ਕਾ ਚਾਉ ਹੈ" ਪੜ੍ਹਦੇ ਨਾਲ ਆ ਰਲੇ। ਛੋਟੇ ਸਾਹਿਬਜ਼ਾਦਿਆਂ ਦੇ ਕਾਤਿਲ ਵਜ਼ੀਰ ਖ਼ਾਂ ਕੋਲ ਤੋਪਖ ਨਾ ਸੀ, ਹਾਥੀ ਆਦਿ ਸਨ। ਸਿੱਖਾਂ ਪਾਸ ਟੱਟੂ, ਬਿਨਾਂ ਕਾਠੀਆਂ ਦੇ ਘੋੜੇ ਤੇ ਮਿਆਨਾਂ ਤੋਂ ਬਿਨਾਂ, ਰੱਸੀਆਂ ਨਾਲ ਲਪੇਟੀਆਂ ਤਲਵਾਰਾਂ ਸਨ। ਪਰ ਸਭ ਤੋਂ ਅਣਮੁੱਲੀ ਚੀਜ਼ ਤਾਂ ਸ਼ਕਤੀ ਸੀ ਉਹਨਾਂ ਪਾਸ ਕਲਗੀਧਰ ਪਾਤਸ਼ਾਹ ਦੀ ਬਖਸ਼ੀ ਹੋਈ "ਚੜ੍ਹਦੀ ਕਲਾ।" ਵਜ਼ੀਰ ਖਾਨ ਨੇ ਆਪਣੀ ਸਹਾਇਤਾ ਲਈ ਹਿਸਾਰ, ਲਾਹੌਰ ਤੇ ਐਮਨਾਬਾਦ ਆਦਿ ਥਾਵਾਂ ਤੋਂ ਵੀ ਫ਼ੌਜਾਂ ਮੰਗਵਾਈਆਂ ਹੋਈਆਂ ਸਨ। ਪਰ ਜਿਸ ਦੇ ਸਿਰ



www.AKJ.Org

'ਤੇ ਅਕਾਲ ਪੁਰਖ ਦੀ ਮਿਹਰ ਦਾ ਹੱਥ ਹੋਵੇ, ਉਸ ਨੂੰ ਕਾਹਦਾ ਡਰ ? ਡਾਕਟਰ ਗੰਡਾ ਸਿੰਘ ਦੇ ਕਥਨ ਅਨੁਸਾਰ ਵਜ਼ੀਰ ਖਾਂ ਦੀਆਂ ਫ਼ੌਜਾਂ ਦੀ ਨਫ਼ਰੀ ੨੦,੦੦੦ ਸੀ। ਚੱਪੜਚਿੜੀ ਦੇ ਸਥਾਨ 'ਤੇ ਘਮਸਾਨ ਦੀ ਲੜਾਈ ਹੋਈ। ਲੁੱਟ-ਮਾਰ ਕਰਨ ਵਾਲੇ ਲੋਕ ਤਾਂ ਪਹਿਲੇ ਹੱਲੇ ਹੀ ਸਿਰ ਤੇ ਪੈਰ ਰੱਖ ਕੇ ਨੱਸ ਗਏ, ਪਰ ਜਿਨ੍ਹਾਂ ਅੰਦਰ ਧਰਮ ਖ਼ਾਤਰ ਕੁਰਬਾਨ ਹੋਣ ਦਾ ਚਾਅ ਸੀ, ਉਹ ਬੜੀ ਬਹਾਦਰੀ ਨਾਲ ਲੜੇ ਤੇ ਅੰਤ ਜਿੱਤ "ਗੁਰੂ ਕੇ ਲਾਲਾਂ" ਦੀ ਹੋਈ। ਸ. ਫ਼ਤਿਹ ਸਿੰਘ ਨੇ ਜ਼ਾਲਮ ਵਜ਼ੀਰ ਖਾਂ ਨੂੰ ਸ਼ੀਰ-ਖੋਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਮਜ਼ਾ ਚਖਾਉਂ-ਦਿਆਂ ਹੋਇਆਂ, ਉਸ ਦੀ ਝੰਡ ਜ਼ਮੀਨ 'ਤੇ ਰੋਲੀ। ਹਜ਼ਾਰਾਂ ਜ਼ਾਲਮ-ਫੌਜੀ ਵੀ ਮਾਰੇ ਗਏ। ਇਥੇ ਪੰਜ ਸੌ ਸਿੱਖ ਵੀ ਸ਼ਹੀਦ ਹੋਏ, ਪਰ ਜਿੱਤ ਬਾਬਾ ਬੰਦਾ ਸਿੰਘ ਬਹਾਦਰ ਦੀ ਹੀ ਹੋਈ। ਉਥੋਂ ਬਾਬਾ ਜੀ ਨੇ ਜੋ ਤੋਪਾਂ ਕਬਜ਼ੇ ਵਿਚ ਕੀਤੀਆਂ, ਉਹ ਆਪਣੀ ਫ਼ੌਜ ਵਿਚ ਸ਼ਾਮਲ ਕਰ ਲਈਆਂ। ਸ. ਬਾਜ ਸਿੰਘ ਨੂੰ ਸਰਹਿੰਦ ਦਾ ਗਵਰਨਰ ਬਣਾ ਦਿੱਤਾ ਗਿਆ। ਹੋਰ ਪ੍ਰਬੰਧਾਂ ਲਈ ਹੋਰ ਸਿੱਖ ਅਫ਼ਸਰ ਨਿਯਤ ਕੀਤੇ ਗਏ। ਸਢੌਰੇ ਦੇ ਨੇੜੇ ਇਕ ਛੋਟਾ ਜਿਹਾ ਪਹਾੜੀ ਕਿਲ੍ਹਾ ਸੀ, ਜਿਸਨੂੰ ਕਬਜ਼ੇ ਵਿਚ ਕਰ ਕੇ ਉਸਦਾ ਨਾਂ "ਲੋਹਗੜ੍ਹ" ਰੱਖ ਦਿੱਤਾ ਗਿਆ। ਬਾਬਾ ਬੰਦਾ ਸਿੰਘ ਬਹਾਦਰ ਨੇ ਉਸ ਨੂੰ ਆਪਣਾ ਕੇਂਦਰੀ-ਸਥਾਨ ਬਣਾ ਲਿਆ, ੧੭੧੦ ਵਿਚ ਬਾਬਾ ਬੰਦਾ ਸਿੰਘ ਬਹਾਦਰ ਨੇ ਨਵਾਂ ਸਿੱਕਾ ਜਾਰੀ ਕੀਤਾ, ਜਿਸਦੇ ਇਕ ਪਾਸੇ ਇਹ ਅੱਖਰ ਉਕਰੇ ਹੋਏ ਸਨ, "ਸਿੱਕਾ ਜ਼ਦ ਬਰ ਦੋ ਆਲਮ ਤੇਗ਼ੇ ਨਾਨਕ ਵਾਹਬ ਅਸਤ। ਫ਼ਤਿਹ ਗੁਰੂ ਗੋਬਿੰਦ ਸਿੰਘ ਸ਼ਾਹੇ ਸ਼ਾਹਾਨਾ ਫ਼ਜ਼ਲ ਸੱਚਾ ਸਾਹਿਬ ਅਸਤ।" ਭਾਵ "ਸੱਚੇ ਰਬ ਦੀ ਮਿਹਰ ਸਦਕਾ ਦੋਹਾਂ ਜਹਾਨਾਂ ਵਿਚ ਇਹ ਸਿੱਕਾ ਚਾਲੂ ਹੁੰਦਾ ਹੈ। ਨਾਨਕ ਦੀ ਤਲਵਾਰ ਹਰੇਕ ਦਾਤਿ ਬਖ਼ਸ਼ਦੀ ਹੈ। ਫਤਿਹ ਗੁਰੂ ਗੋਬਿੰਦ ਸਿੰਘ ਦੀ ਹੈ, ਜੋ ਬਾਦਸ਼ਾਹਾਂ ਦਾ ਬਾਦਸ਼ਾਹ ਹੈ"। ਬਾਬਾ ਬੰਦਾ ਸਿੰਘ ਨੇ ਹੱਲ-ਵਾਹਕਾਂ ਦੇ ਭਲੇ ਲਈ ਜ਼ਿਮੀਦਾਰੀ-ਪ੍ਰਥਾ ਦਾ ਖ਼ਾਤਮਾ ਕਰ ਦਿੱਤਾ। ਇਸ ਤਰ੍ਹਾਂ ਉਹ ਨਿਆਸਰਿਆਂ ਦਾ ਆਸਰਾ ਬਣ ਇਆ। ਹੌਲੀ-ਹੌਲੀ ਉਸ ਨੇ ਜਲੰਧਰ ਤੇ ਹੁਸ਼ਿਆਰਪੁਰ ਉਤੇ ਅਧਿਕਾਰ ਜਮਾਅ ਲਿਆ। ਫੇਰ ਸਿੱਖ ਫ਼ੌਜਾ ਨੇ ਅੰਮ੍ਰਿਤਸਰ, ਬਟਾਲਾ ਤੇ ਪਠਾਨਕੋਟ ਉਤੇ ਕਬਜ਼ਾ ਕਰ ਕੇ ਦੁਆਬਾ, ਮਾਝਾ ਤੇ ਰਿਆੜਕੀ ਦੇ ਇਲਾਕੇ ਵੀ ਆਪਣੇ ਅਧੀਨ ਕਰ ਲਏ। ਇਸ ਤਰ੍ਹਾਂ ਬਾਬਾ ਬੰਦਾ ਸਿੰਘ ਦਾ ਦੱਬਦਬਾ ਬਹੁਤ ਵੱਧ ਗਿਆ ਤਾਂ ਇਹ ਖਬਰਾਂ ਬਾਦਸ਼ਾਹ ਬਹਾਦਰ ਸ਼ਾਹ ਤੱਕ ਵੀ ਜਾ ਪੁੱਜੀਆਂ। ਉਸ ਨੇ ਅਵੱਧ ਤੇ ਦਿੱਲੀ ਦੇ ਗਵਰਨਰਾਂ ਤੇ ਅਲਾਹ-ਬਾਦ ਦੇ ਫ਼ੋਜਦਾਰ ਨੂੰ ਆਪਣੀਆਂ ਆਪਣੀਆਂ ਫ਼ੌਜਾਂ ਲੈ ਕੇ ਆਉਣ ਦੇ ਹੁਕਮ ਭੇਜ ਦਿਤੇ। ਆਪ ਉਹ ਪੰਜਾਬ ਵੱਲ ਤੁਰ ਪਿਆ। ਉਸ ਸਮੇਂ ਬਾਬਾ ਬੰਦਾ ਸਿੰਘ ਰਿਆੜਕੀ ਦੇ ਇਲਾਕੇ ਵਿਚ ਸੀ। ਸਰਹਿੰਦ ਦਾ ਗਵਰਨਰ ਸ. ਬਾਜ ਸਿੰਘ ਵੀ ਉਥੇ ਨਹੀਂ ਸੀ। ਇਸ ਲਈ ਉਹ ਕਿਲ੍ਹਾ ਸਹਿਜੇ ਹੀ ਮੁਗਲਾਂ ਦੇ ਕਬਜ਼ੇ 'ਚਿ ਆ ਗਿਆ।

ਪੰਜ ਦਸੰਬਰ ੧੭੧੦ ਨੂੰ ਮੁਗਲ ਫ਼ੌਜਾਂ ਤੇ ਸਿੱਖ-ਫ਼ੌਜਾਂ ਦਾ ਟਾਕਰਾ ਸਢੌਰੇ ਵਿਚ ਹੋਇਆ, ਪਰ ੧੧ ਦਸੰਬਰ ਨੂੰ ਸਿੱਖ ਫ਼ੌਜਾਂ ਨੂੰ ਕਿਲ੍ਹਾ ਖ਼ਾਲੀ ਕਰਨਾ ਪੈ ਗਿਆ। ਬਾਬਾ ਬੰਦਾ ਸਿੰਘ ਬਹਾਦਰ ਇਸ ਵਿਚਾਰ ਨਾਲ, ਭੇਸ ਬਦਲ ਕੇ ਉਥੋਂ ਨਿਕਲ ਗਿਆ ਕਿ ਮੌਕਾ ਮਿਲਣ ਤੇ ਫੇਰ ਸ਼ਤਰੂ ਦਾ ਟਾਕਰਾ ਕੀਤਾ ਜਾਏਗਾ। ਸਿੱਖ ਕਦੇ ਨਿਰਾਸ਼ ਨਹੀਂ ਹੁੰਦੇ, ਸਗੋਂ ਸਦਾ ਆਸਵੰਦ ਰਹਿੰਦੇ ਹਨ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਮਰਨਾ ਤਾਂ ਹੈ ਹੀ, ਫੇਰ ਕਿਉਂ ਨਾ ਸੰਘਰਸ਼ ਕਰ ਕੇ ਮਰਿਆ ਜਾਵੇ। ਸੋ ਬਾਬਾ ਬੰਦਾ ਸਿੰਘ ਅਗਲੇ ਭੇੜ ਦੀ ਤਿਆਰੀ ਵਾਸਤੇ ਰਿਆਸਤ ਨਾਹਨ ਵਿਚ ਜਾ ਵੜਿਆ। ਉਸ ਨੇ ਲੋਹਗੜ੍ਹ ਦੀ ਹਾਰ ਤੋਂ ਦਿਲ ਨਾ ਛੱਡਿਆ, ਕਿਉਂਕਿ ਉਸ ਦੀ ਸ਼ਕਤੀ ਦੇ ਸੋਮੇ ਨਾ ਕਿਲ੍ਹੇ ਸਨ ਨਾ ਖਜ਼ਾਨੇ, ਸਗੋਂ ਉਸ ਦੀ ਸ਼ਕਤੀ ਦਾ ਭੇਤ ਤਾਂ ਖਾਲਸੇ ਦੀ ਚੜ੍ਹਦੀ ਕਲਾ ਤੇ ਸੰਗਠਿਤ ਜੀਵਨ ਵਿਚ ਸੀ। ਇਹੋ ਕੁਝ ਉਸ ਨੂੰ ਗੁਰੂ ਕਲਗੀਧਰ ਪਾਤਸ਼ਾਹ ਜੀ ਨੇ ਸਮਝਾਇਆ ਸੀ। ਸੋ ਉਸ ਨੇ ਹੁਕਮਨਾਮੇ ਜਾਰੀ ਕਰ ਕੇ ਖਿੰਡੇ-ਪੁੰਡੇ ਖਾਲਸਾ ਜੀ ਨੂੰ ਕੀਰਤਪੁਰ ਵਿਖੇ ਸੱਦ ਲਿਆ, ਏਕਤਾ ਦੀ ਸ਼ਕਤੀ ਦੇ ਬਲ-ਬੋਤੇ ਉਸ ਨੇ ਪਹਾੜੀ ਰਾਜਿਆਂ ਕੋਲੋਂ ਈਨ ਮੰਨਵਾਣੀ ਸ਼ੁਰੂ ਕਰ ਦਿੱਤੀ। ਬਹੁਤ ਸਾਰੇ ਰਾਜੇ ਤਾਂ ਆਪ ਹੀ ਖਾਲਸੇ ਦੇ ਅਧੀਨ ਹੋ ਗਏ, ਪਰ ਜੰਮੂ 'ਤੇ ਚੜ੍ਹਾਈ ਕਰਨੀ ਪਈ। ਜੰਮੂ ਦਾ ਫ਼ੌਜਦਾਰ ਭੇੜ ਵਿਚ ਮਾਰਿਆ ਗਿਆ, ਬਹਿਰਾਮ, ਕਲਾਨੌਰ ਤੇ ਬਟਾਲਾ ਫੇਰ ਸਿੰਘਾਂ ਦੇ ਕਬਜ਼ੇ ਵਿਚ ਆ ਗਏ। ਸ਼ਕਤੀ ਦੇ ਜ਼ੋਰ ਹੋਰ ਇਲਾਕੇ ਦੀ ਸੰਭਾਲ ਲਏ



www.AKJ.Org

ਗਏ। ਆਖ਼ਰ ਗੁਰਦਾਸਪੁਰ ਤੋਂ ਚਾਰ ਮੀਲਾਂ ਦੀ ਵਿੱਥ ਤੇ ਗੁਰਦਾਸ ਨੰਗਲ ਵਿਚ ਮੁਗਲ ਫੌਜਾਂ ਤੇ ਸਿੱਖ ਫੌਜਾਂ ਵਿਚ ਨਿਰਣਾ-ਜਨਕ ਲੜਾਈ ਹੋਈ। ਸਿੱਖਾਂ ਕੋਲ ਕੋਈ ਕਿਲ੍ਹਾ ਨਹੀਂ ਸੀ, ਰਸਦ-ਪਾਣੀ ਵੀ ਹੈ ਨਹੀਂ ਸੀ, ਹੈ ਸੀ ਤਾਂ ਕੇਵਲ ਸਤਿਗੁਰੂ ਦੀ ਬਖਸ਼ੀ ਹੋਈ ਚੜ੍ਹਦੀ ਕਲਾ। ਘੇਰਾ ਲੰਮਾ ਹੋ ਜਾਣ ਕਰਕੇ ਹਾਲਾਤ ਤਰਸਯੋਗ ਹੋ ਗਏ। ਕਈ ਦਿਨ ਘਾਹ-ਪੱਤੇ ਤੇ ਹੋਰਨਾਂ ਵਸਤਾਂ 'ਤੇ ਗੁਜ਼ਾਰਾ ਕਰਨਾ ਪਿਆ। ਭੁੱਖੇ-ਪਿਆਸੇ ਸਿੰਘ ਲੜਦੇ ਰਹੇ, ਪਰ ਆਖ਼ਰ ਕੱਦ ਤੱਕ ?

ਹੋਰਨਾਂ ਔਕੜਾਂ ਦਾ ਟਾਕਰਾ ਤਾਂ ਕੀਤਾ ਜਾ ਸਕਦਾ ਹੈ, ਪਰ ਜਦ ਦਿਲਾਂ ਵਿਚ ਮਤ-ਭੇਦ ਪੈਦਾ ਹੋ ਜਾਣ ਤਾਂ ਫੇਰ ਨੁਕਸਾਨ ਹੋਣਾ ਹੀ ਹੁੰਦਾ ਹੈ। ਮਤ-ਭੇਦ ਕੌਮਾਂ ਨੂੰ ਟੀਚੇ ਤੋਂ ਪਰਾਂ ਹਟਾ ਦਿੰਦੇ ਹਨ। ਟੀਚੇ ਤੋਂ ਹਿੱਲੀਆਂ ਕੌਮਾਂ ਸਦਾ ਹੀ ਹਾਰ ਦਾ ਮੂੰਹ ਵੇਖਦੀਆਂ ਹਨ। ਇਹੋ ਹਾਲ ਉਸ ਸਮੇਂ ਸਿੱਖਾਂ ਦਾ ਹੋਇਆ। ਭਾਈ ਬਿਨੋਦ ਸਿੰਘ ਦਾ ਬਾਬਾ ਬੰਦਾ ਸਿੰਘ ਨਾਲ ਮਤ-ਭੇਦ ਹੋ ਗਿਆ ਤੇ ਉਹ ਆਪਣੇ ਸਾਥੀਆਂ ਸਮੇਤ ਦੁਸ਼ਮਣ ਦੀਆਂ ਸਫ਼ਾਂ ਚੀਰਦਾ ਹੋਇਆ ਨਿਕਲ ਗਿਆ। ਇਸ ਨਾਲ ਸਿੱਖਾਂ ਦੀ ਸ਼ਕਤੀ ਹੋਰ ਘੱਟ ਗਈ। ਫਲ ਸਰੂਪ ਇਸ ਲੜਾਈ ਵਿਚ ੮੦੦੦ ਸਿੱਖ ਸ਼ਹੀਦ ਹੋ ਗਏ ਤੇ ਬਾਕੀ ਕੈਦ ਕਰ ਲਏ ਗਏ। ਬਾਬਾ ਬੰਦਾ ਸਿੰਘ ਨੂੰ ਕੈਦ ਕਰ ਕੇ ਲੋਹੇ ਦੇ ਪਿੰਜਰੇ ਵਿਚ ਪਾ ਦਿੱਤਾ ਗਿਆ। ਲਾਹੌਰ ਸ਼ਹਿਰ ਵਿਚ ਸ਼ਹੀਦ ਸਿੱਖਾਂ ਦੇ ਸਿਰਾਂ ਦਾ ਜਲੂਸ ਕੈਦੀ ਸਿੱਖਾਂ ਨਾਲ ਕੱਢ ਕੇ ਉਹਨਾਂ ਨੂੰ ਜ਼ਲੀਲ ਕੀਤਾ ਗਿਆ। ਇਸੇ ਤਰ੍ਹਾਂ ਦਾ ਜਲੂਸ ਸਰਹਿੰਦ ਵਿਚ ਕੱਢ ਕੇ, ਪੜਾਅ-ਪੜਾਅ ਤੋਰਦੇ ੨੯ ਫਰਵਰੀ ੧੭੧੬ ਨੂੰ ਉਹਨਾਂ ਨੂੰ ਦਿੱਲੀ ਲਿਆਂਦਾ ਗਿਆ। ਉਹਨਾਂ ਨੂੰ ਖਵਾਜਾ ਕੁਤਬਦੀਨ ਬਖ਼ਤਿਆਰ ਦੀ ਖ਼ਾਨਗਾਹ ਤੇ ਲਿਜਾ ਕੇ ਮੁਸਲਮਾਨ ਬਣਨ ਲਈ ਕਿਹਾ ਗਿਆ। ਪਰ ਆਫ਼ਰੀਨ ਹੈ ਉਹਨਾਂ ਸੂਰਬੀਰਾਂ-ਦੂਲਿਆਂ ਦੇ ਕਿ ਭੁੱਖੇ-ਪਿਆਸੇ, ਜ਼ਖਮੀ ਹਾਲਤ ਵਿਚ ਹੁੰਦੇ ਹੋਏ ਵੀ ਕਿਸੇ ਇਕ ਨੇ ਵੀ ਧਰਮ ਦਾ ਤਿਆਗ ਕਰਨਾ ਪ੍ਰਵਾਨ ਨਾ ਕੀਤਾ, ਸਗੋਂ ਮਰਨਾ ਸਵੀਕਾਰ ਕੀਤਾ। ਜੀਊਂਦੀਆਂ ਕੌਮਾਂ ਦਾ ਇਹ ਖਾਸਾ ਹੁੰਦਾ ਹੈ। ਜਿਸ ਕੌਮ ਦੇ ਬੱਚੇ ਧਰਮ ਤੋਂ ਕੁਰਬਾਨ ਹੋ ਸਕਦੇ ਹਨ, ਨੀਹਾਂ ਵਿਚ ਚਿਣੇ ਜਾ ਸਕਦੇ ਹਨ, ਪਰ ਧਰਮ ਤਿਆਗਣ ਦੀ ਗੱਲ ਸੁਣਨ ਨੂੰ ਤਿਆਰ ਨਹੀਂ ਹੁੰਦੇ, ਭਲਾ ਉਹਨਾਂ ਦੇ ਵਡੇਰੇ ਇਹ ਕਿਵੇਂ ਕਰ ਸਕਦੇ ਸਨ ? ਸੋ ਉਹਨਾਂ ਧਰਮ ਛੱਡਣ ਨਾਲੋਂ ਮਰਨਾ ਕਬੂਲ ਕੀਤਾ। ਆਖ਼ਰ ਉਹਨਾਂ ਨੂੰ ਸ਼ਹੀਦ ਕਰਨਾ ਸ਼ੁਰੂ ਕੀਤਾ ਗਿਆ। ਹਰ ਰੋਜ਼ ਸਿੰਘ ਸ਼ਹੀਦ ਕੀਤੇ ਜਾਂਦੇ ਸਨ। ਅੰਤ ਵਾਰੀ ਆਈ ਬਾਬਾ ਬੰਦਾ ਸਿੰਘ ਦੇ ਪੁੱਤਰ ਅਜੈ ਸਿੰਘ ਦੀ। ਜਦੋਂ ਉਸ ਨੇ ਵੀ ਲਲਕਾਰ ਕੇ ਧਰਮ ਨਾ ਤਿਆਗਣ ਦਾ ਬੋਲ ਬੋਲਿਆ ਤਾਂ ਉਸ ਦੇ ਟੁਕੜੇ ਕੀਤੇ ਗਏ ਤੇ ਉਸ ਦਾ ਕਲੇਜਾ ਕੱਢ ਕੇ ਬਾਬਾ ਜੀ ਦੇ ਮੂੰਹ ਵਿਚ ਦਿੱਤਾ ਗਿਆ। ਪਰ ਉਹ ਅਡੋਲ ਰਹੇ। ਅੰਤ ਗਰਮ ਸਲਾਖਾਂ ਨਾਲ ਬਾਬਾ ਜੀ ਦੀਆਂ ਦੋਵੇਂ ਅੱਖਾਂ ਕੱਢ ਦਿੱਤੀਆਂ ਗਈਆਂ, ਹੱਥ-ਪੈਰ ਕੱਟ ਦਿਤੇ ਗਏ। ਗਰਮ ਜਮੂਰਾਂ ਨਾਲ ਮਾਸ ਉਧੇੜਿਆ ਗਿਆ ਤੇ ਅੰਤ ਸਿਰ ਧੜ ਤੋਂ ਅੱਡ ਕਰ ਦਿੱਤਾ ਗਿਆ। ਇਨ੍ਹਾਂ ਸਭ ਤਸੀਹਿਆਂ ਨੂੰ ਬਾਬਾ ਜੀ ਨੇ ਬੜੀ ਦ੍ਰਿੜ੍ਹਤਾ ਤੇ ਸਬਰ ਨਾਲ ਜਰਿਆ।

ਦੁੱਖ ਤੇ ਪੀੜਾ ਉਹਨਾਂ ਨੂੰ ਹੁੰਦੀ ਹੈ, ਜਿਨ੍ਹਾਂ ਤਨ ਪਿਆਰੇ ਕੀਤੇ ਹੋਣ, ਪਰ ਜੋ ਅੰਤਰ-ਆਤਮੇ ਆਪਣੇ ਮਹਿਬੂਬ ਨਾਲ ਜੁੜੇ ਹੋਣ, ਉਹਨਾਂ ਨੂੰ ਸਰੀਰਕ ਪੀੜਾਂ ਨਹੀਂ ਹੁੰਦੀਆਂ। ਉਹਨਾਂ ਦਾ ਭਰੋਸਾ ਤਾਂ "ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥" ਉਤੇ ਟਿਕਿਆ ਹੁੰਦਾ ਹੈ। ਇਸ ਤਰ੍ਹਾਂ ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ੯ ਜੂਨ ੧੭੧੬ ਨੂੰ ਸ਼ਹੀਦੀਆਂ ਪ੍ਰਾਪਤ ਕੀਤੀਆਂ ਤੇ ਤਨ ਦਾ ਠੀਕਰਾ ਜ਼ਾਲਮ ਹਕੂਮਤ ਦੇ ਸਿਰ ਭੰਨ ਕੇ ਆਪਣੇ ਮੁਰਸ਼ਦ ਦੇ ਚਰਨਾਂ ਵਿਚ ਜਾ ਨਿਵਾਸ ਕੀਤਾ।

---


## ਰਾਗਮਾਲਾ ਬਾਰੇ ਵਿਚਾਰ

ਰਾਗਮਾਲਾ ਦੀ ਅਸਲੀਅਤ ਨੂੰ ਸਮਝਣ ਲਈ ਇਸ ਟਰੈਕਟ ਵਿਚ ਦਿਤੇ ਭਾਈ ਕਾਨ੍ਹ ਸਿੰਘ ਜੀ ਨਾਭਾ, ਪ੍ਰੋ: ਪਿਆਰਾ ਸਿੰਘ ਜੀ ਪਦਮ, ਭਾ: ਸਾ: ਰਣਧੀਰ ਸਿੰਘ ਜੀ, ਸ: ਸ਼ਮਸ਼ੇਰ ਸਿੰਘ ਅਸ਼ੋਕ, ਵੈਦਰਾਜ ਗਿ: ਅਰਜਨ ਸਿੰਘ ਜੀ ਅਤੇ ਹੋਰ ਵਿਦਵਾਨਾਂ ਦੇ ਖੋਜ-ਪੂਰਤ ਵਿਚਾਰ ਪੜ੍ਹੋ। ਇਨ੍ਹਾਂ ਲੇਖਾਂ ਨੂੰ ਪੜ੍ਹ ਕੇ ਇਹ ਤੱਥ ਸਪੱਸ਼ਟ ਤੌਰ ਤੇ ਉਘੜ ਆਉਂਦਾ ਹੈ ਕਿ 'ਰਾਗਮਾਲਾ ਗੁਰਬਾਣੀ ਹੈ' ਜਾਂ ਨਹੀਂ। ਇਸ ਨੂੰ ਆਪ ਪੜ੍ਹੋ ਅਤੇ ਹੋਰਨਾਂ ਵੀਰਾਂ ਭੈਣਾਂ ਨੂੰ ਪੜ੍ਹਾਓ। ਭੇਟਾ ਕੇਵਲ ੨-੦੦



www.AKJ.Org

# ਖਾਲਸਾ ਪੰਥ ਨੂੰ ਦਰਪੇਸ਼ ਚੁਣੌਤੀਆਂ

[ਪ੍ਰੋਫੈਸਰ ਜੋਗਿੰਦਰ ਸਿੰਘ ਜੀ, ਮੈਂਬਰ : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ]

ਜਿਸ 'ਪੰਥ' ਨੂੰ ਗੁਰੂ ਨਾਨਕ ਦੇਵ ਜੀ ਨੇ 'ਨਿਰਮਲ' ਰੂਪ ਵਿਚ ਸਿਰਜਿਆ ਤੇ ਸੰਵਾਰਿਆ ਸੀ, ਉਸੇ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸੰਪੂਰਨਤਾ ਪ੍ਰਦਾਨ ਕਰ ਕੇ 'ਖ਼ਾਲਸਾ-ਪੰਥ' ਆਖਿਆ ਸੀ। ਜਿਵੇਂ ਗੁਰੂ ਨਾਨਕ ਦੇਵ ਜੀ ਦਾ ਸਹਿਜ-ਵਿਸਤਾਰ ਗੁਰੂ ਗੋਬਿੰਦ ਸਿੰਘ ਜੀ ਹਨ, ਇਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੇ ਚਲਾਏ 'ਨਿਰਮਲ' ਪੰਥ' ਦਾ ਸਹਿਜ-ਵਿਸਤਾਰ ਹੀ 'ਖਾਲਸਾ-ਪੰਥ' ਹੈ। ਆਤਮਕ ਅਨੁਭਵਾਂ ਤੇ ਅਰਥਾਂ ਵਿਚ 'ਨਿਰਮਲ' ਤੇ 'ਖਾਲਸਾ' ਸ਼ਬਦਾਂ ਵਿਚ ਕੋਈ ਅੰਤਰ-ਭੇਦ ਨਹੀਂ, ਪਰ ਸਮਾਜਕ ਤੇ ਰਾਜਨੀਤਕ ਦ੍ਰਿਸ਼ਟੀ ਤੋਂ ਖ਼ਾਸ ਕਰ ਕੇ ਜਥੇਬੰਦਕ ਦ੍ਰਿਸ਼ਟੀ ਤੋਂ ਦੋਹਾਂ ਦੇ ਸੰਕਲਪਾਂ ਤੇ ਉਦੇਸ਼ਾਂ ਵਿਚ ਸਪੱਸ਼ਟ ਅੰਤਰ-ਭੇਦ ਹੈ। ਨਿਰਮਲ ਉਹੀ ਹੈ, ਜਿਸ ਵਿਚ ਦਵੈਤ ਤੇ ਦਵੰਦ ਨਹੀਂ, ਮੈਲ ਤੇ ਮਾਇਆ-ਮੋਹ ਨਹੀਂ, ਲੋਭ ਤੇ ਲਾਲਚ ਨਹੀਂ। ਨਿਰਮਲ ਸਿਧਾਂਤ ਹੋਵੇ, ਜਾਂ ਸਿਧਾਂਤ ਉਲੀਕਿਆ ਮਾਰਗ ਹੋਵੇ ਜਾਂ ਮਾਰਗ ਉਤੇ ਚੱਲਣ ਵਾਲੀ ਸੰਗਤ-ਜਥੇਬੰਦੀ ਹੋਵੇ, ਉਸ ਦੀ ਪ੍ਰਥਮ ਵਿਸ਼ੇਸ਼ਤਾ ਜਾਂ ਪਛਾਣ ਇਹੀ ਹੁੰਦੀ ਹੈ ਕਿ ਉਸ ਦੇ ਮਨ, ਬਚਨ ਤੇ ਕਰਮ-ਸੋਚ, ਬੋਲ ਤੇ ਵਿਹਾਰ ਵਿਚ ਆਤਮਕ-ਇਕਸੁਰਤਾ ਹੁੰਦੀ ਹੈ। ਦੁਬਿੱਧਾ, ਭਰਮ, ਪਾਖੰਡ ਤੇ ਪਾਪ ਦਾ ਅੰਸ਼ ਨਿਰਮਲਤਾ ਵਿਚ ਬਿਲਕੁਲ ਨਹੀਂ ਹੁੰਦਾ। ਨਿਰਮਲਤਾ ਵਿਚ ਨਿਸ਼ਕਾਮ ਤੇ ਸਮਰਪਿਤ-ਬਿਰਤੀਆਂ ਸਦਾ ਪ੍ਰਚੰਡ ਰਹਿੰਦੀਆਂ ਹਨ। ਪਕੜ, ਬੰਧਨ, ਸੰਘਰਸ਼ ਤੇ ਸੰਕਟ ਦੀ ਸਥਿਤੀ 'ਨਿਰਮਲ ਪੰਥ' ਵਿਚ ਕਦੀ ਪੈਦਾ ਨਹੀਂ ਹੁੰਦੀ। ਇਹੀ ਕਾਰਨ ਹੈ ਕਿ ਜਿਹੜਾ ਨਿਰਮਲ ਪੰਥ-ਸਿਧਾਂਤ, ਮਾਰਗ ਤੇ ਜਥੇਬੰਦਕ ਰੂਪ ਗੁਰੂ ਨਾਨਕ ਦੇਵ ਜੀ ਨੇ ਪਹਿਲਾਂ ਸੰਕਲਪ, ਫਿਰ ਸਿਧਾਂਤ ਤੇ ਅਖ਼ੀਰ ਸੰਸਥਾ ਰੂਪ ਵਿਚ ਸਿਰਜਿਆ ਤੇ ਨਿਆਰੇ ਰੂਪ ਵਿਚ ਘਟੋ ਘਟ ੨੩੯ ਸਾਲ (੧੪੬੯ ਈ: ਤੋਂ ੧੭੦੮ ਈ: ਤਕ) ਚਲਾਇਆ, ਉਹ ਇੰਨਾ ਸ਼ੁੱਧ-ਆਤਮਕ, ਨਿਰਮਲ, ਨਿਆਰਾ ਤੇ ਨਿਖਾਲਸ ਸੀ ਕਿ ਸਮੇਂ ਸਮੇਂ ੧੦ ਕਾਇਆਂ ਜਾਂ ਰੂਪਾਂ ਵਿਚ ਉਜਾਗਰ ਹੋ ਕੇ ਵੀ, ਸਮੇਂ ਤੇ ਸਮਕਾਲੀ ਹਾਕਮਾਂ ਨਾਲ ਜੂਝ ਕੇ ਵੀ ਉਸ ਨੇ 'ਪੰਥ-ਸਿਰਜਨਾ' ਦੇ ਇਤਿਹਾਸ ਵਿਚ ਨਾ ਆਤਮਕ-ਇਕਸੁਰਤਾ ਨੂੰ ਟੁੱਟਣ ਦਿੱਤਾ, ਨਾ ਸੋਚ, ਬੋਲ ਤੇ ਵਿਹਾਰ ਵਿਚ ਦੁਬਿੱਧਾ ਤੇ ਦਵੈਤ ਨੂੰ ਉਪਜਣ ਦਿੱਤਾ ਅਤੇ ਨਾ ਹੀ ਨਿਰਮਲਤਾ ਵਿਰੋਧੀ—ਭਰਮ, ਪਾਖੰਡ ਤੇ ਪਾਪ ਨਾਲ ਲਿਬੜੀਆਂ ਬਿਪਰਨ ਦੀਆਂ ਰੀਤਾਂ ਨੂੰ ਆਪਣੇ ਨਿਰਮਲ ਜਾਂ ਖਾਲਸਾ-ਪੰਥ ਵਿਚ ਸਵੀਕ੍ਰਿਤ ਕੀਤਾ। 'ਪੰਥ' ਦਾ ਸਰੂਪ ਭਾਵੇਂ ਨਿਰਮਲ ਸੀ ਜਾਂ ਖਾਲਸਾ, ਅਧਿਆਤਮਿਕ ਅਤੇ ਇਤਿਹਾਸਕ ਦ੍ਰਿਸ਼ਟੀ ਤੋਂ ਇਹ ਸਪੱਸ਼ਟ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ੧੬੯੯ ਈ: ਵਿਚ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਉਤੇ, ਪਹਿਲਾਂ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ, ਫਿਰ ਪੰਜਾਂ ਪਿਆਰਿਆਂ ਕੋਲੋਂ ਆਪ ਅੰਮ੍ਰਿਤ ਛੱਕ ਕੇ, ਜਿਵੇਂ ਨਿਰਮਲ ਪੰਥ ਦੇ ਮਾਰਗੀ-ਸਿੱਖਾਂ ਨੂੰ ਖਾਲਸਾ ਪੰਥ ਦੇ ਨਿਆਰੇ ਸਰੂਪ ਵਿਚ ਰਚਿਆ ਤੇ ਸਾਰੇ ਸੰਸਾਰ ਵਿਚ ਉਜਾਗਰ ਕੀਤਾ ਸੀ, ਫਿਰ ਆਪਣਾ ਰੂਪ ਤੇ ਤੇਜ, ਸਦੀਵੀ ਰੂਪ ਵਿਚ 'ਖਾਲਸਾ-ਪੰਥ' ਦੇ ਅੰਗ ਸੰਗ ਰਖ ਕੇ ਇਹ ਐਲਾਨ ਕੀਤਾ ਸੀ ਕਿ ਖਾਲਸਾ-ਪੰਥ ਮੇਰਾ ਇਸ਼ਟ ਹੈ, ਮੇਰੇ ਪ੍ਰਾਣ ਹੈ, ਮੇਰੀ ਜਾਤਿ ਤੇ ਪਤਿ ਹੈ, ਮੇਰਾ ਪਿੰਡ ਹੈ, ਮੇਰਾ ਬੇਗਮਪੁਰਾ ਹੈ, ਤਾਂ ਇਸ ਵੇਲੇ 'ਖਾਲਸਾ-ਪੰਥ' ਕੇਵਲ ਇਕ ਸੰਕਲਪ, ਸਿਧਾਂਤ ਜਾਂ ਮਾਰਗ ਹੀ ਨਹੀਂ ਸੀ, ਸਗੋਂ ਇਕ ਸੁਤੰਤਰ ਹੋਂਦ, ਇਕ ਸੁਤੰਤਰ ਹਸਤੀ. ਇਕ ਸੁਤੰਤਰ ਸ਼ਕਤੀ, ਤੇਜ ਤੇ ਪ੍ਰਤਾਪ ਵਾਲੀ ਇਕ ਸੁਤੰਤਰ ਕੌਮ, ਜਿਹੜੀ ਨਾ ਹਿੰਦੂ ਸੀ, ਨਾ ਮੁਸਲਮਾਨ ਸੀ, ਦੋਹਾਂ ਨੂੰ ਚੁਣੌਤੀਆਂ ਦੇਣ ਵਾਲੀ ਇਕ ਨਿਆਰੀ, ਮੌਲਿਕ, ਸੁਤੰਤਰ ਤੇ ਖੜਗ-ਭੁਜਾ ਵਾਲੀ ਹਸਤੀ ਸੀ, ਜਿਸ ਨੂੰ ਦੂਜਾ ਭਾਈ ਗੁਰਦਾਸ ਸਿੰਘ 'ਤੀਸਰਾ ਪੰਥ' ਕਹਿੰਦਾ ਹੈ।

ਨਿਰਮਲ ਪੰਥ ਦੀ ਹੋਂਦ, ਹੱਸਤੀ ਤੇ ਕੌਮੀ ਸਰੂਪ ਨੂੰ ਸਿਰਜਨ ਤੇ ਉਜਾਗਰ ਕਰਨ ਵਿਚ ਭਾਵੇਂ ਪਹਿਲੇ ਨੌਂ ਗੁਰੂ ਸਾਹਿਬਾਨ ਦਾ ਅਦੁੱਤੀ ਯੋਗਦਾਨ ਹੈ, ਪਰ ਇਤਿਹਾਸਕ ਦ੍ਰਿਸ਼ਟੀ ਤੋਂ ਇਹ ਬਿਲਕੁਲ ਸਪੱਸ਼ਟ ਹੈ ਕਿ ਨਿਰਮਲ ਪੰਥ ਨੂੰ ਖਾਲਸਾ ਰੂਪ ਪ੍ਰਦਾਨ ਕਰਨ ਵਿਚ ਤੇ ਫਿਰ ਖਾਲਸਾ-ਪੰਥ ਨੂੰ ਇਕ ਸੰਜਮ, ਇਕ ਮਰਯਾਦਾ-



www.AKJ.Org

ਬੱਧ ਰੂਪ ਵਿਚ ਸਜਾਣ, ਸਥਾਪਿਤ ਤੇ ਉਜਾਗਰ ਕਰਨ ਵਿਚ ਜੋ ਯੋਗਦਾਨ ਗੁਰੂ ਗੋਬਿੰਦ ਸਿੰਘ ਜੀ ਦਾ ਹੈ, ਉਹ ਅਦੁੱਤੀ ਤੇ ਬੇਮਿਸਾਲ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਤਾ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਪਿਛੋਂ ਪੂਰੀ ਗੰਭੀਰਤਾ ਨਾਲ ਮਹਿਸੂਸ ਕਰ ਲਿਆ ਸੀ ਕਿ ਨਿਰਮਲ ਪੰਥ ਦੇ ਮਾਰਗੀਆਂ ਨੂੰ ਇਕ ਐਸਾ ਨਿਆਰਾ ਸਰੂਪ, ਨਿਆਰੀ ਜੀਵਨ-ਜਾਚ, ਨਿਆਰੇ ਆਦਰਸ਼, ਨਿਆਰੀ ਗੌਰਵਤਾ ਪ੍ਰਦਾਨ ਕਰਨੀ ਚਾਹੀਦੀ ਹੈ, ਜਿਸ ਸਦਕਾ 'ਖਾਲਸਾ' ਭਾਵੇਂ ਹਜ਼ਾਰਾਂ ਵਿਚ ਹੋਵੇ ਜਾਂ ਲੱਖਾਂ ਵਿਚ ਹੋਵੇ, ਉਸ ਦਾ ਨਿਆਰਾ ਜਾਂ ਖਾਲਸਾ ਸਰੂਪ ਲੁਕ-ਛਿੱਪ ਨਾ ਸਕੇ, ਉਹ ਆਪਣੀ ਉਜਾਗਰਤਾ ਤੋਂ ਮੁੱਖ ਮੋੜ ਨਾ ਸਕੇ। ਇਹੀ ਕਾਰਨ ਹੈ ਕਿ—

੧੬੯੯ ਦੀ ਵੈਸਾਖੀ ਨੂੰ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਉਤੇ, ਇਕ ਬਚਿੱਤਰ ਨਾਟਕ ਦਿਖਾ ਕੇ ਦੱਸਵੇਂ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਜਿਹੜਾ 'ਖਾਲਸਾ-ਪੰਥ' ਸਾਜਿਆ, ਉਸ ਦੀ ਪਹਿਲੀ ਪਛਾਣ ਇਹੀ ਰੱਖੀ ਕਿ ਉਹ ਗੁਰੂ-ਹੁਕਮ ਨੂੰ ਮੰਨਣ ਵਾਲਾ ਸੀ। ਜੇ ਗੁਰੂ ਗੋਬਿੰਦ ਸਿੰਘ ਜੀ ਨੇ ਸੀਸ ਮੰਗਿਆ ਹੈ, ਤਾਂ ਉਹ ਗੁਰੂ-ਹੁਕਮਾਂ ਉਤੇ ਸੀਸ ਦੇਣ ਵਾਲਾ ਸਾਬਤ ਹੋਇਆ। ਸੀਸ ਭੇਟ ਕਰਨ ਵਾਲੇ ਨੂੰ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਸਪੱਸ਼ਟ ਰੂਪ ਵਿਚ ਆਪਣਾ 'ਪਿਆਰਾ' ਐਲਾਨਿਆ। ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਾਂ ਅਨੁਸਾਰ ਜਦੋਂ ਪੰਜਾਂ ਸਿੱਖਾਂ ਨੇ ਆਪਣੇ ਸੀਸ ਭੇਟ ਕਰ ਦਿੱਤੇ, ਤਾਂ ਪੰਜਾਂ ਨੂੰ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ 'ਪਿਆਰੇ' ਪਰਵਾਨ ਕਰ ਲਿਆ। ਗੁਰੂ ਤੇ ਪਿਆਰੇ ਵਿਚ ਇਕ ਅਟੁੱਟ ਆਤਮਕ ਸਾਂਝ ਸਥਾਪਿਤ ਹੋ ਗਈ। 'ਗੁਰੂ' ਸਦਾ ਪੰਜ ਪਿਆਰਿਆਂ ਵਿਚ ਵਸਦਾ ਹੈ, ਤੇ 'ਪੰਜ ਪਿਆਰੇ' ਸਦਾ ਗੁਰੂ ਲਈ ਸਮਰਪਿਤ ਹੁੰਦੇ ਹਨ। ਗੁਰੂ-ਪਿਆਰਾ ਅੰਦਰੋਂ ਬਾਹਰੋਂ ਸਦਾ ਨਿਰਮਲ ਪੰਥ ਦਾ ਪਾਂਧੀ ਹੁੰਦਾ ਹੈ। ਉਹ ਦੂਜਾ-ਤੀਜਾ ਜਾਂ ਦਵੈਤ ਮੰਡਲ ਨੂੰ ਪਸੰਦ ਨਹੀਂ ਕਰਦਾ। 'ਖਾਲਸਾ' ਬਣ ਕੇ ਜੀਊਣਾ ਉਸ ਦਾ ਸਪੱਸ਼ਟ ਆਦਰਸ਼ ਹੁੰਦਾ ਹੈ।

ਖਾਲਸਾ ਬਣਨ ਲਈ ਜਿਹੜੀ ਦੂਜੀ ਪਛਾਣ ਗੁਰੂ ਗੋਬਿੰਦ ਸਿੰਘ ਜੀ ਨੇ ਸਥਾਪਿਤ ਕੀਤੀ, ਉਹ ਸੀ ਕਿ ਗੁਰੂ ਦਾ ਪਿਆਰਾ ਜੇ ਖਾਲਸਾ ਬਣਨਾ ਚਾਹੁੰਦਾ ਹੈ ਜਾਂ ਅਖਵਾਣਾ ਚਾਹੁੰਦਾ ਹੈ, ਤਾਂ ਉਹ ਖੰਡੇ-ਬਾਟੇ ਦਾ ਅੰਮ੍ਰਿਤ ਛਕੇ। ਖੰਡੇ-ਬਾਟੇ ਦਾ ਅੰਮ੍ਰਿਤ ਕੇਵਲ ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਤਿੱਭਾਸ਼ਾਲੀ ਸ਼ਖਸੀਅਤ ਦੀ ਸੋਚ ਦਾ ਅਦੁੱਤੀ ਚਮਤਕਾਰ ਸੀ। ਖੰਡੇ-ਬਾਟੇ ਦਾ ਅੰਮ੍ਰਿਤ ਛੱਕ ਕੇ 'ਸਿੱਖ', 'ਸਿੰਘ' ਤੇ 'ਖਾਲਸਾ' ਬਣ ਜਾਂਦਾ ਹੈ, ਉਹ ਗੁਰੂ-ਪ੍ਰੰਪਰਾ ਦਾ ਸਹਿਜੇ ਹੀ ਵਾਰਿਸ ਬਣ ਜਾਂਦਾ ਹੈ। ਖੰਡੇ-ਬਾਟੇ ਦੇ ਅੰਮ੍ਰਿਤ ਵਿਚੋਂ ਪ੍ਰਾਪਤ ਏਕਤਾ ਤੇ ਬਰਾਬਰਤਾ, ਸਾਂਝੀਵਾਲਤਾ ਤੇ ਸਦਭਾਵਨਾ, ਅਣਖ ਤੇ ਅਜ਼ਾਦੀ, ਸੱਚ, ਸਹਿਜ, ਸੇਵਾ ਤੇ ਸੁਹਜ ਦੇ ਗੁਣਾਂ ਦਾ ਉਹ ਸੁਆਮੀ ਹੋ ਜਾਂਦਾ ਹੈ। ਕੌਮ ਤੇ ਦੇਸ਼ ਦੇ ਸੁੰਮਾਣ ਲਈ ਮਰਨਾ ਉਹ ਆਪਣਾ ਹੱਕ ਮਿੱਥ ਲੈਂਦਾ ਹੈ। ਪੰਜ ਕਕਾਰਾਂ ਦੀ ਰਹਿਤ ਮਰਯਾਦਾ ਵਿਚ ਰਹਿਣਾ ਉਹ ਆਪਣਾ ਗੁਰੂ-ਸੰਜਮ ਪਸੰਦ ਕਰਦਾ ਹੈ। ਗੁਰੂ-ਨਾਮ ਜਾਂ ਬਾਣੀ-ਅਭਿਆਸ ਉਸ ਦੇ ਜੀਵਨ ਦਾ ਸਦੀਵੀ ਅੰਗ ਹੋ ਜਾਂਦਾ ਹੈ।

ਇਹੀ ਕਾਰਨ ਹੈ ਕਿ ਪਹਿਲਾਂ ਪੰਜਾਂ ਪਿਆਰਿਆਂ ਨੂੰ ਖੰਡੇ-ਬਾਟੇ ਦਾ ਅੰਮ੍ਰਿਤ ਛਕਾ ਕੇ, ਫਿਰ ਆਪ ਪੰਜਾਂ ਪਿਆਰਿਆਂ ਕੋਲੋਂ ਖੰਡੇ-ਬਾਟੇ ਦਾ ਅੰਮ੍ਰਿਤ ਛੱਕ ਕੇ ਇਕ ਅਜਿਹਾ 'ਖਾਲਸਾ-ਪੰਥ' ਸਿਰਜ ਦਿੱਤਾ, ਜਿਸ ਵਿਚ ਸਦੀਆਂ ਤੋਂ ਪ੍ਰਚੱਲਤ ਨਾ ਗੁਰੂ-ਚੇਲੇ ਦਾ ਵਿਤਕਰਾ ਰਹਿਣ ਦਿੱਤਾ, ਨਾ ਰੂਪ-ਰੰਗ, ਜਾਤਿ-ਪਾਤਿ, ਰੇਖ-ਭੇਖ, ਗਰੀਬ-ਅਮੀਰ ਦੀ ਵੰਡ ਰਹਿਣ ਦਿੱਤੀ ਅਤੇ ਨਾ ਹੀ ਮਾਨਸ ਜਾਤਿ ਦੇ ਕਿਸੇ ਹੋਰ ਭਰਮ-ਵਹਿਮ ਜਾਂ ਫੋਕਟ ਕਰਮ ਨੂੰ ਸਵੀਕ੍ਰਿਤੀ ਦਿੱਤੀ। ਜਦੋਂ ਗੁਰੂ ਗੋਬਿੰਦ ਸਿੰਘ ਜੀ ਦਾ ਸਮਕਾਲੀ ਕਵੀ ਦੂਜਾ ਭਾਈ ਗੁਰਦਾਸ ਸਿੰਘ, ਜਿਸ ਨੇ ਖਾਲਸਾ-ਪੰਥ ਦੀ ਨਿਆਰੀ ਤੇ ਬਚਿੱਤਰ ਸਿਰਜਨਾ ਨੂੰ ਆਪ ਸਨਮੁਖ ਹੋ ਕੇ ਵੇਖਿਆ ਸੀ, ਕਹਿੰਦਾ ਹੈ ਕਿ ਇਹ 'ਖਾਲਸਾ-ਪੰਥ' ਨਾ ਹਿੰਦੂ ਹੈ, ਨਾ ਮੁਸਲਮਾਨ ਹੈ, ਇਹ ਤੀਸਰਾ ਪੰਥ ਹੈ, ਤਾਂ ਸਹਿਜੇ ਹੀ ਸਪੱਸ਼ਟ ਹੋ ਜਾਂਦਾ ਹੈ ਕਿ 'ਖਾਲਸਾ-ਪੰਥ' ਇਕ ਨਿਆਰਾ ਸਰੂਪ ਹੈ, ਇਕ ਨਿਆਰੀ ਤੇ ਮੌਲਿਕ ਹਸਤੀ ਹੈ, ਇਸ ਦੀ ਆਪਣੀ ਇਕ ਇਕ ਦੀ ਸਵਾ ਸਵਾ ਲੱਖ ਦੀ ਸ਼ਕਤੀ ਹੈ। ਇਹੀ ਕਾਰਨ ਹੈ ਕਿ ਖਾਲਸਾ-ਪੰਥ ਨੂੰ ਆਪਣੇ ਜਨਮ-ਸਿਰਜਨ ਤੋਂ ਹੀ ਕਦੀ ਹਾਕਮ ਮੁਗਲਾਂ ਵਲੋਂ, ਕਦੀ ਪਹਾੜੀ ਰਾਜਿਆਂ ਵਲੋਂ ਤੇ ਕਦੀ ਵਿਦੇਸ਼ੀ ਹਮਲਾਵਰਾਂ ਵਲੋਂ ਚੁਣੌਤੀਆਂ


www.AKJ.Org

ਮਿਲਦੀਆਂ ਹੀ ਰਹੀਆਂ ਹਨ। ਖਾਲਸਾ-ਪੰਥ ਦੀ ਵਿਲੱਖਣਤਾ ਤੇ ਗੌਰਵਤਾ ਇਹ ਹੈ ਕਿ ਚੁਣੌਤੀਆਂ ਵਿਚ ਵੀ ਉਸ ਨੇ ਆਪਣੀ ਹੋਂਦ ਤੇ ਹਸਤੀ, ਆਪਣੀ ਸੋਚ ਤੇ ਸ਼ਕਤੀ, ਆਪਣੇ ਮੰਦਰ ਤੇ ਤਖ਼ਤ, ਆਪਣੇ ਸਰੂਪ ਤੇ ਗੌਰਵ ਨੂੰ ਸ਼ਹਾਦਤਾਂ ਦੇ ਕੇ ਵੀ ਉਚਿਓਂ ਉੱਚਾ ਹੀ ਰੱਖਿਆ ਹੈ, ਕਦੀ ਨੀਵਾਂ ਨਹੀਂ ਹੋਣ ਦਿੱਤਾ।

ਸ਼ਰਧਾਵਾਨ ਤੇ ਬੁੱਧੀਮਾਨ ਪ੍ਰਤਿੱਭਾਸ਼ਾਲੀ ਸਿੱਖਾਂ ਦਾ ਪ੍ਰੰਪਰਾਗਤ ਰੂਪ ਵਿਚ ਇਕ ਦ੍ਰਿੜ੍ਹ ਵਿਸ਼ਵਾਸ ਬਣਿਆ ਹੋਇਆ ਹੈ ਕਿ 'ਖਾਲਸਾ-ਪੰਥ' ਭਵਿੱਖ ਵਿਚ ਸਿਰਜਨ ਵਾਲੇ ਸਰਵੋਤਮ ਤੇ ਆਦਰਸ਼ਕ ਸਮਾਜ ਦਾ ਸ਼ੁੱਧ ਝਲਕਾਰਾ ਹੈ :

ਇਹ ਆਦਿ ਅੰਤ ਏਕੈ ਸੁ ਪੰਥ ਰਚ ਦੀਉ ਜਗਤ ਕੋ ਦੇਣ ਸੰਤ।

'ਖਾਲਸਾ-ਪੰਥ' ਸੰਸਾਰ ਵਿਚ ਪ੍ਰਚੱਲਤ ਧਰਮਾਂ-ਮਜ਼ਹਬਾਂ ਵਾਂਗ ਕੇਵਲ ਇਕ ਮੱਤ ਜਾਂ ਮਜ਼ਹਬ ਨਹੀਂ ਅਤੇ ਨਾ ਹੀ ਇਹ ਕਿਸੇ ਵਿਤਰੇਕ ਧਰਮ ਨੂੰ ਮੰਨਣ ਵਾਲਿਆਂ ਦੀ ਕੇਵਲ ਇਕ ਜਥੇਬੰਦੀ ਹੈ, ਜਿਵੇਂ ਕਿ 'ਚਰਚ', 'ਮੱਠ', ਸੰਪਰਦਾ ਆਦਿਕ ਹੁੰਦੇ ਹਨ। ਖਾਲਸਾ-ਪੰਥ ਦੀ ਰੂਪ-ਰੇਖਾ ਵੀ ਕਿਸੇ ਨਿਆਇ, ਵਿਚਾਰ, ਬੁੱਧੀ, ਹਾਂ ਜਾਂ ਨਾਂਹ ਦੇ ਅਧਾਰ ਉਤੇ ਨਹੀਂ ਰਖੀ ਗਈ। ਨੈਸ਼ਨਲ ਪ੍ਰੋਫੈਸਰ ਸਰਦਾਰ ਕਪੂਰ ਸਿੰਘ ਜੀ ਨੇ ਆਪਣੇ ਇਕ ਲੇਖ 'ਪੰਥ-ਪ੍ਰਕਾਸ਼' ਵਿਚ ਠੀਕ ਲਿਖਿਆ ਹੈ ਕਿ "ਖਾਲਸਾ-ਪੰਥ ਦੇ ਨਿਰਮਾਣ ਦੇ ਸੋਮੇ ਦਾ ਸ਼ੁੱਧ ਨਿਰੂਪਣ ਇਹ ਹੈ :

ਤਬ ਸਹਿਜੇ ਰਚਿਓ ਖਾਲਸਾ ਸਾਬਤ ਮਰਦਾਨਾ ॥"

ਇਥੇ ਸਹਿਜੇ ਦਾ ਭਾਵ-ਅਰਥ ਹੈ ਕਿ ਇਸ ਦਾ ਆਧਾਰ ਤੇ ਜਨਮ-ਕਾਰਨ ਨਿਆਇ, ਬੁੱਧੀ ਜਾਂ ਤਰਕ-ਵਿਤਰਕ ਉਤੇ ਨਹੀਂ ਹੈ। ਜਿਸ ਵਸਤੂ ਦੀ ਉਪਜ ਸਿੱਧੀ ਤੇ ਸ਼ੁੱਧ ਆਤਮ-ਮੰਡਲ ਵਿਚੋਂ ਹੋਵੇ, ਬਿਨਾਂ ਮਨ-ਬੁੱਧੀ ਦੀ ਵਿਚੋਲਗੀਰੀ ਦੇ, ਉਸ ਨੂੰ ਕਹਿੰਦੇ ਹਨ—ਸਹਿਜ ਉਤਪਤੀ। 'ਸਾਬਤ' ਅਰਬੀ ਦਾ ਦਾਰਸ਼ਨਿਕ ਸ਼ਬਦ ਹੈ, ਜਿਸ ਦੇ ਅਰਥ ਹਨ—ਨਿਰਵਿਘਨ ਸਮੁਚਯ (Integrated Personality)। "ਮਰਦਾਨਾ" ਵੀ ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦੇ ਭਾਵ-ਅਰਥ ਹਨ : 'ਪੁਰਸ਼ਾਤਮਾ'। 'ਸਾਬਤ ਮਰਦਾਨਾ' ਦਾ ਸਪੱਸ਼ਟ ਭਾਵ ਇਹ ਹੈ ਕਿ ਅਕਾਲ-ਜੋਤਿ-ਗੁਰੂ ਨੇ ਇਸ ਖਾਲਸਾ-ਪੰਥ ਦੀ ਬਣਤਰ ਤੇ ਰੂਪ-ਰੇਖਾ ਦੀ ਆਧਾਰ-ਸ਼ਿਲਾ 'ਪੁਰਸ਼ੱਤਵ' ਸਿਧਾਂਤ ਉਤੇ ਰਖੀ ਹੈ, ਇਸਤੱਤਵ ਸਿਧਾਂਤ ਉਤੇ ਨਹੀਂ। ਸਰਦਾਰ ਕਪੂਰ ਸਿੰਘ ਜੀ ਨੇ ਖਾਲਸਾ-ਪੰਥ ਦੀ ਰਚਨਾ ਦੇ ਉਦੇਸ਼ ਨੂੰ ਸਪੱਸ਼ਟ ਕਰਦਿਆਂ ਹੋਰ ਆਖਿਆ, ਕਿ 'ਖਾਲਸਾ-ਪੰਥ' ਇਕ ਧਰਮ ਅਤੇ ਆਸਤਿੱਕਤਾ ਉਤੇ ਸਿਰਜੀ ਸਿਆਸੀ ਜਥੇਬੰਦੀ ਹੈ, ਜਿਸ ਦਾ ਮੁਖ ਮੰਤਵ ਰਾਜਸੀ ਸੱਤਾ ਦਵਾਰਾ ਇਕ ਨਵੇਂ, ਨਿੱਗਰ ਅਤੇ ਨਿਰੋਏ ਸਮਾਜ ਦੀ ਸਥਾਪਨਾ ਕਰਨਾ ਹੈ। ਖਾਲਸਾ-ਪੰਥ ਦੇ ਨਿਰਮਾਣ-ਕਰਤਾ ਤੋਂ ਬਿਨਾਂ ਨਾ ਕੋਈ ਇਸ ਪੰਥ ਨੂੰ ਤੋੜ ਸਕਦਾ ਹੈ ਅਤੇ ਨਾ ਇਸ ਦੇ ਮੁਖ ਮੰਤਵ ਵਿਚ ਕੋਈ ਤਬਦੀਲੀ ਕਰ ਸਕਦਾ ਹੈ। ਜੋ ਅੰਮ੍ਰਿਤ ਗ੍ਰਹਿਣ ਕਰ ਕੇ ਖਾਲਸਾ-ਪੰਥ ਦੇ ਮੈਂਬਰ ਜਾਂ ਅੰਗ ਬਣ ਚੁਕੇ ਹਨ, ਉਨ੍ਹਾਂ ਲਈ ਕੋਈ ਮਰਦਾਂ ਵਾਲਾ ਰਾਹ ਇਸ ਖਾਲਸਾ-ਪੰਥ ਦੇ ਮਹਾਨ ਉਦੇਸ਼ ਦੀ ਪੂਰਤੀ ਲਈ ਜੂਝ ਕੇ ਮਰਨ ਤੋਂ ਬਿਨਾਂ ਹੋਰ ਕੋਈ ਨਹੀਂ। ਇਹੀ ਕਾਰਨ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਤੋਂ ਪਿਛੋਂ ਫ਼ਰੱਖਸੀਅਰ, ਜ਼ਕਰੀਆ, ਅਬਦਾਲੀ, ਨਾਦਰਸ਼ਾਹ ਤੇ ਮੀਰ ਮੰਨੂੰ ਦੀਆਂ ਤਾਕਤਾਂ ਨੇ ਖਾਲਸਾ-ਪੰਥ ਦੀ ਰਾਜਸੀ ਹੋਂਦ ਅਤੇ ਹਸਤੀ ਨੂੰ ਮਾਰ-ਮੁਕਾਉਣ ਵਾਸਤੇ ਜੋ ਚੁਣੌਤੀਆਂ ਦਿਤੀਆਂ, ਖਾਸ ਕਰ ਕੇ ਖਾਲਸਾ ਰਾਜ ਦੇ ਸੁਪਨਿਆਂ ਨੂੰ ਮਲੀਆਮੇਟ ਕਰਨ ਵਾਸਤੇ ਜੋ ਜ਼ੋਰ-ਜ਼ੁਲਮ ਦਾ ਪ੍ਰਗਟਾਵਾ ਕੀਤਾ, ਉਸ ਵਿਚ ਖਾਲਸਾ-ਪੰਥ ਦੇ ਅੰਮ੍ਰਿਤਧਾਰੀ ਤੇ ਜਾਗਦੇ ਜੋਧਿਆਂ ਨੇ ਬੰਦ ਬੰਦ ਤਾਂ ਕਟਵਾ ਲਏ, ਖੋਪਰੀਆਂ ਲੁਹਾ ਲਈਆਂ, ਚਰਖੜੀਆਂ ਉਤੇ ਚੜ੍ਹ ਗਏ, ਆਰਿਆਂ ਨਾਲ ਚਿਰ ਗਏ, ਗੋਲੀਆਂ-ਬੰਬਾਂ ਦਾ ਨਿਸ਼ਾਨਾ ਬਣ ਗਏ, ਆਪਣੇ ਆਦਰਸ਼ਾਂ ਦੀ ਫਤਿਹ ਲਈ ਮਰਦਾਂ ਵਾਂਗ ਜੂਝ ਕੇ ਸ਼ਹੀਦ ਹੋ ਗਏ, ਪਰ ਕਦੀ ਡਰੇ ਨਹੀਂ, ਡੋਲੇ ਵੀ ਨਹੀਂ। ਖਾਲਸਾ-ਪੰਥ ਦਾ ਇਤਿਹਾਸ ਸਾਖੀ ਹੈ ਕਿ ਨਿਰੰਤਰ ਸ਼ਹਾਦਤਾਂ ਦੇ ਕੇ ਵੀ ਮਰਦਾਂ ਵਾਂਗ ਸਦਾ ਅਡੋਲ ਰਹੇ।

ਜਦੋਂ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਹੇਠ ਖਾਲਸਾ-ਪੰਥ ਦੀ ਹੰਨੇ ਹੰਨੇ ਮੀਰੀ—੧੨ ਮਿਸਲਾਂ ਦੇ ਰੂਪ ਵਿਚ ਇਕ ਹੋ ਗਈ, ਸਾਰੇ ਪਾਸੇ ਏਕਤਾ ਅਤੇ ਪਿਆਰ ਦੀ ਲਹਿਰ ਪ੍ਰਚੰਡ ਹੋਣ ਲਗੀ, ਤਾਂ ਪੰਜਾਬ ਕੀ,



www.AKJ.Org

ਸਾਰੇ ਵਿਸ਼ਵ ਵਿਚ ਖ਼ਾਲਸਾ-ਪੰਥ ਦੀ ਹਸਤੀ ਅਤੇ ਸ਼ਕਤੀ ਦੀ ਜੈਕਾਰ ਹੀ ਨਾ ਹੋਣ ਲਗੀ, ਸਗੋਂ ਰਾਜ-ਨਕਸ਼ਿਆਂ ਉਤੇ 'ਖਾਲਸਾ-ਰਾਜ' ਦੀ ਚੜ੍ਹਤ ਨੂੰ ਇਕ ਵੰਗਾਰ, ਇਕ ਚੁਣੌਤੀ ਦੇ ਰੂਪ ਵਿਚ ਮਹਿਸੂਸ ਕੀਤਾ ਗਿਆ। ਗੁਰੂ ਗੋਬਿੰਦ ਸਿੰਘ ਜੀ ਤੋਂ ਪਿਛੋਂ ਮੁਗਲਾਂ ਤੇ ਅਬਦਾਲੀਆਂ ਵਲੋਂ ਖਾਲਸਾ ਪੰਥ ਨੂੰ ਚੁਣੌਤੀਆਂ ਮਿਲ ਰਹੀਆਂ ਸਨ ਕਿ 'ਪੰਜਾਬ' ਅਫ਼ਗਾਨਾਂ ਦਾ ਹੈ, ਹਿੰਦੁਸਤਾਨ ਲਈ ਸਿੱਖਾਂ ਵਲੋਂ ਤੁਹਫ਼ਾ ਨਹੀਂ, ਪਰ ੧੮ਵੀਂ ਸਦੀ ਦੇ ਖਾਲਸਾ-ਪੰਥ ਦੇ ਮਹਾਨ ਯੋਧਿਆਂ ਨੇ ਸਾਬਤ ਕਰ ਦਿੱਤਾ ਕਿ 'ਪੰਜਾਬ' ਸਿੱਖਾਂ ਦਾ ਹੈ, ਖਾਲਸਾ-ਪੰਥ ਦਾ ਹੈ, ਇਸ ਨੂੰ ਅਫ਼ਗਾਨਿਸਤਾਨ ਦਾ ਹਿੱਸਾ ਨਹੀਂ ਬਣਨ ਦਿਆਂਗੇ। ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਨਾਲ ਤਾਂ ਖਾਲਸਾ-ਪੰਥ ਇੰਨਾ ਸ਼ਕਤੀਸ਼ਾਲੀ ਹੋ ਗਿਆ ਕਿ ਮੁਸਲਮਾਨਾਂ ਨੂੰ ਕੀ, ਵਿਦੇਸ਼ੀ ਹਮਲਾਵਰਾਂ ਨੂੰ ਵੀ ਚੁਣੌਤੀਆਂ ਦੇਣ ਲਗ ਪਿਆ। ਮਹਾਰਾਜਾ ਰਣਜੀਤ ਸਿੰਘ ਦਾ ਖਾਲਸਾ ਰਾਜ ਸਾਖੀ ਹੈ ਕਿ ਖਾਲਸਾ-ਪੰਥ ਨੇ ਪੰਜਾਬ ਵਿਚੋਂ ਜ਼ੋਰ-ਜ਼ੁਲਮ ਦਾ ਰਾਜ ਸਮਾਪਤ ਕਰ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰੂਪਮਾਨ ਹੋਇਆ ਨਾਨਕ ਰਾਜ, ਸੱਚ ਰਾਜ, ਰਾਮ ਰਾਜ, ਹਲੀਮੀ ਰਾਜ, ਸਭ ਨੂੰ ਏਕਤਾ, ਬਰਾਬਰਤਾ ਤੇ ਸਦਭਾਵਨਾ ਦੇਣ ਵਾਲਾ ਰਾਜ ਸਥਾਪਿਤ ਕਰ ਕੇ, ਆਪਣੀ ਚੜ੍ਹਤ ਤੇ ਸਰਬੱਤ ਦੇ ਭਲੇ ਦਾ ਪ੍ਰਗਟਾਵਾ ਕੀਤਾ। ਇਹੀ ਕਾਰਨ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਬਹੁਤ ਵਾਰੀ ਖਾਲਸਾ ਰਾਜ, ਪੰਥ ਦਾ ਰਾਜ, ਪੰਜਾਬ ਦਾ ਰਾਜ ਕਹਿ ਕੇ ਯਾਦ ਕੀਤਾ ਜਾਂਦਾ ਹੈ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦਾ ਅੰਤ ਹੋਣ ਪਿਛੋਂ ਨਿਸ਼ਚੇ ਹੀ ਖਾਲਸਾ-ਪੰਥ ਨਿਰਾਸ਼ਾ ਤੇ ਉਦਾਸੀ ਦੇ ਮੰਡਲ ਵਿਚ ਪ੍ਰਵੇਸ਼ ਕਰ ਗਿਆ। ਖਾਲਸਾ ਰਾਜ ਦੇ ਆਖਰੀ ਵਾਰਿਸ ਮਹਾਰਾਜਾ ਦਲੀਪ ਸਿੰਘ ਤੇ ਉਸ ਦੀ ਮਾਂ ਮਹਾਰਾਣੀ ਜਿੰਦਾਂ ਨਾਲ ਜੋ ਦੁਖਿਤ ਤੇ ਪੀੜਿਤ ਘੜੀ ਵਾਪਰੀ, ਖਾਲਸਾ ਪੰਥ ਨੂੰ ਉਸ ਦਾ ਦੁਖ ਵੀ ਸੀ। ਆਜ਼ਾਦੀ ਖੁੱਸਣ ਨਾਲ ਜਿਸ ਗੁਲਾਮੀ ਨੂੰ ਸਵੀਕਾਰਨਾ ਪਿਆ, ਉਹ ਵੀ ਨਿਰੰਤਰ ਅਸਹਿ ਸੀ। ਇਤਿਹਾਸਕ ਗੁਰਦੁਆਰਿਆਂ ਉਤੇ ਸਰਕਾਰੀ ਮਹੰਤਾਂ ਦੇ ਕਬਜ਼ੇ, ਸਮੇਂ ਦੇ ਬੀਤਣ ਨਾਲ ਖਾਲਸਾ-ਪੰਥ ਵਾਸਤੇ ਵੱਡੀਆਂ ਚੁਣੌਤੀਆਂ ਬਣ ਗਈਆਂ। ਅਕਾਲ ਤਖ਼ਤ ਉਤੇ ਜੇ ਸਿੱਖਾਂ-ਪੰਜਾਬੀਆਂ ਦੇ ਕਾਤਲ ਜਨਰਲ ਡਾਇਰ ਨੂੰ ਸਿਰੋਪਾਉ ਦਿੱਤਾ ਜਾ ਸਕਦਾ ਹੈ, ਤਾਂ ਇਸ ਤੋਂ ਵੱਡੀ ਚੁਣੌਤੀ ਖਾਲਸਾ-ਪੰਥ ਨੂੰ ਕੀ ਹੋ ਸਕਦੀ ਸੀ? ਸਿੰਘ ਸਭਾ ਲਹਿਰ, ਅਕਾਲੀ ਲਹਿਰ, ਗੁਰਦੁਆਰਾ ਆਜ਼ਾਦੀ ਲਹਿਰ—ਇਹ ਸਭ ਲਹਿਰਾਂ ਸਮੇਂ ਸਮੇਂ ਖਾਲਸਾ-ਪੰਥ ਨੂੰ ਮਿਲੀਆਂ ਚੁਣੌਤੀਆਂ ਦਾ ਹੀ ਪ੍ਰਤੀਕਰਮ ਸਨ। ਇਹ ਇਤਿਹਾਸਕ ਸੱਚ ਹੈ ਕਿ ਖਾਲਸਾ-ਪੰਥ ਨੂੰ 'ਜਬੈ ਬਾਣ ਲਾਗਿਓ' ਅਰਥਾਤ ਜਦੋਂ ਵੀ ਧਾਰਮਿਕ, ਸਮਾਜਕ, ਸਭਿਆਚਾਰਕ ਤੇ ਰਾਜਨੀਤਕ ਚੁਣੌਤੀਆਂ ਮਿਲੀਆਂ, ਤਾਂ ਖਾਲਸਾ ਪੰਥ ਨੇ ਨਾ-ਕੇਵਲ ਧਾਰਮਿਕ, ਸਮਾਜਕ ਤੇ ਸਭਿਆਚਾਰਕ ਪੱਧਰ ਉਤੇ ਅੰਤਰਗਤ ਜਾਗ੍ਰਿਤੀ ਲਿਆਂਦੀ ਤੇ 'ਆਪਣਾ ਮੂਲ' ਸੰਭਾਲਣ ਲਈ ਜਥੇਬੰਦ ਹੋਏ, ਸਗੋਂ ਰਾਜਨੀਤਕ ਪੱਧਰ ਉਤੇ ਵੀ ਕੌਮੀ-ਮੁਜ਼ਾਹਰੇ ਕਰ ਕੇ ਤੇ ਕੌਮੀ-ਮੋਰਚੇ ਲਾ ਕੇ ਖਾਲਸਾ-ਪੰਥ ਦੇ ਗਵਾਚੇ ਮਾਨ-ਸਨਮਾਨ ਨੂੰ ਸਥਾਪਿਤ ਕੀਤਾ। ਵੀਹਵੀਂ ਸਦੀ ਤਾਂ ਖਾਲਸਾ-ਪੰਥ ਲਈ ਸੰਘਰਸ਼ਾਂ ਤੇ ਚੁਣੌਤੀਆਂ ਨਾਲ ਭਰੀ ਪਈ ਹੈ।

ਅਜੋਕੇ ਯੁੱਗ ਵਿਚ ਖਾਲਸਾ-ਪੰਥ ਨੂੰ ਜਿਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਹਨਾਂ ਨੂੰ ਇਸ ਤਰ੍ਹਾਂ ਉਲੀਕਿਆ ਜਾ ਸਕਦਾ ਹੈ:

**ਧਾਰਮਿਕ ਚੁਣੌਤੀਆਂ :–**

ਖਾਲਸਾ ਪੰਥ ਦੀ ਸਾਰੀ ਸਿਰਜਨਾ ਖੰਡੇ ਬਾਟੇ ਦੇ ਅੰਮ੍ਰਿਤ ਉਤੇ ਕੇਂਦਰਿਤ ਹੈ। ਅੰਮ੍ਰਿਤ ਨੇ ਖਾਲਸਾ-ਪੰਥ ਨੂੰ ਆਤਮਿਕ-ਏਕਤਾ ਤੇ ਇਕਸੁਰਤਾ ਪ੍ਰਦਾਨ ਕੀਤੀ ਸੀ, ਸਮਾਜਕ-ਬਰਾਬਰਤਾ ਦੇ ਸਦਭਾਵਨਾ ਦਿਤੀ ਸੀ, ਮੈਂ-ਮੇਰੀ ਤੇ ਸਰੀਰਕ ਪੂਜਾ ਤੋਂ ਹਟਾ ਕੇ ਸਿੱਧਾ ਅਕਾਲ ਪੁਰਖ ਨਾਲ ਜੋੜਿਆ ਸੀ, ਬਿਪਰਨ ਦੀਆਂ ਰੀਤਾਂ ਨੂੰ ਨਿਖੇਧ ਕੇ ਹਰ ਸਿੱਖ ਨੂੰ ਕਕਾਰ-ਸਰੂਪ ਨਾਲ ਸ਼ਿੰਗਾਰਿਆ ਸੀ ਤੇ ਰਹਿਤ ਮਰਯਾਦਾ ਦੇ ਆਦਰਸ਼ਕ ਸੰਜਮ ਵਿਚ ਢਾਲਿਆ ਸੀ। ਖੰਡੇ-ਬਾਟੇ ਦੇ ਅੰਮ੍ਰਿਤ-ਚਮਤਕਾਰ ਤੋਂ ਘਟੋ-ਘਟ ਦੋ ਸਦੀਆਂ ਪਿਛੋਂ ਤਕ 'ਖਾਲਸਾ-ਪੰਥ' ਆਤਮਕ-ਏਕਤਾ ਤੇ ਇਕਸੁਰਤਾ, ਸਮਾਜਕ-ਬਰਾਬਰੀ ਤੇ ਸਦਭਾਵਨਾ, ਸਭਿਆਚਾਰਕ-ਜਾਗ੍ਰਿਤੀ ਤੇ ਰਾਜਨੀਤਕ ਜਥੇਬੰਦੀ ਦੇ ਰੂਪ


www.AKJ.Org

ਵਿਚ ਜੁੜਿਆ ਰਿਹਾ ਤੇ ਸਾਰੇ ਆਪਸ ਵਿਚ ਭਾਈ ਭਾਈ ਦੇ ਪਿਆਰ ਵਿਚ ਵਿਚਰਦੇ ਰਹੇ। ਇਹੀ ਏਕਤਾ ਤੇ ਇਕ-ਸੁਰਤਾ, ਬਰਾਬਰੀ ਤੇ ਸਦਭਾਵਨਾ, ਜਾਗ੍ਰਿਤੀ ਤੇ ਜਥੇਬੰਧਕ ਗੁਣ ਸਨ, ਜਿਨ੍ਹਾਂ ਕਰਕੇ ਖਾਲਸਾ-ਪੰਥ ਦੀ ਹਰ ਚੁਣੌਤੀ ਵਿਚ ਜੈਕਾਰ ਹੁੰਦੀ ਰਹੀ। ਇਸੇ ਪ੍ਰਸੰਗ-ਪਿਛੋਕੜ ਵਿਚ ਅਜੋਕੇ ਯੁਗ ਦੇ ਖਾਲਸਾ-ਪੰਥ ਦੀ ਧਾਰਮਿਕ ਦਸ਼ਾ ਵੇਖੀਏ–

੧. ਖਾਲਸਾ-ਪੰਥ ਧਾਰਮਿਕ ਦ੍ਰਿਸ਼ਟੀ ਤੋਂ ਏਕਤਾ ਅਤੇ ਇਕ-ਸੁਰਤਾ ਵਿਚ ਨਹੀਂ।

੨. ਅੰਮ੍ਰਿਤ ਵੱਖੋ ਵੱਖਰਾ ਹੋ ਗਿਆ ਹੈ।

੩. ਸਰੂਪ ਤੇ ਮਰਯਾਦਾ ਵਖੋ ਵਖਰੀ ਹੋ ਗਈ ਹੈ।

੪. ਡੇਰਿਆਂ ਦੀ ਸੰਗਤ, ਪੂਜਾ-ਵਿਧੀ, ਪਾਠ ਤੇ ਪ੍ਰਸ਼ਾਦਿ ਮਰਯਾਦਾ ਵੱਖੋ ਵੱਖਰੀ ਹੋ ਗਈ ਹੈ।

੫. ਜਾਤਿ-ਅਭਿਮਾਨ ਤੇ ਰੇਖ-ਭੇਖ ਦਾ ਵਿਤਕਰਾ ਤਾਂ ਇਸ ਵੇਲੇ ਖਾਲਸਾ-ਪੰਥ ਵਿਚ ਪੂਰੀ ਤਰ੍ਹਾਂ ਪ੍ਰਚੰਡ ਹੈ।

੬. ਖਾਲਸਾ-ਪੰਥ ਦੀ ਜੀਵਨ-ਜਾਚ ਵਿਚ ਕਰਮ-ਕਾਂਡ ਤੇ ਪਾਖੰਡ ਇੰਨਾ ਪ੍ਰਵੇਸ਼ ਕਰ ਗਿਆ ਹੈ ਕਿ ਧਰਮ-ਸੱਚ ਤੇ ਧਰਮ-ਤੱਤ ਨੂੰ ਬੁੱਝਣ ਵਾਲੇ, ਦੀਵਾ ਲੈ ਕੇ ਢੂੰਢਿਆਂ ਵੀ ਲੱਭਦੇ ਨਹੀਂ।

੭. ਖਾਲਸਾ-ਪੰਥ ਵਿਚ ਧਰਮ ਚਲਾਵਣ, ਸੰਤ ਉਬਾਰਨ ਤੇ ਦੁਸ਼ਟ-ਸਭਨ ਕੋ ਮੂਲ ਉਪਾਰਨ ਦੀ ਜਿਹੜੀ ਧਰਮ-ਵਾਸ਼ਨਾ ਸੀ, ਉਹ ਰੋਟੀਆਂ ਨਾਲ ਪੂਰੀ ਤਰ੍ਹਾਂ ਜੁੜ ਗਈ ਹੈ।

੮. ਖਾਲਸਾ-ਪੰਥ ਦੇ ਧਰਮ-ਸੋਮੇ, ਵਾਹਿਗੁਰੂ ਦਾ ਖਾਲਸਾ ਬਨਾਣ ਤੇ ਵਾਹਿਗੁਰੂ ਦੀ ਫਤਿਹ ਕਰਾਉਣ ਦੀ ਥਾਂ ਦਵੈਤ ਤੇ ਅਭਿਮਾਨ ਉਪਜਾਣ ਵਿਚ ਮਹੰਤਾਂ ਵਰਗਾ ਰੋਲ ਅਦਾ ਕਰ ਰਹੇ ਹਨ।

ਨਾ ਸਾਡਾ ਇਸ਼ਟ ਇਕ ਹੈ, ਨਾ ਅੰਮ੍ਰਿਤ ਇਕ ਹੈ, ਨਾ ਸੰਗਤ ਇਕ ਹੈ, ਨਾ ਧਰਮ-ਪੂਜਾ ਇਕ ਹੈ, ਨਾ ਅਰਦਾਸ ਇਕ ਹੈ, ਨਾ ਮਰਯਾਦਾ ਇਕ ਹੈ, ਨਾ ਸਰੂਪ ਇਕ ਹੈ, ਆਪ ਅੰਦਾਜ਼ਾ ਲਗਾਉ, ਖਾਲਸਾ ਪੰਥ ਵਿਚ ਏਕਤਾ ਤੇ ਇਕਸੁਰਤਾ ਕਿਵੇਂ ਆਏਗੀ? ਜੇ ਏਕਤਾ ਤੇ ਇਕਸੁਰਤਾ ਨਹੀਂ, ਤਾਂ ਸਮਝੋ ਕੌਮ ਖੁਆਰੀ ਵਿਚ ਹੈ। ਖਾਲਸਾ-ਪੰਥ ਦੀ ਅਜੋਕੀ ਦਸ਼ਾ ਖੁਆਰੀ ਤੋਂ ਕਿਸੇ ਤਰ੍ਹਾਂ ਵੀ ਘਟ ਨਹੀਂ। ਜਿਥੇ ਖੁਆਰੀ ਹੈ, ਉਥੇ ਗੁਣ, ਗਿਆਨ, ਆਦਰਸ਼ ਤੇ ਚੜ੍ਹਦੀ ਕਲਾ ਦੀ ਕੋਈ ਥਾਂ ਨਹੀਂ। ਅਜੋਕੇ ਯੁੱਗ ਵਿਚ ਧਾਰਮਿਕ ਦ੍ਰਿਸ਼ਟੀ ਤੋਂ ਖਾਲਸਾ-ਪੰਥ ਲਈ ਸਭ ਤੋਂ ਵੱਡੀ ਚੁਣੌਤੀ ਇਹੀ ਹੈ ਕਿ ਖਾਲਸਾ-ਪੰਥ ਖੁਆਰ ਹੋਣ ਤੋਂ ਬੱਚਣ ਲਈ ਪੁਨਰ ਰੂਪ ਵਿਚ ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਜੀਵਨ-ਜਾਚ ਨਾਲ ਜੁੜੇ, ਅੰਮ੍ਰਿਤ ਉਤੇ ਕੇਂਦਰਿਤ ਹੋਵੇ, ਆਪਣੇ ਆਪ ਨੂੰ ਵਾਹਿਗੁਰੂ ਦਾ ਖਾਲਸਾ ਬਣਾਵੇ ਤੇ ਵਾਹਿਗੁਰੂ ਦੀ ਫਤਿਹ ਵਾਸਤੇ ਸਭ ਥਾਈਂ ਸਹਾਇਕ ਸਾਬਤ ਹੋਵੇ। ਖਾਲਸਾ-ਪੰਥ ਆਪਣੀਆਂ ਸ਼ਾਨਦਾਰ ਤੇ ਗੌਰਵਸ਼ਾਲੀ ਪ੍ਰੰਪਰਾਵਾਂ ਨੂੰ ਉਜਾਗਰ ਕਰਨ ਲਈ ਬਿਪਰਨ ਦੀਆਂ ਸਾਰੀਆਂ ਰੀਤਾਂ ਛੱਡੇ।

**ਸਮਾਜਕ ਚੁਣੌਤੀਆਂ :–**

ਖਾਲਸਾ-ਪੰਥ ਸਿਰਜਨਾਤਮਿਕ ਕੰਮਾਂ ਵਿਚ ਸੀ ਜਾਂ ਸੰਘਰਸ਼ ਵਿਚ ਸੀ, ਖਾਲਸਾ ਪੰਥ ਸਦਾ ਜੈਕਾਰ ਤੇ ਸ੍ਵੈਮਾਣ ਨਾਲ ਜੀਵਿਆ ਹੈ। ੧੯੮੪ ਤੋਂ ਪਿਛੋਂ ਪਹਿਲੀ ਵਾਰੀ ਭਾਰਤੀ ਬਹੁ-ਗਿਣਤੀ ਵਿਆਪਕ ਰੂਪ ਵਿਚ ਹਿੰਦੂ ਸਮਾਜ ਵਲੋਂ ਖਾਲਸਾ-ਪੰਥ ਨੂੰ ਜੋ ਚੁਣੌਤੀਆਂ ਮਿਲ ਰਹੀਆਂ ਹਨ; ਉਸ ਦਾ ਅੰਦਾਜ਼ਾ ਲਾਉਣਾ ਤਾਂ ਸੰਭਵ ਨਹੀਂ; ਪਰ ਤਿੰਨ ਚੁਣੌਤੀਆਂ ਸਪੱਸ਼ਟ ਹਨ :–

੧, ਹਿੰਦੂ ਬਹੁ-ਗਿਣਤੀ ਦੇ ਗੁਲਾਮ ਬਣ ਕੇ ਜੀਉ।
ਸਾਡੇ ਜੀਉਣ ਲਈ ਨਾ ਕੋਈ ਵਿਧਾਨਕ ਖ਼ਿੱਤਾ ਹੈ, ਨਾ ਸਮਾਜਕ ਅਜ਼ਾਦੀ ਹੈ, ਨਾ ਹੀ ਹੱਕ-ਅਧਿਕਾਰ ਹਨ ਅਤੇ ਨਾ ਹੀ ਪਤਿ ਤੇ ਸਵੈਮਾਣ ਹੈ।

੨. ਖਾਲਸਾ-ਪੰਥ ਬਾਰੇ ਕੇਂਦਰੀ ਸਰਕਾਰ, ਸਰਕਾਰੀ ਮੀਡੀਆ, ਹਿੰਦੂ ਬਹੁ-ਗਿਣਤੀ, ਦੋਖੀ ਤੇ ਦੁਸ਼ਟਾਂ ਨੇ ਜੋ ਰਾਇ-ਆਮਾ ਬਣਾਈ ਹੈ, ਉਹ ਅਤਿਵਾਦੀ ਜਾਂ ਖਾੜਕੂ ਦੀ ਹੈ।

੩, ਜਿਸ ਦਾ ਵੀ ਸਰੂਪ ਅੰਮ੍ਰਿਤਧਾਰੀ ਤੇ ਖਾਲਸਾ ਵਾਲਾ ਹੈ, ਉਹ ਦੇਸ਼ ਦਾ ਦੁਸ਼ਮਣ ਹੈ, ਮਾਨਵਤਾ ਦਾ ਦੋਖੀ ਹੈ, ਕਾਤਲ ਹੈ, ਲੁਟੇਰਾ ਹੈ। ਅਜੋਕੇ ਯੁੱਗ ਵਿਚ ਖਾਲਸਾ-ਪੰਥ ਲਈ ਇਹ ਸਭ ਤੋਂ ਵੱਡੀ ਚੁਣੌਤੀ ਹੈ।



www.AKJ.Org

ਖਾਲਸਾ-ਪੰਥ ਨੇ ਨਿਕਟ ਭਵਿਖ ਵਿਚ ਜੇ ਇਸ ਕਰੂਪ ਚੁਣੌਤੀ ਤੋਂ ਬਚਣਾ ਹੈ ਤਾਂ ਜ਼ਰੂਰੀ ਹੈ ਕਿ ਖਾਲਸਾ-ਪੰਥ ਦਾ ਹਰ ਅੰਗ ਏਕਤਾ ਅਤੇ ਇਕਸੁਰਤਾ ਵਿਚ ਆਵੇ, ਆਪਣੇ ਵਿਰਸੇ ਦੀ ਸੰਭਾਲ ਕਰੇ, ਆਪਣੇ ਮਾਨਵਵਾਦੀ ਪੱਖ ਨੂੰ ਹੋਰ ਉਜਾਗਰ ਕਰੇ, ਵਰਨ-ਵੰਡ ਦੇ ਵਿਤਕਰਿਆਂ ਨੂੰ ਤ੍ਰਿਸਕਾਰ ਕੇ, ਬਿਨਾਂ ਜਾਤਿ-ਪਾਤਿ ਤੇ ਰੰਗ-ਰੂਪ ਦੇ ਸਾਰਿਆਂ ਨਾਲ ਪਿਆਰ ਕਰੇ, ਅੰਮ੍ਰਿਤ-ਜੀਵਨ-ਜਾਚ ਦਾ ਤੇ ਸਰਬੱਤ ਦੇ ਭਲੇ-ਭਾਵਨਾ ਦਾ ਖੁਲ੍ਹ ਕੇ ਪ੍ਰਗਟਾਵਾ ਕਰੇ। ਅਜੋਕੇ ਹਾਲਾਤ ਵਿਚ ਖਾਲਸਾ-ਪੰਥ ਨੂੰ ਸਪੱਸ਼ਟ ਸ਼ਬਦਾਂ ਵਿਚ ਆਪਣੀ ਸੋਚ ਤੇ ਆਪਣੀਆਂ ਨੀਤੀਆਂ ਦਾ ਐਲਾਨ ਕਰਨਾ ਚਾਹੀਦਾ ਹੈ। ਖਾਲਸਾ-ਪੰਥ ਦੀ ਵਿਸ਼ੇਸ਼ਤਾ ਤੇ ਵਿਲੱਖਣਤਾ ਇਹ ਹੈ ਕਿ ਉਸ ਨੇ ਕਦੀ ਵੀ ਆਪਣੇ ਆਪ ਨੂੰ ਦੁਬਿੱਧਾ-ਗ੍ਰੱਸਤ ਤੇ ਮਿਲਾਵਟ ਵਿਚ ਨਹੀਂ ਰਖਿਆ ਅਤੇ ਨਾ ਹੀ ਲੋਭ ਲਾਲਚ ਅਧੀਨ ਆਪਣੇ ਸ੍ਵੈਮਾਣ ਨਾਲ ਕਦੀ ਸਮਝੌਤਾ ਕੀਤਾ ਹੈ। ਇਸ ਵੇਲੇ ਖਾਲਸਾ ਪੰਥ ਲਈ ਪੁਨਰ ਰੂਪ ਵਿਚ ਸੋਚਣ ਦੀ ਘੜੀ ਹੈ, ਜੇ ਖਾਲਸਾ-ਪੰਥ ਨੇ ਅਜੋਕੇ ਸਮੇਂ ਦੀਆਂ ਚੁਣੌਤੀਆਂ ਤੋਂ ਸੁਰੱਖਿਅਤ ਹੋਣਾ ਹੈ।

**ਸਭਿਆਚਾਰਕ ਚੁਣੌਤੀਆਂ :–**

ਅਜੋਕੇ ਸਮੇਂ ਵਿਚ ਖਾਲਸਾ-ਪੰਥ ਦੀ ਵੱਡੀ ਬਦਕਿਸਮਤੀ ਇਹ ਹੈ ਕਿ ਇਹ ਆਪਣੇ ਸਭਿਆਚਾਰਕ ਵਿਰਸੇ ਦੀ ਸੰਭਾਲ ਵਲ ਰੁਚਿਤ ਨਹੀਂ। ਖਾਲਸਾ-ਪੰਥ ਨੇ ਭੰਗੜਾ, ਗਿੱਧਾ, ਬੋਲੀਆਂ ਤੇ ਕਲਚਰਲ ਨਾਚ-ਗਾਣੇ ਨੂੰ ਹੀ ਆਪਣਾ ਸਭਿਆਚਾਰਕ ਵਿਰਸਾ ਮੰਨ ਲਿਆ ਹੈ। ਇਹੀ ਕਾਰਨ ਹੈ ਕਿ ਭਾਵੇਂ ਖਾਲਸਾ ਸਕੂਲ ਹੈ ਜਾਂ ਖਾਲਸਾ ਕਾਲਜ ਹੈ, ਉਹ ਭੰਗੜਾ-ਗਿੱਧਾ ਵੇਖ ਕੇ ਖੁਸ਼ ਹੈ। ਉਸ ਨੂੰ ਕਦੀ ਵੀ ਗੁਰਬਾਣੀ ਦੇ ਸ਼ੁੱਧ ਪਾਠ, ਰਾਗਾਂ ਤੇ ਰੀਤਾਂ ਵਿਚ ਨਿਰਧਾਰਤ ਕੀਰਤਨ, ਬਾਣੀ ਉਚਾਰਣ, ਵਾਰਾਂ ਗਾਇਨ ਤੇ ਕਵੀਸ਼ਰੀ, ਸਿੱਖ ਇਤਿਹਾਸ ਦੀਆਂ ਸਾਖੀਆਂ ਦੇ ਕਵਿਜ਼ (ਪ੍ਰਸ਼ਨ-ਉਤਰ) ਮੌਕੇ ਉਤੇ ਸਿੱਖ ਚਿੱਤਰਕਾਰੀ ਵਲ ਕਦੀ ਧਿਆਨ ਨਹੀਂ ਗਿਆ। ਖਾਲਸਾ-ਪੰਥ ਦਾ ਇਹ ਸਭਿਆਚਾਰ ਸੀ। ਇਹੀ ਸਭਿਆਚਾਰ ਖਾਲਸਾ ਕੌਮ ਨੂੰ ਸਦਾ ਜੀਵੰਤ ਤੇ ਜਾਗ੍ਰਿਤ ਰਖਦਾ ਸੀ। ਇਹੀ ਗੁਰਮਤਿ ਸਭਿਆਚਾਰ ਸੀ, ਜਿਹੜਾ ਖਾਲਸਾ-ਪੰਥ ਨੂੰ ਆਪਣੀ ਗੌਰਵਸ਼ਾਲੀ ਪ੍ਰੰਪਰਾ ਨਾਲ ਜੋੜੀ ਰਖਦਾ ਸੀ। ਜੇ ਖਾਲਸਾ ਨੇ ਅਜੋਕੇ ਸਮੇਂ ਦੀ ਸਭਿਆਚਾਰਕ ਚੁਣੌਤੀ ਤੋਂ ਬਚਣਾ ਹੈ, ਤਾਂ ਜ਼ਰੂਰੀ ਹੈ ਕਿ ਪੰਥ ਦੀਆਂ ਪ੍ਰਤੀਨਿੱਧ ਤੇ ਮਹਾਨ ਜਥੇਬੰਦੀਆਂ ਆਪਣੇ ਕੌਮੀ ਸਭਿਆਚਾਰ ਨੂੰ ਪੁਨਰ ਰੂਪ ਵਿਚ ਸਥਾਪਿਤ ਕਰਨ।

**ਰਾਜਨੀਤਕ ਚੁਣੌਤੀਆਂ :–**

ਅਜੋਕੇ ਯੁੱਗ ਵਿਚ ਖਾਲਸਾ-ਪੰਥ ਲਈ ਜੇ ਕੋਈ ਸਭ ਤੋਂ ਵੱਡੀ ਚੁਣੌਤੀ ਹੈ, ਤਾਂ ਉਹ ਹੈ–ਖਾਲਸਾ-ਪੰਥ ਦੀ ਮੌਲਿਕ ਹੋਂਦ, ਸੁਤੰਤਰ ਹਸਤੀ ਤੇ ਗੌਰਵਸ਼ਾਲੀ ਵਿਰਸੇ ਦੇ ਸੱਚ ਦੀ ਸੁਰੱਖਿਆ। ਹਿੰਦੂ ਬਹੁ-ਗਿਣਤੀ ਦੀਆਂ ਸਾਰੀਆਂ ਸਰਕਾਰਾਂ ਖਾਲਸਾ ਕੌਮ ਦੀ ਮੌਲਿਕ ਹੋਂਦ, ਸੁਤੰਤਰ ਹਸਤੀ ਤੇ ਕੌਮੀ ਵਿਰਸੇ ਦੀਆਂ ਦੋਖੀ ਹਨ। ਸ੍ਰੀ ਹਰਿਮੰਦਰ ਸਾਹਿਬ ਦੇ ਸਮੁੱਚੇ ਕੰਪਲੈਕਸ ਵਿਚ ਬਲਿਊ ਸਟਾਰ ਵਰਗੀ ਮਾਰੂ ਘਟਨਾ, ਸ੍ਰੀ ਅਕਾਲ ਤਖਤ ਸਾਹਿਬ ਨੂੰ ਢਹਿ-ਢੇਰੀ ਕਰਨਾ, ਸਿੱਖ ਰੈਫਰੈਂਸ ਲਾਇਬ੍ਰੇਰੀ ਨੂੰ ਤਬਾਹ ਕਰਨਾ, ਗੁਰਦੁਆਰਿਆਂ-ਗ੍ਰੰਥੀਆਂ ਨੂੰ ਨੀਵਾਂ ਦਿਖਾਣਾ, ਨੌਜਵਾਨ ਪੀੜ੍ਹੀ ਨੂੰ ਭਾਰਤ ਦੀਆਂ ਜੇਲ੍ਹਾਂ ਵਿਚ ਬੰਦੀ ਬਣਾਣਾ, ਲੋਕ-ਰਾਜੀ ਹੱਕਾਂ ਅਤੇ ਅਧਿਕਾਰਾਂ ਤੋਂ ਖਾਲਸਾ-ਪੰਥ ਨੂੰ ਵੰਚਿਤ ਕਰਨਾ, ਸ਼੍ਰੋਮਣੀ ਕਮੇਟੀ ਦੀ ਹਸਤੀ ਤੇ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਦੀਆਂ ਪ੍ਰੰਪਰਾਵਾਂ ਨੂੰ ਮੁੜ ਮੁੜ ਕੇ ਵੰਗਾਰਨਾ, ਇਹ ਸਾਰੀ ਸੋਚ, ਇਹ ਸਾਰੇ ਕਰਮ ਖਾਲਸਾ ਪੰਥ ਦੀ ਮੌਲਿਕ ਹੋਂਦ, ਸੁਤੰਤਰ ਹਸਤੀ ਤੇ ਪੰਥਕ ਵਿਰਸੇ ਨੂੰ ਮੁਕਾਉਣ ਦੇ ਪ੍ਰਤੀਕ ਹਨ।

ਸਮੁੱਚੇ ਤੌਰ ਤੇ ਇਹ ਕਹਿਣਾ ਬਿਲਕੁਲ ਯੋਗ ਲਗਦਾ ਹੈ ਕਿ ਅਜੋਕੇ ਯੁੱਗ ਵਿਚ ਖਾਲਸਾ ਪੰਥ ਧਾਰਮਿਕ, ਸਮਾਜਕ, ਸਭਿਆਚਾਰਕ ਤੇ ਰਾਜਨੀਤਕ–ਹਰ ਪੱਧਰ ਉਤੇ ਚੁਣੌਤੀਆਂ ਨਾਲ ਘਿਰਿਆ ਪਿਆ ਹੈ। ਜੇ ਖਾਲਸਾ-ਪੰਥ ਨੇ ਚੁਣੌਤੀਆਂ ਵਿਚੋਂ ਉਜਾਗਰ ਮੁਖ ਤੇ ਸ੍ਵੈਮਾਣ ਨਾਲ ਨਿਕਲਣਾ ਹੈ, ਤਾਂ ਜ਼ਰੂਰੀ ਹੈ ਕਿ ਖਾਲਸਾ ਪੰਥ ਆਪਸੀ ਦਵੈਤ, ਦੁਬਿੱਧਾ-ਗ੍ਰਸੀ ਸੋਚ, ਵੰਡ-ਵਿਤਕਰੇ, ਬਿਪਰਨ ਦੀਆਂ ਰੀਤਾਂ ਤੇ ਮੋਹ-ਮਾਇਆ ਦੀ ਪਕੜ ਛੱਡ ਕੇ ਨਿਰਮਲ ਜੀਵਨ-ਜਾਚ ਕਮਾਏ; ਨਿੰਮਰਤਾ, ਮਿੱਠਤ, ਸੇਵਾ, ਉਪਕਾਰ ਤੇ ਸਹਿਜ ਦੇ ਗੁਣ ਗ੍ਰਹਿਣ ਕਰੇ,

 [ਬਾਕੀ ਸਫਾ ੨੮ ਹੇਠ] 

www.AKJ.Org

# ਭਾਗ ਤੇ ਉਦਮ

## ਜੇਹੇ ਕਰਮ ਕਮਾਇ ਤੇਹਾ ਹੋਇਸੀ

[ਭਾਈ ਨਰੈਣ ਸਿੰਘ ਜੀ ਐਮ.ਏ.]

[ਭਾਈ ਨਰੈਣ ਸਿੰਘ ਜੀ ਗੁਰਮਤਿ ਦੇ ਪਾਂਧੀ, ਸੱਚ ਦੇ ਧਾਰਨੀ ਤੇ ਸੱਚ ਦੇ ਉਪਦੇਸ਼ਕ ਸਨ। ਪੰਥ ਦੇ ਨਿਧੜਕ ਜਰਨੈਲ ਜਥੇਦਾਰ ਕਰਤਾਰ ਸਿੰਘ ਝੱਬਰ ਦੇ ਸੰਗ-ਸਾਥ ਧਰਮ-ਅਸਥਾਨਾਂ ਦੇ ਸੁਧਾਰ ਵਿਚ ਹਿੱਸਾ ਪਾਉਂਦੇ ਰਹੇ। ਪੰਜਾਬ ਦੀ ਵੰਡ ਪਿਛੋਂ ਪਟਿਆਲੇ ਰਹਿ ਕੇ 'ਗੁਰੂ ਨਾਨਕ ਦੇਵ ਮਿਸ਼ਨ' ਦੇ ਨਾਂ ਹੇਠ ਗੁਰਮਤਿ ਦੇ ਅਨੇਕਾਂ ਟ੍ਰੈਕਟ ਛਪਵਾ ਕੇ ਸਿੱਖ ਸੰਗਤਾਂ ਨੂੰ ਪੁਚਾਂਦੇ ਰਹੇ। ਆਪ ਜੀ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਹਨ। ਸਤਿਗੁਰੂ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ। —ਸੰਪਾਦਕ]

ਕਈ ਲੋਕ ਆਪਣੇ ਕੀਤੇ ਕੰਮਾਂ ਦਾ ਬੋਝ ਜਾਂ ਜ਼ਿੰਮੇਵਾਰੀ ਆਪਣੇ ਸਿਰ ਨਾ ਲੈਣ ਅਤੇ ਕੰਮਾਂ ਦੇ ਫਲ ਕਿਸੇ ਹੋਰ ਦੇ ਸਿਰ ਮੜਨ ਦੇ ਸੁਭਾਅ ਵਾਲੇ ਹੁੰਦੇ ਹਨ। ਉਹ ਹਰ ਮੰਦੇ ਚੰਗੇ ਕੰਮ ਤੇ ਇਹ ਕਹਿ ਕੇ—ਕਿ ਵਾਹਿਗੁਰੂ ਹੀ ਹਰ ਗੱਲ ਦਾ ਕਰਨ ਕਾਰਨ ਹੈ, ਮਨੁੱਖ ਕੀ ਕਰ ਸਕਦਾ ਹੈ, ਸਭ ਉਸੇ ਦਾ ਹੁਕਮ ਵਰਤਦਾ ਹੈ, ਪ੍ਰਾਲਬਧ ਅੰਦਰ ਜੋ ਲਿਖਿਆ ਹੈ ਉਹ ਹੋ ਕੇ ਰਹਿੰਦਾ ਹੈ, ਮਨੁੱਖ ਦਾ ਆਪਣਾ ਉਦਮ ਫ਼ਜ਼ੂਲ ਹੈ, ਆਦਿ, ਹਰ ਜ਼ਿੰਮੇਵਾਰੀ ਤੋਂ ਛੁਟਕਾਰਾ ਪਾਉਣ ਦੀ ਕੋਸ਼ਿਸ਼ ਕਰਦੇ ਹਨ ਅਤੇ ਆਪਣੇ ਕਥਨ ਦੀ ਪੁਸ਼ਟੀ ਵਿਚ ਗੁਰੂ-ਬਾਣੀ ਦੀਆਂ ਹੇਠ ਲਿਖੇ ਅਨੁਸਾਰ ਤੁਕਾਂ ਦੇ ਹਵਾਲੇ ਦੇਂਦੇ ਹਨ:

ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥੩੭॥ (ਜਪੁ ਜੀ)

ਜਾਂ—ਕਰਨ ਕਰਾਵਨ ਆਪੇ ਆਪਿ ॥੫॥੧੨॥ (ਸੁਖਮਨੀ ਸਾਹਿਬ)

ਜਾਂ—ਜੇਹਾ ਤੂੰ ਹੁਕਮੁ ਕਰਹਿ ਤੇਹੇ ਕੋ ਕਰਮ ਕਮਾਵੈ ਜੇਹਾ ਤੁਧੁ ਧੁਰਿ ਲਿਖਿ ਪਾਇਆ ॥੨॥੨੪॥੩੨॥ (ਸੂਹੀ ਮ: ੪, ਪੰਨਾ ੭੩੬)

ਜਾਂ—ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ ॥੫੨॥ (ਰਾਮਕਲੀ ਮ: ੧, ਪੰਨਾ ੯੩੭)

ਆਮ ਤੌਰ ਤੇ ਤਾਂ ਅਜਿਹੇ ਕਥਨਾਂ ਨੂੰ ਉਹ ਲੋਕ ਸੰਬੰਧਤ ਪ੍ਰਕਰਣਾਂ ਤੋਂ ਵਖਰਾ ਕਰ ਕੇ (out of context) ਉਨ੍ਹਾਂ ਦੇ ਅਰਥ ਆਪਣੇ ਖਿਆਲ ਅਨੁਸਾਰ ਕਰ ਲੈਂਦੇ ਹਨ, ਜਦੋਂ ਕਿ ਸੰਬੰਧਤ ਪ੍ਰਕਰਣ ਵਿਚ ਉਨ੍ਹਾਂ ਦੇ ਉਹ ਅਰਥ ਨਹੀਂ ਹੁੰਦੇ। ਪਰ ਜਿਥੇ ਉਨ੍ਹਾਂ ਦੇ ਅੱਖਰੀ ਅਰਥ ਠੀਕ ਭੀ ਹੁੰਦੇ ਹਨ, ਉਥੇ ਭੀ ਉਹ ਵਾਹਿਗੁਰੂ ਦੇ ਹੁਕਮ, ਮਨੁੱਖ ਦੇ ਕਰਮ, ਭਾਗ ਅਤੇ ਜਨਮ ਮਰਨ ਦੇ ਮਸਲਿਆਂ ਨੂੰ ਸਮੁੱਚੇ ਤੌਰ ਤੇ ਸਮਝਣ ਤੇ ਵਿਚਾਰਨ ਦੀ ਥਾਂ, ਉਨ੍ਹਾਂ ਦੀ ਕਿਸੇ ਇਕ ਅੱਧ ਗੱਲ ਨੂੰ ਦ੍ਰਿੜ੍ਹ ਕਰ ਕੇ ਹੀ ਉਸ ਉਪਰ ਆਪਣੀ ਵਿਚਾਰ-ਧਾਰਾ ਦੀ ਉਸਾਰੀ ਕਰ ਲੈਂਦੇ ਹਨ। ਉਨ੍ਹਾਂ ਦੀ ਅਜਿਹੀ ਸੋਚਣੀ ਦਾ ਤੀਜਾ ਕਾਰਨ ਇਹ ਭੀ ਹੁੰਦਾ ਹੈ ਕਿ ਉਨ੍ਹਾਂ ਦਾ ਸੋਚ-ਪੱਧਰ, ਅਜਿਹੇ ਕਥਨਾਂ ਦੇ ਕਥਨਹਾਰ ਦੇ ਪੱਧਰ ਤੋਂ ਬਹੁਤ ਨੀਵਾਂ ਹੁੰਦਾ ਹੈ, ਜਿਸ ਕਰਕੇ ਉਹ ਆਪਣੀ ਸੋਚਣੀ ਨੂੰ ਕਥਨ ਵਾਲੇ ਦੇ ਪੱਧਰ 'ਤੇ ਨਹੀਂ ਲੈ ਜਾ ਸਕਦੇ। ਮਿਸਾਲ ਦੇ ਤੌਰ ਤੇ ਧਰਤੀ ਉਤੇ ਖੜੇ ਮਨੁੱਖ ਦੀ ਨਜ਼ਰ ਦਾ ਘੇਰਾ ਇਕ ਅੱਧ ਮੀਲ ਤਕ ਹੀ ਸੀਮਤ ਹੁੰਦਾ ਹੈ, ਪਰੰਤੂ ਉਹੋ ਮਨੁੱਖ ਕੋਠੇ ਉਪਰ ਜਾਂ ਕਿਸੇ ਵਧੇਰੀ ਉਚੇਰੀ ਥਾਂ ਤੇ ਖੜਾ

---

(ਸਫਾ ੨੭ ਦੀ ਬਾਕੀ)

ਆਪਣੇ ਆਪ ਨੂੰ ਖੰਡੇ-ਬਾਟੇ ਦੇ ਅੰਮ੍ਰਿਤ ਨਾਲ ਕੇਂਦਰਿਤ ਕਰੇ, ਵਾਹਿਗੁਰੂ ਦਾ ਖਾਲਸਾ ਬਣੇ ਤੇ ਵਾਹਿਗੁਰੂ ਦੀ ਫਤਿਹ ਲਈ ਸਮਰਪਿਤ ਹੋਵੇ। ਆਪਣੇ ਸ਼ਾਨਦਾਰ ਕੌਮੀ ਵਿਰਸੇ ਨੂੰ ਪੁਨਰ ਰੂਪ ਵਿਚ ਪ੍ਰਕਾਸ਼ਿਤ ਤੇ ਸਥਾਪਿਤ ਕਰਨ ਨਾਲ ਹੀ ਖਾਲਸਾ-ਪੰਥ ਇਕ ਵਾਰੀ ਫਿਰ ਭਾਰਤੀ ਤੇ ਵਿਦੇਸ਼ੀ ਨਕਸ਼ੇ ਉਤੇ ਆਪਣੀ ਮੌਲਿਕ ਹੋਂਦ, ਸੁਤੰਤਰ ਤੇ ਸੈ੍ਮਾਣ ਵਾਲੀ ਹਸਤੀ ਦਾ ਪ੍ਰਭਾਵ ਪਾ ਸਕੇਗਾ।



www.AKJ.Org

ਹੋਵੇ ਤਾਂ ਉਸ ਦੇ ਘੇਰੇ ਦੀ ਸੀਮਾ ਚੌੜੀ ਹੋ ਜਾਂਦੀ ਹੈ ਅਤੇ ਉਹ ਹਵਾਈ ਜਹਾਜ਼ ਵਿਚ ਬੈਠ ਉਪਰ ਚਲਾ ਜਾਵੇ ਤਾਂ ਉਹ ਸੈਂਕੜੇ ਮੀਲਾਂ ਤਕ ਵੇਖ ਸਕਦਾ ਹੈ। ਮਨੁੱਖੀ ਸੂਝ ਤਥਾ ਗਿਆਨ ਦਾ ਘੇਰਾ ਭੀ ਉਸੇ ਤਰ੍ਹਾਂ ਛੋਟਾ ਵੱਡਾ ਹੁੰਦਾ ਹੈ। ਨੀਵੇਂ ਪੱਧਰ ਵਾਲੇ ਮਨੁੱਖ ਉਚੇਰੇ ਪੱਧਰ ਦੀ ਗੱਲ ਨੂੰ ਠੀਕ ਨਾ ਸਮਝਦੇ ਹੋਏ, ਉਸ ਦੇ ਗਲਤ ਅਰਥ ਕਰ ਲੈਂਦੇ ਹਨ। ਸੋ ਉਕਤ ਕਥਨਾਂ ਅੰਦਰ ਅੰਕਿਤ ਖਿਆਲਾਂ ਨੂੰ ਠੀਕ ਸਮਝਣ ਲਈ ਸੰਬੰਧਤ ਪ੍ਰਕਰਣ ਨੂੰ ਵੇਖਣਾ, ਕਥਨ ਨੂੰ ਸੰਬੰਧਤ ਵਿਸ਼ੇ ਦੇ ਸਮੁੱਚੇ ਰੂਪ ਅੰਦਰ ਜਾਂਚਣਾ ਅਤੇ ਕਥਨਹਾਰ ਦੇ ਪੱਧਰ ਤੇ ਖੜੇ ਹੋ ਕੇ ਉਸ ਨੂੰ ਵਿਚਾਰਨਾ ਜ਼ਰੂਰੀ ਹੈ।

ਇਸ ਵਿਚਾਰ ਨੂੰ ਗ੍ਰਹਿਣ ਕਰਨ ਲਈ ਗੁਰਮਤਿ ਦੇ ਕਈ ਮੁਢਲੇ ਵਿਸ਼ਵਾਸਾਂ ਨੂੰ ਲੈ ਕੇ ਤੁਰਨਾ ਪਵੇਗਾ। ਇਹ ਇਸ ਪ੍ਰਕਾਰ ਹਨ–

(ੳ) ਜ਼ਿੰਦਗੀ ਇਕ ਰੌ (continuity) ਹੈ। ਮਨੁੱਖ ਦਾ ਇਹ ਜੀਵਨ (ਜਨਮ ਤੋਂ ਮਰਨ ਤਕ) ਉਸ ਰੌ ਦਾ ਇਕ ਹਿੱਸਾ ਹੈ। ਜਨਮ ਤੋਂ ਪਹਿਲੋਂ ਅਤੇ ਮਰਨ ਤੋਂ ਪਿਛੋਂ ਇਹ ਜੀਵਨ-ਰੌ ਉਸੇ ਤਰ੍ਹਾਂ ਕਾਇਮ ਰਹਿੰਦੀ ਹੈ, ਜਿਸ ਤਰ੍ਹਾਂ ਇਹ ਮੌਜੂਦਾ ਜੀਵਨ-ਕਾਲ ਵਿਚ ਹੈ। ਇਸ ਰੌ ਅੰਦਰ ਚਲਦੀ ਸੱਤਾ ਨੂੰ ਆਤਮਾ ਜਾਂ ਰੂਹ ਦਾ ਨਾਮ ਦਿਤਾ ਗਿਆ ਹੋਇਆ ਹੈ।

(ਅ) ਜਿਹੋ ਜਿਹਾ ਕੰਮ ਕੋਈ ਕਰਦਾ ਹੈ, ਉਸ ਦਾ ਉਹੋ ਜਿਹਾ ਫਲ ਉਸ ਨੂੰ ਮਿਲ ਜਾਂਦਾ ਹੈ।

(ੲ) ਜੀਵਨ-ਰੌ ਦੀ ਤਰ੍ਹਾਂ, ਕੰਮਾਂ ਅਤੇ ਉਨ੍ਹਾਂ ਦੇ ਫਲ ਭੋਗਣ ਅੰਦਰ ਭੀ ਇਕ ਰੌ ਹੈ, ਅਥਵਾ ਕਿਸੇ ਇਕ ਜੀਵਨ ਦੇ ਕੰਮ ਤੇ ਉਨ੍ਹਾਂ ਦੇ ਫਲ ਦੇ ਭੋਗ ਉਸੇ ਜੀਵਨ ਤਕ ਸੀਮਤ ਨਹੀਂ ਹੁੰਦੇ, ਬਲਕਿ ਇਕ ਜੀਵਨ ਵਿਚ ਕੀਤੇ ਕੰਮਾਂ ਦਾ ਪ੍ਰਭਾਵ ਅਗਲੇ ਜੀਵਨ ਜਾਂ ਜੀਵਨਾਂ ਤਕ ਚਲਿਆ ਜਾਂਦਾ ਹੈ।

(ਸ) ਵਹਿਗੁਰੂ ਦੀ ਇਕੋ ਇਕ ਹਸਤੀ ਨੇ, ਨਿਆਇਕਾਰੀ ਹੋਣਾ ਜਿਸ ਦਾ ਇਕ ਵਿਸ਼ੇਸ਼ ਗੁਣ ਹੈ, ਪੱਕੇ ਤੌਰ ਤੇ ਅਜਿਹੇ ਸਰਬ-ਵਿਆਪੀ ਬੰਧਾਨ (Universal Laws) ਬੱਧੇ ਹੋਏ ਹਨ, ਜਿਨ੍ਹਾਂ ਨੂੰ ਤੋੜ ਮਰੋੜ ਜਾਂ ਬਦਲ ਸਕਣ ਦੀ ਕਿਸੇ ਹੋਰ ਨੂੰ ਸਮਰੱਥਾ ਨਹੀਂ। ਜੀਵਾਂ ਦੇ ਕੰਮ ਤੇ ਉਨ੍ਹਾਂ ਦੇ ਫਲ ਭੀ ਉਸ ਬੰਧਾਨ ਅਧੀਨ ਹਨ। ਜੋ ਕੰਮ ਕੋਈ ਕਰਦਾ ਹੈ, ਸਰਬ-ਬਿਆਪੀ ਬੰਧਾਨ ਅਨੁਸਾਰ ਉਨ੍ਹਾਂ ਦਾ ਫਲ ਉਸ ਨੂੰ ਭੋਗਣਾ ਪੈਂਦਾ ਹੈ।

(ਹ) ਵਾਹਿਗੁਰੂ ਜੋ ਸਰਬ-ਸਮਰੱਥ ਹੈ, ਮਿਹਰਵਾਨ ਅਤੇ ਬਖ਼ਸ਼ੰਦ ਭੀ ਹੈ, ਉਹ ਖ਼ੁਦ ਕਿਸੇ ਬੰਧਾਨ-ਵਸ ਨਹੀਂ, ਉਸ ਦੀ ਨਦਰ ਮਿਹਰ ਦ੍ਰਿਸ਼ਟੀ ਅਤੇ ਕਰਮ (ਬਖ਼ਸ਼ਸ਼) ਹੋਵੇ ਤਾਂ ਕੀਤੇ ਕੰਮ ਅਤੇ ਉਨ੍ਹਾਂ ਦੇ ਫਲ ਦੀ ਰੂਪ-ਰੇਖਾ ਬਦਲ ਸਕਦੀ ਹੈ।

(ਕ) ਵਾਹਿਗੁਰੂ ਦੀ ਅਗਾਧ ਗਤੀ ਹੈ, ਅਥਵਾ ਉਸ ਨੂੰ ਤੇ ਉਸ ਦੇ ਕੰਮਾਂ ਦੇ ਕਾਰਨ ਤੇ ਕਾਰਜ ਨੂੰ ਪੂਰੀ ਤਰ੍ਹਾਂ ਸਮਝ ਸਕਣਾ ਮਨੁੱਖੀ ਅਕਲ ਤੋਂ ਬਾਹਰਾ ਹੈ।

ਇਨ੍ਹਾਂ ਮੁਢਲੇ ਵਿਸ਼ਵਾਸਾਂ ਨੂੰ ਧਿਆਨ ਵਿਚ ਰੱਖਦੇ ਹੋਏ ਅਸਾਂ ਵਿਚਾਰਨਾ ਹੈ ਕਿ ਮਨੁੱਖ ਆਪਣੇ ਕੰਮਾਂ ਲਈ ਆਪ ਕਿਥੋਂ ਤਾਈਂ ਜ਼ਿੰਮੇਵਾਰ ਹੈ ਅਤੇ ਆਪਣੇ ਕੰਮਾਂ ਦਾ ਦੋਸ਼ ਵਾਹਿਗੁਰੂ ਨੂੰ ਦੇਣਾ ਕਿਥੋਂ ਤਕ ਠੀਕ ਹੈ ਅਤੇ ਫਿਰ ਇਸ ਵਿਚਾਰ ਦੇ ਚਾਨਣੇ ਵਿਚ ਵੇਖਣਾ ਹੈ ਕਿ ਉਸ ਉਦਮ ਕਰਨ ਲਈ ਮਨੁੱਖ ਕਿਥੋਂ ਤਾਈਂ ਆਜ਼ਾਦ ਹੈ।

ਕੰਮਾਂ ਦੀ ਜ਼ਿੰਮੇਵਾਰੀ ਤੋਂ ਬਚਣ ਲਈ 'ਜਿਵ ਜਿਵ ਹੁਕਮੁ ਤਿਵੈ ਤਿਵ ਕਾਰ' ਕਹਿ ਕੇ, ਜਿਸ ਹੁਕਮ ਦਾ ਦੋਸ਼ ਅਸੀਂ ਕਰਤਾ ਪੁਰਖ ਦੇ ਸਿਰ ਮੜ੍ਹਦੇ ਹਾਂ, ਉਹ ਹੁਕਮ ਤਾਂ ਉਹੋ ਸਰਬ-ਵਿਆਪੀ ਬੰਧਾਨ (Universal Laws) ਹਨ, ਜੋ ਰਚਨਾ ਦੇ ਆਦਿ ਤੋਂ ਹੀ ਵਰਤੇ ਹੋਏ ਹਨ ਅਤੇ ਜਿਨ੍ਹਾਂ ਦਾ ਅਸਰ ਹਰ ਮਨੁੱਖ ਤਥਾ ਜੀਵ ਉਤੇ ਇਕ-ਸਮਾਨ ਹੈ। ਫਿਰ ਅਸੀਂ ਆਪਣੇ ਕਿਸੇ ਨਿੱਜੀ ਕੰਮ ਨੂੰ ਹੁਕਮ ਮੁਜਬ ਕੀਤਾ ਕਿਵੇਂ ਕਹਿ ਸਕਦੇ ਹਾਂ! ਇਕ ਸਾਧਾਰਨ ਜਿਹੀ ਮਿਸਾਲ ਕਿਸੇ ਰਾਜ-ਸਾਸ਼ਨ ਦੀ ਲੈਂਦੇ ਹਾਂ। ਹਰ ਰਾਜ ਅਥਵਾ ਹਕੂਮਤ ਨੇ ਆਪਣੇ ਦੇਸ਼-ਵਾਸੀਆਂ ਲਈ ਵਿਸ਼ੇਸ਼ ਕਾਨੂੰਨ ਘੜੇ ਤੇ ਚਾਲੂ ਕੀਤੇ ਹੁੰਦੇ ਹਨ। ਦੇਸ਼ ਦਾ ਸਾਰਾ ਪ੍ਰਬੰਧ, ਕਾਰ-ਵਿਹਾਰ ਉਨ੍ਹਾਂ ਕਾਨੂੰਨਾਂ ਅਧੀਨ ਚਲਦਾ ਹੈ ਅਤੇ ਜਿਸ ਰਾਜ ਸੰਸਥਾ ਜਾਂ ਬਾਦਸ਼ਾਹ ਦੇ ਉਹ ਕਾਨੂੰਨ ਚਾਲੂ ਕੀਤੇ ਹੁੰਦੇ ਹਨ, ਅਸੀਂ ਕਹਿੰਦੇ ਹਾਂ,


www.AKJ.Org

ਦੇਸ਼ ਵਿਚ ਉਸ ਦਾ ਹੁਕਮ ਵਰਤਦਾ ਹੈ। ਜਿਸ ਤਰ੍ਹਾਂ ਭਾਰਤ ਅੰਦਰ ਪਹਿਲੋਂ ਅੰਗਰੇਜ਼ ਸਰਕਾਰ ਦਾ ਹੁਕਮ ਸੀ, ਹੁਣ ਕਾਂਗਰਸ ਸਰਕਾਰ ਦਾ ਹੁਕਮ ਹੈ। ਜੇ ਕੋਈ ਦੇਸ਼-ਵਾਸੀ ਆਪਣੀ ਸਰਕਾਰ (ਹਕੂਮਤ) ਦੇ ਕਿਸੇ ਕਾਨੂੰਨ ਵਿਰੁਧ ਕੋਈ ਗੱਲ ਕਰਦਾ ਹੈ ਤਾਂ ਅਸੀਂ ਇਹ ਨਹੀਂ ਕਹਿੰਦੇ ਕਿ ਸਰਕਾਰ ਨੇ ਇਹ ਕੰਮ ਕਰਾਇਆ ਹੈ, ਬਲਕਿ ਇਹੋ ਕਿਹਾ ਜਾਂਦਾ ਹੈ ਕਿ ਦੋਸ਼ੀ ਨੇ ਸਰਕਾਰ ਦੇ ਹੁਕਮ ਦੀ ਉਲੰਘਣਾ ਕੀਤੀ ਹੈ। ਤਾਂ ਫਿਰ ਜੋ ਮਨੁੱਖ ਵਾਹਿਗੁਰੂ ਦੇ ਅਟੱਲ ਹੁਕਮਾਂ ਥੱਲੇ ਰਹਿੰਦਾ ਹੋਇਆ, ਆਪਣੀ ਮਰਜ਼ੀ ਦੀ ਕੋਈ ਗੱਲ ਕਰਦਾ ਹੈ ਜਾਂ ਕਰਤਾ ਪੁਰਖ ਦੇ ਕਿਸੇ ਬੰਧਾਨ ਦੀ ਉਲੰਘਣਾ ਕਰਦਾ ਹੈ ਤੇ ਫਿਰ ਕਹਿੰਦਾ ਹੈ–'ਜਿਵ ਜਿਵ ਹੁਕਮੁ ਤਿਵੈ ਤਿਵ ਕਾਰ', ਤਾਂ ਉਸ ਦਾ ਇਹ ਕਹਿਣਾ ਕਿਥੋਂ ਤਕ ਠੀਕ ਹੈ, ਕਿਸੇ ਨਿਰਣੇ ਦਾ ਮੁਥਾਜ ਨਹੀਂ।

ਜਿਹੋ ਜਿਹਾ ਕੋਈ ਕੰਮ ਕਰਦਾ ਹੈ, ਉਸ ਦਾ ਉਹੋ ਜਿਹਾ ਫਲ ਉਸ ਨੂੰ ਮਿਲਦਾ ਹੈ ਅਤੇ ਮਨੁੱਖ ਦਾ ਇਹ ਜੀਵਨ, ਲੰਮੀ ਜੀਵਨ-ਰੌ ਦੀ ਇਕ ਕੜੀ ਹੈ। ਇਸ ਰੌ ਅੰਦਰ ਕਿਸੇ ਸਮੇਂ ਅਥਵਾ ਕਿਸੇ ਹੋਰ ਜੀਵਨ ਜਾਂ ਜੀਵਨਾਂ ਅੰਦਰ ਕੀਤੇ ਕੰਮਾਂ ਦਾ ਪ੍ਰਭਾਵ ਇਸ ਰੌ ਦੇ ਨਾਲ ਤੁਰਦਾ ਰਹਿੰਦਾ ਹੈ, ਅਰਥਾਤ, ਆਤਮਾ ਜਾਂ ਰੂਹ ਪਿੱਛੇ ਕੀਤੇ ਕੰਮਾਂ ਦਾ ਅਸਰ ਆਪਣੇ ਨਾਲ ਲਈ ਤੁਰੀ ਆਉਂਦੀ ਹੈ। ਜੇਕਰ ਇਕੋ ਪ੍ਰਕਾਰ ਦੇ ਕੰਮ ਵਾਰ ਵਾਰ ਕਰਦੇ ਰਹੀਏ ਤਾਂ ਉਹ ਮਨੁੱਖ ਦੇ ਸੁਭਾਉ ਅੰਦਰ ਰਚ ਜਾਂਦੇ ਹਨ, ਅਥਵਾ ਉਸ ਦੀ ਕਿਰਤ ਬਣ ਜਾਂਦੇ ਹਨ। ਇਹ ਭੀ ਸਪੱਸ਼ਟ ਹੈ ਕਿ ਵਾਹਿਗੁਰੂ ਦੇ ਸਰਬ-ਵਿਆਪੀ ਤੇ ਅਟੱਲ ਬੰਧਾਨ ਅਧੀਨ, ਜਿਸ ਨੂੰ ਅਸੀਂ ਵਾਹਿਗੁਰੂ ਦਾ ਹੁਕਮ ਕਹਿੰਦੇ ਹਾਂ, ਹਰ ਕੀਤੇ ਕੰਮ ਦੇ ਫਲ ਦਾ ਭੋਗ ਹੁੰਦਾ ਹੈ ਅਤੇ ਫਲ ਭੁਗਤਾਉਣ ਦੀ ਸਮਰੱਥਾ ਉਨ੍ਹਾਂ ਅਟੱਲ ਬੰਧਾਨਾਂ ਤਥਾ ਵਾਹਿਗੁਰੂ ਦੇ ਹੁਕਮ ਨੂੰ ਹੈ। ਇਸੇ ਗੱਲ ਨੂੰ ਗੁਰੂ ਜੀ ਨੇ ਇਉਂ ਦੱਸਿਆ ਹੈ–

ਹੁਕਮਿ ਚਲਾਏ ਆਪਣੈ ਕਰਮੀ ਵਹੈ ਕਲਾਮ ॥੨॥੯॥ [ਵਾਰ ਸਾਰੰਗ, ਮ: ੧, ਪੰਨਾ ੧੨੪੧]

ਅਰਥਾਤ, ਵਾਹਿਗੁਰੂ ਆਪਣਾ ਹੁਕਮ ਵਰਤਾਉਂਦਾ ਹੈ, ਪਰੰਤੂ ਇਹ ਹੁਕਮ ਮਨੁੱਖ ਦੇ ਕੀਤੇ ਕੰਮ ਅਨੁਸਾਰ ਵਰਤਦਾ ਹੈ. ਐਵੇਂ ਅਟਕਲ-ਪਚੂ ਜਾਂ ਨਿਰ-ਅਧਾਰਤ ਨਹੀਂ। ਆਤਮਾ ਦੀ ਲੰਮੀ ਜੀਵਨ-ਸੰਗਲੀ ਅੰਦਰ ਇਹ ਹੁਕਮ ਪ੍ਰਾਲਬਧ, ਭਾਗ ਜਾਂ ਲੇਖ ਬਣ ਜਾਂਦੇ ਹਨ, ਜਿਨ੍ਹਾਂ ਦਾ ਬੱਧਾ ਮਨੁੱਖ ਅੱਗੋਂ ਕਰਮ ਕਰਦਾ ਚਲਾ ਜਾਂਦਾ ਹੈ। ਹੁਣ ਮਨੁੱਖ ਇਉਂ ਸੋਚਦਾ ਹੈ ਕਿ 'ਮੇਰੇ ਸਿਰ ਦੇ ਲੇਖ ਜਾਂ ਭਾਗ ਹੀ ਅਜਿਹੇ ਹਨ ਅਤੇ ਮੈਂ ਜੋ ਕਰਦਾ ਹਾਂ, ਇਨ੍ਹਾਂ ਲੇਖਾਂ ਦਾ ਬੱਧਾ ਕਰ ਰਿਹਾ ਹਾਂ, ਜਿਵੇਂ ਵਾਹਿਗੁਰੂ ਦਾ ਹੁਕਮ ਹੈ, ਮੈਂ ਕਰ ਰਿਹਾ ਹਾਂ, ਇਸ ਵਿਚ ਮੇਰਾ ਕੀ ਕਸੂਰ ਹੈ', ਆਦਿ। ਪਰੰਤੂ ਜ਼ਰਾ ਸੋਚੀਏ ਕਿ ਇਹ ਲੇਖ ਕਿਸ ਤਰ੍ਹਾਂ ਬਣੇ, ਇਹ ਹੁਕਮ ਵਾਹਿਗੁਰੂ ਨੇ ਕਿਉਂ ਵਰਤਾਇਆ? ਇਸ ਲਈ ਕਿ ਮਨੁੱਖ ਨੇ ਅਜਿਹੇ ਕੰਮ ਕੀਤੇ, ਜੋ ਉਸ ਦਾ ਸੁਭਾਉ ਤਥਾ ਕਿਰਤ ਬਣ ਗਏ ਅਤੇ ਕਿਰਤ ਤੋਂ ਭਾਗ ਪ੍ਰਾਲਬਧ ਬਣੇ। ਜੇ ਉਹ ਅਜਿਹਾ ਕੰਮ ਨਾ ਕਰਦਾ ਤਾਂ ਉਸ ਦੀ ਕਿਰਤ ਇਹੋ ਜਿਹੀ ਨਾ ਬਣਦੀ ਅਤੇ ਉਸ ਦੀ ਮੌਜੂਦਾ ਜ਼ਿੰਦਗੀ ਦਾ ਵਹਾਉ ਅਜਿਹੇ ਕੰਮਾਂ ਵਲ ਨਾ ਹੁੰਦਾ। ਇਸ ਸਾਰੇ ਸਿਲਸਿਲੇ ਦੀ ਬੁਨਿਆਦ ਤਾਂ ਮਨੁੱਖ ਦੇ ਆਪਣੇ ਕਰਮ ਹਨ, ਪਰੰਤੂ ਕਿਉਂਕਿ ਇਨ੍ਹਾਂ ਦਾ ਫਲ ਵਾਹਿਗੁਰੂ ਦੇ ਅਟੱਲ ਬੰਧਾਨ (ਹੁਕਮ) ਅਧੀਨ ਭੁਗਤਾਇਆ ਜਾ ਰਿਹਾ ਹੈ, ਇਹ ਕਹਿੰਦਾ ਹੈ–

ਜੇਹਾ ਤੂੰ ਹੁਕਮੁ ਕਰਹਿ ਤੇਹੇ ਕੋ ਕਰਮ ਕਮਾਵੈ ।

ਗੁਰੂ ਜੀ ਦੇ ਇਸ ਕਥਨ ਦਾ ਭਾਵ ਇਤਨਾ ਹੀ ਹੈ, ਜਿਸ ਪ੍ਰਾਲਬਧ ਦਾ ਬੱਧਾ ਮਨੁੱਖ ਕਰਮ ਕਰ ਰਿਹਾ ਹੈ, ਉਹ ਬਣੀ ਤਾਂ ਵਾਹਿਗੁਰੂ ਦੇ ਹੁਕਮ ਅਨੁਸਾਰ ਹੈ, ਪਰੰਤੂ ਉਹ ਹੁਕਮ ਤਾਂ ਵਰਤਿਆ ਹੈ ਜੇ ਮਨੁੱਖ ਨੇ ਉਹੋ ਜਿਹੇ ਕਰਮ ਕੀਤੇ। ਸੋ ਦੋਸ਼ ਤਾਂ ਉਨ੍ਹਾਂ ਕਰਮਾਂ ਦਾ ਹੈ, ਹੁਕਮ ਦਾ ਨਹੀਂ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜਿਨ੍ਹਾਂ ਕੀਤੇ ਕੰਮਾਂ ਸਦਕਾ ਮੌਜੂਦਾ ਪ੍ਰਾਲਬਧ ਬਣੀ, ਉਨ੍ਹਾਂ ਦੀ ਸੋਧ ਤਾਂ ਹੁਣ ਹੋ ਨਹੀਂ ਸਕਦੀ ਅਤੇ ਪ੍ਰਾਲਬਧ ਦੇ ਇਹ ਲੇਖ ਵੀ ਹੁਣ ਮਿਟ ਨਹੀਂ ਸਕਦੇ, 'ਲੇਖੁ ਨ ਮਿਟਈ ਹੇ ਸਖੀ', ਤਾਂ ਫਿਰ ਕੀ ਅਜਿਹਾ ਮਨੁੱਖ ਹਮੇਸ਼ਾ ਲਈ ਦੁਰਕਾਰਿਆ (Condemn) ਹੋ ਗਿਆ ਤੇ ਉਸ ਦੇ ਛੁਟਕਾਰੇ (Redimption) ਦਾ ਕੋਈ ਰਾਹ ਨਹੀਂ ?

 [ਬਾਕੀ ਸਫਾ ੩੨ ਹੇਠ] 
www.AKJ.Org

# ਸ਼ਬਦ ਗੁਰੂ

[ਸ. ਅਤਰ ਸਿੰਘ 'ਨੀਰ', 95-ਸ਼ੀਤਲ ਅਪਾਰਟਮੰਟ, 14 ਸੈਕਟਰ, ਰੋਹਣੀ, ਦਿਲੀ-85]

ਸ਼ਬਦ ਗੁਰੂ ਦਾ ਬਖਸ਼ਸ਼ਾਂ ਭਰਿਆ ਉਚਾ ਅਤੇ ਮਹਾਨ।
ਐਥੇ ਓਥੇ ਦੋਹੀਂ ਜਹਾਨੀਂ ਕਰਦਾ ਸੁਖ ਪਰਦਾਨ।
ਜੋੜਨ ਵਾਲੀ ਜੋਤਿ ਸਦਾ ਇਹ, ਕਰੇ ਹਨੇਰੇ ਦੂਰ।
ਜੁਗਾਂ ਜੁਗਾਂ ਤੋਂ ਵੰਡਦਾ ਆਵੇ, ਮਿੱਠਾ ਨੂਰ ਸਰੂਰ।
ਅਖੰਡ ਜੋਤਿ ਰੁਸ਼ਨਾਂਦੀ ਰਵ੍ਹੇ ਸਦਾ ਪ੍ਰਭੂ ਦਾ ਰਾਹ।
ਨੈਣ ਸਰੂਰੇ ਬੁਲ੍ਹ ਠਰੂਰੇ, ਮਸਤੀਆਂ ਲੈਣ ਅਥਾਹ।
ਰਹੇ ਲਿਸ਼ਕਾਂਦੀ ਜੀਵਨ ਤਾਈਂ, ਗੁਰਮਤਿ ਦਾ ਰੰਗ ਭਰ।
ਪੱਥਰੋਂ ਹੀਰਾ, ਕੱਚ ਤੋਂ ਕੰਚਨ, ਬਿਖ ਤੋਂ ਅੰਮ੍ਰਿਤ ਕਰ।
ਅੰਦਰੋਂ ਬਾਹਰੋਂ ਹਿਰਦਾ ਨਿਰਮਲ, ਹਉਮੈ ਹੁੰਦੀ ਨਾਸ।
ਪਸ਼ੂ ਪਰੇਤੋਂ ਦੇਵਤਾ ਹੋਵੇ, ਗੁਰ-ਚਰਨਾਂ ਵਿਚ ਵਾਸ।
ਸੁਰਤਿ ਸ਼ਬਦ ਦੇ ਅੰਦਰ ਜੁੜਦੀ, ਦੇਇ ਪ੍ਰਭੂ ਦਾ ਗਿਆਨ।
ਟੇਕ ਸ਼ਬਦ ਦੀ ਸਦਾ ਟਿਕਾਂਦੀ, ਅੰਤਰ ਆਤਮੈ ਧਿਆਨ।
ਮਨ ਰੰਗੀਜਿਆ ਹੋਇਆ ਅੰਦਰੋਂ, ਜੀਵਨ ਰਖੇ ਸ਼ਿੰਗਾਰ।
ਲੂੰ ਲੂੰ ਦੇ ਵਿਚ ਟਹਿਕਦਾ ਖੇੜਾ, ਲਿਆਵੇ ਮਿੱਠਾ ਪਿਆਰ।
ਸੁਰਤਿ ਪਲਮਦੀ ਸਹਿਜੇ ਸਹਿਜੇ, ਰੰਗ ਅਨੂਠਾ ਮਾਣ।
ਰੌਸ਼ਨ ਹੋਵੇ ਲਿਵ ਅੰਦਰ ਦੀ, ਵਾਂਗ ਚੌਦਵੇਂ ਭਾਨ।
ਸਾਹਿਬ ਗੁਰੂ ਗ੍ਰੰਥ ਜੀ ਅੰਦਰ, ਸ਼ਬਦ ਦਾ ਮਿੱਠਾ ਨੂਰ।
ਚਹੁੰਆਂ ਦਿਸ਼ਾਵਾਂ ਵਿਚ ਦਰਸਾਵੇ, ਪਸਰਿਆ ਜ਼ਾਹਿਰ ਜ਼ਹੂਰ।
ਇਕ-ਮਿਕ ਹੈ ਹਰ ਰੰਗ ਦੇ ਅੰਦਰ, ਬੇਸ਼ਕ ਰੂਪ ਅਨੇਕ।
ਹਰ ਰੂਪ ਚੋਂ ਮਿਲਦੀ ਰਵ੍ਹੇ, ਸਦਾ ਪ੍ਰਭੂ ਦਾ ਟੇਕ।
ਨਿਰਮਲ ਹੋਵੇ ਮਨ ਸਦਾ ਈ, ਉਜਲੇ ਹੋਵਣ ਖ਼ਿਆਲ।
ਬਿਰਤੀ ਰਵ੍ਹੇ ਜੁੜੀ ਹਮੇਸ਼ਾ, ਪ੍ਰਭੂ ਸਾਹਿਬ ਦੇ ਨਾਲ।
ਸੱਚ ਸੁਚ ਸੰਜਮ ਨੇਮ ਹਨ, ਸੁਖ ਦੇ ਸਭ ਅਧਾਰ।
ਸ਼ਕਤੀ ਨਾਮ ਦੀ ਹੂੰਝ ਲਿਆਵੇ ਹਉਮੈ ਅੰਦਰੋਂ ਬਾਹਰ।
ਮਨ ਦੀ ਮੈਲ ਨੂੰ ਧੋ ਨ ਸਕਦਾ, ਤੀਰਥਾਂ ਦਾ ਇਸ਼ਨਾਨ।
ਵਰਤ ਨੇਮ ਤੇ ਕਰਮ-ਕਾਂਡ ਨਹੀਂ ਦੇਂਦੇ 'ਅਸਲ' ਗਿਆਨ।
ਭਰਮ-ਭੁਲੇਖੇ ਕੱਢ ਕੇ ਅੰਦਰੋਂ, ਕਰਦਾ ਦੁਬਿਧਾ ਨਾਸ।
ਗੁਰਬਾਣੀ ਗੁਰ-ਸ਼ਬਦ ਦਾ ਪਿਆਰਾ, ਮਿੱਠਾ ਮਿੱਠਾ ਪ੍ਰਕਾਸ਼।
ਪਾਰਸ ਪਰਸਿਆਂ ਪਾਰਸ ਹੋਵੇ, 'ਲਹਿਣੇ' ਵਾਂਗ ਮਹਾਨ।
ਚੌਦਵੇਂ ਚੰਨ ਦੇ ਵਾਂਗ ਨੂਰਾਨੀ, ਰੌਸ਼ਨ ਕਰੇ ਜਹਾਨ।
ਵਿਚਰਦਾ ਹੋਇਆ ਕਈ ਰੂਪਾਂ ਵਿਚ, ਸਾਈਂ ਅਲਖ ਅਪਾਰ।
ਗੁਰੂ ਸਬਦ ਦਾ ਗਿਆਨ ਦਿਖਾਵੇ, ਪ੍ਰਗਟ ਵਿਚ ਸੰਸਾਰ।



www.AKJ.Org

ਸ਼ਬਦ ਗੁਰੂ ਦਾ ਧੁਨਾ ਅਲੌਕਿਕ, ਮਨ ਨੂੰ ਬਾਹਰੋਂ ਮੋੜ;
ਸ਼ਰਧਾ ਭਾਵਨੀ ਨਿਸਚਾ ਦੇਵੇ, ਕਰਮ ਧਰਮ ਵਿਚ ਜੋੜ।
ਹੋਏ ਪ੍ਰਾਪਤ ਇਸੇ ਤਰ੍ਹਾਂ ਹੀ, ਗੁਰੂ ਮਿਲਣ ਦਾ ਰਾਹ।
ਆਤਮਕ ਨੂਰ ਦਾ ਚਾਨਣ ਦੇਵੇ, ਕੁਲ ਹਨ੍ਹੇਰੇ ਢਾਹ।
ਚੰਵਰ ਤਖਤ ਦਾ ਮਾਲਕ ਵੰਡਦਾ, ਨਾਮ ਖੁਮਾਰੀ ਆਪ।
ਸੁਖ ਸਦੀਵੀ ਖੇੜਾ ਚਾਉ, ਸ਼ਬਦ ਗੁਰੂ ਦਾ ਜਾਪ।
ਸ਼ਬਦ 'ਚਿ ਭਿਜਿਆ ਮਨ ਮਾਣਦਾ, ਅਕਾਲ ਪੁਰਖ ਦਾ ਨੂਰ।
ਏਹੀ ਨੂਰ ਬਖਸ਼ਦਾ ਸ਼ਾਂਤੀ, ਸੁਖ ਮਿਠਤ ਭਰਪੂਰ।
**ਗ੍ਰੰਥ ਸਾਹਿਬ 'ਚਿ ਸ਼ਬਦ ਗੁਰੂ ਦਾ, ਗੁਰੂ ਅਰਜਨ ਦਾਤਾਰ।**
**ਸੰਸਾਰ ਸਾਗਰ ਤੋਂ ਪਾਰ ਹੋਣ ਲਈ, ਦਿਤਾ 'ਨੀਰ' ਸ਼ਿੰਗਾਰ।**

---

[ਸਫਾ ੩੦ ਦੀ ਬਾਕੀ]

ਗੁਰਮਤਿ ਅੰਦਰ ਇਸ ਛੁਟਕਾਰੇ ਦਾ ਸਾਧਨ ਹੈ, ਜਿਸ ਨਾਲ ਪੂਰਬਲੇ ਅਤੇ ਹੁਣ ਦੇ ਕੀਤੇ ਸਾਰੇ ਕਰਮਾਂ (ਜਿਨ੍ਹਾਂ ਦਾ ਪ੍ਰਭਾਵ ਸਾਡੀ ਆਤਮਾ ਪਰ ਹੁਣ ਹੋ ਰਿਹਾ ਹੈ) ਦੀ ਰੇਖਾ ਮਿਟ ਸਕਦੀ ਹੈ। ਉਸ ਸਾਧਨਾ ਦੀ ਪਹਿਲੀ ਪਉੜੀ ਉਦਮ ਹੈ–

ਉਦਮੁ ਕਰਤ ਸੀਤਲ ਮਨ ਭਏ ॥੧॥੧੧੦॥ [ਗਉੜੀ ਮ: ੫, ਪੰਨਾ ੨੦੧

ਅਰਥਾਤ,ਇਸ ਬੰਨੇ ਉਦਮ ਕਰਨ ਨਾਲ ਮਨ ਅੰਦਰ ਠੰਡ ਵਰਤ ਜਾਂਦੀ ਹੈ। ਉਦਮੀ ਹੋਣਾ ਚੜ੍ਹਦੀ ਕਲਾ ਦੀ ਨਿਸ਼ਾਨੀ ਹੈ, ਸਿੱਖ ਦਾ ਉਦਮ ਉਸ ਚੜ੍ਹਦੀ ਕਲਾ ਦਾ ਨੀਂਹ ਪੱਥਰ ਹੈ। ਇਸੇ ਲਈ ਗੁਰੂ ਜੀ ਫੁਰਮਾਉਂਦੇ ਹਨ–

ਉਦਮੁ ਕਰੇਦਿਆ ਜੀਉ ਤੂੰ.. ॥੧॥੧੭॥* (ਸਲੋਕੁ ਮ: ੫, ਵਾਰ ਗੂਜਰੀ, ੫੨੨)

ਅਤੇ ਸਿੱਖ ਦੀ ਨਿਤਾਪ੍ਰਤਿ ਦੀ ਰਹਿਣੀ ਵਿਚ ਇਸ ਉਦਮ ਨੂੰ ਵਿਸ਼ੇਸ਼ ਥਾਉਂ ਦੇਂਦੇ ਹੋਏ ਕਹਿੰਦੇ ਹਨ–

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ, ਸੁ ਭਲਕੇ ਉਠਿ ਹਰਿ ਨਾਮੁ ਧਿਆਵੈ।।੧੧॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ॥੨॥[ਮ: ੪,ਵਾਰ ਗਉੜੀ,ਪੰਨਾ ੩੦੫

ਅਰਥਾਤ, ਜੋ ਕਹਿੰਦਾ ਹੈ, ਮੈਂ ਸਤਿਗੁਰੂ ਜੀ ਦਾ ਸਿੱਖ ਹਾਂ, ਉਹ ਸਵੇਰੇ ਉਠ ਕੇ ਵਾਹਿਗੁਰੂ ਵਿਚ ਆਪਣਾ ਧਿਆਨ ਜੋੜੇ ਅਤੇ ਉਦਮ ਕਰੇ ਤੜਕੇ ਪ੍ਰਭਾਤ ਵੇਲੇ ਉਠਣ ਤੇ ਇਸ਼ਨਾਨ ਕਰਨ ਦਾ ਅਤੇ ਫਿਰ ਸਤਿਗੁਰੂ ਦੇ ਸ਼ਬਦ ਰੂਪ ਸਰੋਵਰ (ਸਤਿਗੁਰੁ ਹੈ ਅੰਮ੍ਰਿਤਸਰੁ ਸਾਚਾ–੧੧੩) ਅੰਦਰ ਨਹਾਵੇ। ਸਿੱਖ ਹੋਣ ਲਈ ਵਿਸ਼ੇਸ਼ ਸੂਚਨਾ ਇਸ ਤਰ੍ਹਾਂ ਉਦਮੀ ਹੋਣ ਦੀ ਹੈ। ਇਸ ਜਗ੍ਹਾ ਗੁਰੂ ਅਰਜਨ ਦੇਵ ਜੀ ਉਦਮੀ ਹੋਣ ਦੀ ਪ੍ਰੇਰਨਾ ਇਨ੍ਹਾਂ ਸ਼ਬਦਾਂ ਦੁਆਰਾ ਦੇਂਦੇ ਹਨ– ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ ॥

ਨਾਨਕ ਸਿਝਿ ਇਵੇਹਾ ਵਾਰ ਬਹੁੜਿ ਨ ਹੋਵੀ ਜਨਮੜਾ ॥੧॥੭॥ (ਡਖਣੇ ਮ: ੫, ਪੰਨਾ ੧੦੯੬)

ਅਰਥਾਤ; ਆਪਣੇ ਹਿਰਦੇ ਅੰਦਰ ਹਮੇਸ਼ਾ ਅੱਗੇ ਵੱਧਣ ਦੀ ਤਾਂਘ ਰਖ, ਆਪਣਾ ਮੋਢਾ ਪਿੱਛੇ ਵੱਲ ਨਾ ਹੋਣ ਦੇਹ। ਇਹੋ ਤੇਰਾ ਸਮਾਂ ਹੈ† ਸਫਲਤਾ ਪ੍ਰਾਪਤ ਕਰਨ ਦਾ। ਜੇਕਰ ਤੂੰ ਹੁਣ ਉਦਮ ਕਰ ਲਿਆ ਤਾਂ ਮੁੜ ਕੇ ਜਨਮ-ਮਰਨ ਦੇ ਗੇੜ ਵਿਚ ਨਹੀਂ ਪਵੇਂਗਾ।

---

* ਇਹ ਪੂਰਾ ਸਲੋਕ ਹੈ—'ਉਦਮੁ ਕਰੇਦਿਆ ਜੀਉ ਤੂੰ ਕਮਾਵੰਦਿਆ ਸੁਖ ਭੁੰਚੁ ॥ ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ।' ਇਹ ਉਦਮ ਕਿਰਤ-ਵਿਰਤ-ਕਰਮ ਦੇ ਨਾਲ ਹੀ ਨਾਮ-ਸਿਮਰਨ ਦੀ ਕਮਾਈ ਕਰ ਕੇ ਪ੍ਰਭੂ-ਪ੍ਰਾਪਤੀ ਦੀ ਪ੍ਰੇਰਨਾ ਲਈ ਹੈ। ਇਸ ਤੋਂ ਅੱਗੇ ਦਿੱਤਾ ਗੁਰ-ਪ੍ਰਮਾਣ 'ਭਲਕੇ ਉਠਿ ਹਰਿ ਨਾਮੁ ਧਿਆਵੈ' ਵੀ ਇਸੇ ਤੱਥ ਦੀ ਪੁਸ਼ਟੀ ਕਰਦਾ ਹੈ। —ਸੰਪਾਦਕ

† ਇਥੇ ਸਫਲਤਾ ਪ੍ਰਾਪਤ ਕਰਨ ਲਈ 'ਸਿਝਿ ਇਵੇਹਾ ਵਾਰ' ਅਥਵਾ ਉਦਮ ਨਾਮ-ਧਿਆਉਣ ਦਾ ਹੀ ਹੈ, ਜਿਸ ਦੇ ਤੁਫ਼ੈਲ ਜਨਮ-ਮਰਨ ਦੇ ਗੇੜ ਤੋਂ ਛੁਟਕਾਰਾ ਮਿਲਦਾ ਹੈ। —ਸੰਪਾਦਕ

www.AKJ.Org

# ਕਬਿਤ ਸਵੱਯੇ ਭਾਈ ਗੁਰਦਾਸ ਜੀ (੨੭)

ਗੁਰਮੁਖਿ ਧਿਆਨ ਕੈ ਪਤਿਸਟਾ ਸੁਖੰਬਰ ਲੈ,
ਅਨਿਕ ਪਟੰਬਰ ਕੀ ਸੋਭਾ ਨ ਸੁਹਾਵਈ ॥
ਗੁਰਮੁਖਿ ਸੁਖ ਫਲ ਗਿਆਨ ਮਿਸਟਾਨ ਪਾਨ,
ਨਾਨਾ ਬਿੰਜਨਾਦਿ ਸ੍ਵਾਦ ਲਾਲਸਾ ਮਿਟਾਵਈ ॥
ਪਰਮ ਨਿਧਾਨ ਪ੍ਰਿਯ ਪ੍ਰੇਮ ਪਰਮਾਰਥ ਕੈ,
ਸਰਬ ਨਿਧਾਨ ਕੀ ਇਛਾ ਨ ਉਪਜਾਵਈ ॥
ਪੂਰਨ ਬ੍ਰਹਮ ਗੁਰ ਕਿੰਚਤ ਕ੍ਰਿਪਾ ਕਟਾਛਜ,
ਮਨ ਮਨਸਾ ਥਕਤ ਅਨਤ ਨ ਧਾਵਈ ॥੧੪੮॥

**ਪਦ ਅਰਥ** : ਪਤਿਸਟਾ—ਮਾਨ, ਇਜ਼ਤ, ਪਤਿ ਆਬਰੂ। ਸੁਖੰਬਰ—ਸੁਖਦਾਈ ਬਸਤਰ। ਅਨਿਕ—ਹੋਰ। ਪਟੰਬਰ—ਰੇਸ਼ਮੀ ਕਪੜਾਂ। ਨ ਸੁਹਾਵਈ—ਨਹੀਂ ਚੰਗੀ ਲਗਦੀ। ਸੁਖ ਫਲ—ਆਤਮ ਸੁਖ। ਮਿਸਟਾਨ ਪਾਨਿ—ਮਿਠੇ ਅੰਮ੍ਰਿਤ-ਭੋਜਨ ਛਕ ਕੇ। ਨਾਨਾ ਬਿੰਜਨਾਦਿ ਸ੍ਵਾਦ—ਕਈ ਤਰ੍ਹਾਂ ਦੇ ਸਵਾਦਲੇ ਭੋਜਨ। ਲਾਲਸਾ—ਖ਼ਾਹਸ਼, ਇਛਾ। ਪਰਮ ਨਿਧਾਨ—ਮਹਾਨ ਖ਼ਜ਼ਾਨਾ। ਪ੍ਰਿਯ ਪ੍ਰੇਮ—ਪਿਆਰੇ ਵਾਹਿਗੁਰੂ ਦਾ ਪ੍ਰੇਮ। ਪਦਾਰਥ—ਸਾਰ ਵਸਤੂ, ਨਿਚੋੜ,ਪਰਮ ਤੱਤ। ਨ ਉਪਜਾਵਈ—ਨਹੀਂ ਉਪਜਦੀ,ਨਹੀਂ ਪੈਦਾ ਹੁੰਦੀ। ਕਿੰਚਤ—ਰਤਾ ਜਿੰਨੀ। ਕ੍ਰਿਪਾ ਕਟਾਛਜ—ਕ੍ਰਿਰਪਾ ਦ੍ਰਿਸ਼ਟੀ। ਮਨਸਾ—ਕਲਪਨਾ, ਅਭਿਲਾਖਾ। ਅਨਤ—ਹੋਰ ਪਾਸੇ।

**ਅਰਥ** : ਗੁਰਮੁਖ ਜਨ ਨੂੰ (ਸਤਿਗੁਰੂ ਦੇ ਬਖ਼ਸ਼ੇ) ਪ੍ਰਭੂ-ਧਿਆਨ ਸਦਕਾ ਪਤਿ-ਆਬਰੂ ਦਾ ਸੁਖਦਾਈ ਬਸਤਰ ਪਹਿਨ ਕੇ, ਕਿਸੇ ਹੋਰ ਰੇਸ਼ਮੀ ਕਪੜੇ ਦੀ ਸੋਭਾ ਚੰਗੀ ਨਹੀਂ ਲਗਦੀ।

ਗੁਰਮੁਖ ਦੇ ਅੰਦਰੋਂ (ਸਤਿਗੁਰੂ ਦੇ ਬਖਸ਼ੇ) ਗਿਆਨ(ਨਾਮ-ਸਿਮਰਨ ਦੀ ਸੋਝੀ) ਸਦਕਾ ਆਤਮ-ਸੁਖ ਰੂਪੀ ਮਿੱਠੇ ਅੰਮ੍ਰਿਤ ਭੋਜਨ ਛਕ ਕੇ, ਹੋਰ ਕਈ ਪ੍ਰਕਾਰ ਦੇ ਸਵਾਦਲੇ ਭੋਜਨਾਂ ਦੇ ਛਕਣ ਦੀ ਲਾਲਸਾ ਮੁਕ ਜਾਂਦੀ ਹੈ।

ਗੁਰਮੁਖ ਦੇ ਹਿਰਦੇ ਵਿਚ ਪਿਆਰੇ ਵਾਹਿਗੁਰੂ ਦੇ ਪ੍ਰੇਮ—ਸਾਰ ਵਸਤੂ ਰੂਪੀ ਮਹਾਨ ਖਜ਼ਾਨੇ ਨੂੰ ਪ੍ਰਾਪਤ ਕਰ ਕੇ, (ਹੋਰ ਜੋ) ਸਾਰੇ ਖਜ਼ਾਨੇ (ਹਨ, ਉਨ੍ਹਾਂ ਵਿਚੋਂ ਕਿਸੇ) ਨੂੰ ਲੈਣ ਦੀ ਇੱਛਾ ਨਹੀਂ ਉਪਜਦੀ।

ਪੂਰਨ ਬ੍ਰਹਮ ਵਾਹਿਗੁਰੂ ਦੇ ਸਰੂਪ ਸਤਿਗੁਰੂ ਦੀ ਰਤਾ ਜਿੰਨੀ ਕਿਰਪਾ ਦ੍ਰਿਸ਼ਟੀ ਪ੍ਰਾਪਤ ਹੋਣ ਤੇ, ਗੁਰਮੁਖ ਦੇ ਮਨ ਦੀ (ਸਭ ਤਰ੍ਹਾਂ ਦੀ ਦੁਨਿਆਵੀ) ਅਭਿਲਾਖਾ ਹਾਰ ਟੁਟ ਜਾਂਦੀ ਹੈ, (ਨਾਮ-ਸਿਮਰਨ ਤੋਂ ਬਿਨਾਂ) ਹੋਰ ਕਿਸੇ ਪਾਸੇ ਵਲ ਨਹੀਂ ਭਟਕਦੀ।੧੪੮।

ਧੰਨਿ ਧੰਨਿ ਗੁਰਸਿਖ੍ਯ ਸੁਨਿ ਗੁਰਸਿਖ ਭਏ,
ਗੁਰਸਿਖ੍ਯ ਮਨਿ ਗੁਰਸਿਖ ਮਨ ਮਾਨੇ ਹੈ ॥
ਗੁਰਸਿਖ੍ਯ ਭਾਇ ਗੁਰਸਿਖ ਭਾਉ ਚਾਉ ਰਿਦੈ,
ਗੁਰਸਿਖ੍ਯ ਜਾਨਿ, ਗੁਰਸਿਖ ਜਗ ਜਾਨੇ ਹੈ ॥
ਗੁਰਸਿਖ ਸੰਧਿ ਮਿਲੇ ਗੁਰਸਿਖ੍ਯ ਪੂਰਨ ਹੁਇ,
ਗੁਰਸਿਖ ਪੂਰਨ ਬ੍ਰਹਮ ਪਹਿਚਾਨੇ ਹੈ ॥
ਗੁਰਸਿਖ ਪ੍ਰੇਮ ਨੇਮ ਗੁਰ ਸਿਖ ਸਿਖ ਗੁਰ,
ਸੋਹੰ ਸੋਈ ਬੀਸ ਇਕ ਈਸ ਉਰਿ ਆਨੇ ਹੈ ॥੧੪੯॥

**ਪਦ ਅਰਥ** : ਗੁਰਸਿਖ੍ਯ—ਗੁਰੂ ਦੀ ਸਿਖਿਆ। ਮਨਿ—ਮੰਨ ਕੇ, ਅਮਲੀ ਰੂਪ ਵਿਚ ਕਮਾ ਕੇ। ਮਾਨੇ ਹੈ—ਪਤੀਜਦਾ ਹੈ। ਭਾਇ—ਪ੍ਰੇਮਾ ਭਗਤੀ ਨਾਲ, ਭਾਵਨਾ ਨਾਲ। ਭਾਉ—ਪ੍ਰੇਮ। ਚਾਉ—ਉਤਸ਼ਾਹ। ਰਿਦੈ—



www.AKJ.Org

ਹਿਰਦੇ ਵਿਚ। ਜਾਨਿ–ਜਾਣ ਕੇ, ਅਮਲ ਕਰ ਕੇ। ਗੁਰਸਿਖ ਸੰਧਿ–ਗੁਰੂ ਤੇ ਸਿਖ ਦਾ ਮਿਲਾਪ। ਪੂਰਨ– ਨਿਪੁੰਨ ਹੋਇ–ਹੋ ਕੇ। ਸੋਹੰ ਸੋਈ–ਓਹੋ ਓਹੀ। ਬੀਸ–ਵੀਹ ਵਿਸਵੇ, ਨਿਸਚੇ ਜਾਣੋ। ਇਕ ਈਸ–ਇਕ ਵਾਹਿਗੁਰੂ ਨੂੰ।

**ਅਰਥ** : ਧੰਨ ਧੰਨ ਹੈ ਉਹ, ਜੋ ਸਤਿਗੁਰੂ ਦੀ ਸਿਖਿਆ ਸੁਣ ਕੇ ਗੁਰੂ ਦਾ ਸਿਖ ਬਣਦਾ ਹੈ। ਗੁਰੂ ਦੀ ਸਿਖਿਆ ਮੰਨਣ ਕਰਨ ਨਾਲ, ਗੁਰਸਿਖ ਦਾ ਮਨ ਸਤਿਗੁਰੂ ਵਿਚ ਪਤੀਜ ਜਾਂਦਾ ਹੈ।

ਗੁਰੂ ਦੀ ਸਿਖਿਆ ਨੂੰ ਪ੍ਰੇਮਾ-ਭਗਤੀ ਨਾਲ (ਮੰਨਣ ਕਰਕੇ) ਗੁਰਸਿਖ ਦੇ ਹਿਰਦੇ ਵਿਚ ਪ੍ਰੇਮ ਤੇ ਉਤਸ਼ਾਹ (ਉਪਜਦਾ) ਹੈ। ਸਤਿਗੁਰੂ ਦੀ ਸਿਖਿਆ ਨੂੰ (ਮਨ ਬਚਨਾਂ ਤੇ ਕਰਮਾਂ ਕਰਕੇ) ਜਿਸ ਗੁਰਸਿਖ ਨੇ ਕਮਾਇਆ ਹੈ, ਉਸ ਨੂੰ ਜਗਤ (ਸੱਚੇ ਗੁਰਸਿੱਖ ਦੇ ਰੂਪ ਵਿਚ) ਜਾਣ ਲੈਂਦਾ ਹੈ।

(ਨਾਮ-ਸਿਮਰਨ ਦੀ ਘਾਲ ਕਮਾਈ ਸਦਕਾ) ਗੁਰਸਿਖ ਦਾ ਗੁਰੂ ਨਾਲ ਮਿਲਾਪ ਹੋ ਜਾਣ 'ਤੇ, ਗੁਰਸਿਖ ਗੁਰੂ ਸਿਖਿਆ ਕਮਾਉਣ ਵਿਚ ਨਿਪੁੰਨ ਹੁੰਦਾ ਹੋਇਆ, ਪੂਰਨ ਬ੍ਰਹਮ ਵਾਹਿਗੁਰੂ ਨੂੰ ਪਛਾਣ ਲੈਂਦਾ ਹੈ।

ਗੁਰੂ ਅਤੇ ਸਿਖ ਦੇ ਪ੍ਰੇਮ ਦੀ ਮਰਯਾਦਾ ਹੈ, (ਭਾਵ, ਸਤਿਗੁਰੂ ਦੇ ਨਾਮ-ਸਿਮਰਨ ਦੇ ਉਪਦੇਸ਼ ਨੂੰ ਪੂਰਨ ਸ਼ਰਧਾ-ਭਾਵਨੀ ਨਾਲ ਕਮਾਉਣ ਕਰਕੇ ਗੁਰਸਿਖ ਨੂੰ ਇਹ ਫਲ ਮਿਲਦਾ ਹੈ) ਕਿ ਗੁਰੂ ਤੇ ਸਿਖ ਅਤੇ ਸਿਖ ਤੇ ਗੁਰੂ ਇਕ-ਰੂਪ ਹੋ ਜਾਂਦੇ ਹਨ। ਵੀਹ ਵਿਸਵੇ ਨਿਸਚੇ ਜਾਣੋ (ਕਿ ਇਉਂ ਗੁਰਸਿਖ) 'ਓਹੀ' 'ਓਹੀ' ('ਵਾਹਿਗੁਰੂ' 'ਵਾਹਿਗੁਰੂ') ਕਰਦਾ, ਇਕ ਵਾਹਿਗੁਰੂ ਨੂੰ ਹਿਰਦੇ ਵਿਚ ਵਸਾ ਲੈਂਦਾ ਹੈ।੧੪੯।

**ਸਤਿਗੁਰ ਸਤਿ, ਸਤਿਗੁਰ ਮਤਿ ਸਤਿ ਰਿਦੇ,**
**ਰਿਦੇ ਨ ਦੁਤੀਆ ਭਾਉ, ਤ੍ਰਿਗੁਨ ਅਤੀਤ ਹੈ॥**
**ਪੂਰਨ ਬ੍ਰਹਮ ਗੁਰ ਪੂਰਨ ਸਰਬ ਮਈ,**
**ਏਕ ਹੀ ਅਨੇਕ ਮੇਕ ਸਗਲ ਕੋ ਮੀਤ ਹੈ॥**
**ਨਿਰਵੈਰ ਨਿਰਲੇਪ ਨਿਰਾਧਾਰ ਨਿਰਲੰਭ,**
**ਨਿਰੰਕਾਰ ਨਿਰਬਿਕਾਰ ਨਿਹਚਲ ਚੀਤ ਹੈ॥**
**ਨਿਰਮਲ ਨਿਰਮੋਲ ਨਿਰੰਜਨ ਨਿਰਾਹਾਰ,**
**ਨਿਰਮੋਹ ਨਿਰਭੇਦ ਅਛਲ ਅਜੀਤ ਹੈ॥੧੫੦॥**

**ਪਦ ਅਰਥ** : ਸਤਿ–ਸੱਚ, ਸਦਾ ਥਿਰ, ਅਟੱਲ। ਸਤਿਗੁਰ ਮਤਿ–ਸਤਿਗੁਰ ਦੀ ਸਿਖਿਆ। ਭਿਦੇ–ਭੇਦਦਾ, ਵਿੰਨ੍ਹਦਾ, ਵਿਆਪਦਾ। ਦੁਤੀਆ ਭਾਉ—ਦਵੈਤ੍ਰਾ ਭਾਵ। ਤ੍ਰਿਗੁਨ ਅਤੀਤ—ਮਾਇਆ ਦੇ ਤਿੰਨਾਂ ਗੁਣਾਂ ਤੋਂ ਨਿਰਲੇਪ। ਪੂਰਨ ਬ੍ਰਹਮ–ਵਾਹਿਗੁਰੂ। ਪੂਰਨ ਰਬ–ਸਾਰਿਆਂ ਵਿਚ ਵਸ ਰਿਹਾ। ਮਈ–ਰੂਪ। ਮੇਕ—ਮਿਲਿਆ ਹੋਇਆ। ਨਿਰਲੇਪ–ਮਾਇਆ ਦੇ ਪ੍ਰਭਾਵ ਤੋਂ ਪਰੇ। ਨਿਰਾਧਾਰ– ਨਿਰ ਅੰਧਾਰ, ਆਸਰੇ ਰਹਿਤ। ਨਿਰਲੰਭ–ਸ਼ਰਨ ਲੈਣ ਤੋਂ ਪਰੇ। ਨਿਰੰਕਾਰ—ਨਿਰ ਅਕਾਰ, ਨਿਰਗੁਣ ਵਾਹਿਗੁਰੂ। ਨਿਰ ਬਿਕਾਰ–ਮਾਇਆ ਦੇ ਪੰਜ ਦੂਤਾਂ ਕਾਮ ਕ੍ਰੋਧ ਆਦਿਕ ਵਿਕਾਰਾਂ ਤੋਂ ਬਚਿਆ ਹੋਇਆ। ਨਿਰਾਹਾਰ–ਨਿਰ ਅਹਾਰ, ਦੁਨੀਆ ਵਾਂਗ ਖਾਣ ਪੀਣ ਤੋਂ ਪਰੇ। ਨਿਰਭੇਦ–ਭੇਦ-ਭਾਵਨਾ ਤੋਂ ਰਹਿਤ। ਅਛਲ–ਨਿਸ਼ਕਪਟ, ਜਿਸ ਨੂੰ ਕੋਈ ਛਲ ਨਾ ਸਕੇ।

**ਅਰਥ** : ਸਤਿਗੁਰੂ ਸੱਚ ਸਰੂਪ ਹੈ, ਉਸ ਦੀ ਸਿਖਿਆ ਸੱਚ ਸਰੂਪ ਹੈ। (ਸਤਿਗੁਰੂ ਦੇ) ਹਿਰਦੇ ਵਿਚ ਦਵੈਤਾ ਭਾਵ ਨਹੀਂ ਵਿਆਪਦਾ। (ਸਤਿਗੁਰੂ) ਮਾਇਆ ਦੇ ਤਿੰਨਾਂ ਗੁਣਾਂ ਦੇ ਪ੍ਰਭਾਵ ਤੋਂ ਨਿਰਲੇਪ ਹੈ।

ਪੂਰਨ ਬ੍ਰਹਮ ਵਾਹਿਗੁਰੂ, ਜੋ ਇਕ ਹੁੰਦਾ ਹੋਇਆ ਸਭਨਾਂ ਵਿਚ ਮਿਲਿਆ ਹੋਇਆ ਹੈ ਅਤੇ ਸਭਨਾਂ ਦਾ ਮਿੱਤਰ ਹੈ, (ਅਜਿਹੇ ਗੁਣਾਂ ਵਾਲੇ) ਵਾਹਿਗੁਰੂ ਦਾ ਸਰੂਪ ਸਤਿਗੁਰੂ ਹੈ।

(ਵਾਹਿਗੁਰੂ ਸਰੂਪ ਸਤਿਗੁਰੂ) ਵੈਰ-ਭਾਵਨਾ ਤੋਂ ਮੁਕਤ ਹੈ, ਮਾਇਆ ਦੇ ਪ੍ਰਭਾਵ ਤੋਂ ਪਰੇ ਹੈ, ਕਿਸੇ ਦੇ ਸਹਾਰੇ ਨਹੀਂ, ਕਿਸੇ ਦੀ ਸ਼ਰਨ ਨਹੀਂ ਲੈਣੀ ਪੈਂਦੀ, ਨਿਰੰਕਾਰ ਰੂਪ ਹੈ, (ਮਾਇਆ ਦੇ ਪੰਜਾਂ ਦੂਤਾਂ ਕਾਮ ਕ੍ਰੋਧ ਆਦਿਕ) ਵਿਕਾਰਾਂ ਤੋਂ ਪਰੇ ਹੈ ਅਤੇ ਅਡੋਲ ਚਿਤ ਵਾਲਾ ਹੈ।



www.AKJ.Org

(ਵਾਹਿਗੁਰੂ ਸਰੂਪ ਸਤਿਗੁਰੂ) ਨਿਰਮਲ ਹੈ, ਉਸ ਦਾ ਮੁੱਲ ਨਹੀਂ ਪੈ ਸਕਦਾ, ਮਾਇਆ ਦੀ ਕਾਲਖ ਤੋਂ ਪਰੇ ਹੈ, ਅਤੇ ਦੁਨੀਆ ਵਾਂਗ ਖਾਣ ਪੀਣ ਦੀ ਲੋੜ ਨਹੀਂ ਰਖਦਾ। ਕਿਸੇ ਦਾ ਮੋਹ ਨਹੀਂ, ਭੇਦ-ਭਾਵਨਾ ਤੋਂ ਰਹਿਤ ਹੈ, ਨਿਸ਼ਕਪਟ ਹੈ, ਕਿਸੇ ਤੋਂ ਛਲਿਆ ਨਹੀਂ ਜਾ ਸਕਦਾ, ਸਗੋਂ ਅਜਿਤ ਹੈ।੧੫੦।

**ਸਤਿਗੁਰ ਸਤਿ, ਸਤਿਗੁਰ ਕੋ ਸਬਦ ਸਤਿ,**
**ਸਤਿ ਸਾਧ ਸੰਗਤਿ ਹੈ, ਗੁਰਮੁਖਿ ਜਾਨੀਐ ॥**
**ਦਰਸਨ ਧਿਆਨ ਸਤਿ, ਸਬਦ ਸੁਰਤਿ ਸਤਿ,**
**ਗੁਰ ਸਿਖ ਸੰਗ ਸਤਿ, ਸਤਿ ਕਰਿ ਮਾਨੀਐ ॥**
**ਦਰਸ ਬ੍ਰਹਮ ਧਿਆਨ, ਸਬਦ ਬ੍ਰਹਮ ਗਿਆਨ,**
**ਸੰਗਤਿ ਬ੍ਰਹਮ ਥਾਨ, ਪ੍ਰੇਮ ਪਹਿਚਾਨੀਐ ॥**
**ਸਤਿ ਰੂਪ ਸਤਿ ਨਾਮ ਸਤਿਗੁਰ ਗਿਆਨ ਧਿਆਨ,**
**ਕਾਮ ਨਿਹਕਾਮ ਉਨਮਨ ਉਨਮਾਨੀਐ ॥੧੫੧॥**

**ਪਦ ਅਰਥ** . ਸਤਿ—ਸੱਚ, ਸਦਾ ਥਿਰ, ਅਟੱਲ। ਗੁਰਮੁਖਿ—ਗੁਰੂ ਦੇ ਸਨਮੁਖ ਹੋਇਆ। ਸਬਦ ਸੁਰਤਿ—ਸ਼ਬਦ-ਸੁਰਤ ਦਾ ਪਰਚਾ, ਸ਼ਬਦ ਵਿਚ ਸੁਰਤ ਜੋੜਨੀ, ਨਾਮ-ਅਭਿਆਸ ਕਰਨਾ। ਸੰਗ—ਸੰਗਤ। ਸਤਿ ਕਰਿ ਮਾਨੀਐ—ਪੂਰੇ ਸਿਦਕ ਨਾਲ ਸੱਚ ਕਰਕੇ ਮੰਨੀਏ। ਸਬਦ—ਉਪਦੇਸ਼, ਨਾਮ-ਸਿਮਰਨ। ਗਿਆਨ—ਨਾਮ ਸਿਮਰਨ ਦੀ ਸੋਝੀ। ਥਾਨ—ਨਿਵਾਸ ਅਸਥਾਨ। ਕਾਮ—ਕਾਮਨਾ। ਨਿਹਕਾਮ—ਨਿਰਵਿਕਲਪ ਹੋਣਾ। ਉਨਮਨ—ਆਤਮ ਅਵਸਥਾ। ਉਨਮਾਨੀਐ—ਵਿਚਾਰਨਾ ਕਰੀਏ, ਜਾਣਨਾ ਕਰੀਏ।

**ਅਰਥ** : ਸਤਿਗੁਰੂ ਸੱਚ ਹੈ, ਸਤਿਗੁਰੂ ਦਾ ਸ਼ਬਦ (ਉਪਦੇਸ਼) ਸੱਚ ਹੈ, ਸਤਿਗੁਰੂ (ਦੀ ਸਾਜੀ) ਸੰਗਤ ਸੱਚ ਹੈ, (ਪਰ ਇਸ ਸੱਚ ਦੀ ਸੋਝੀ) ਗੁਰੂ ਦੇ ਸਨਮੁਖ ਹੋਇਆਂ ਹੀ ਜਾਣੀ ਜਾਂਦੀ ਹੈ।

(ਸਤਿਗੁਰੂ ਦੇ) ਦਰਸ਼ਨ ਦਾ ਧਿਆਨ ਸੱਚ ਹੈ, ਗੁਰ-ਸ਼ਬਦ ਦਾ ਸੁਰਤਿ ਨਾਲ ਮੇਲ ਸੱਚ ਹੈ, ਗੁਰਸਿੱਖਾਂ ਦੀ ਸੰਗਤ ਸੱਚ ਹੈ, (ਪਰ ਇਹ ਅਸਲੀਅਤ) ਪੂਰੇ ਆਗਿਆਕਾਰੀ ਹੋ ਕੇ ਹੀ ਮੰਨੀ ਜਾ ਸਕਦੀ ਹੈ।

(ਸਤਿਗੁਰੂ ਦੇ) ਦਰਸ਼ਨ ਦਾ (ਧਿਆਨ) ਵਾਹਿਗੁਰੂ ਦਾ ਧਿਆਨ ਹੈ ਅਤੇ ਸਤਿਗੁਰੂ ਦਾ ਸ਼ਬਦ (ਉਪਦੇਸ਼) ਵਾਹਿਗੁਰੂ ਦਾ ਗਿਆਨ ਹੈ। (ਸਤਿਗੁਰੂ ਦੀ ਸਾਜੀ) ਸਤਸੰਗਤ ਵਾਹਿਗੁਰੂ ਦਾ ਨਿਵਾਸ-ਅਸਥਾਨ ਹੈ, ਭਾਵ, ਵਾਹਿਗੁਰੂ ਸਤਸੰਗਤ ਵਿਚ ਵਸਦਾ ਹੈ। (ਪਰ ਇਹ ਸਚਿਆਈ ਹਿਰਦੇ ਵਿਚ ਪੂਰਨ) ਪ੍ਰੇਮ ਵਸਾਇਆਂ ਹੀ ਸਮਝੀ ਜਾ ਸਕਦੀ ਹੈ। ਸੱਚ ਸਰੂਪ ਵਾਹਿਗੁਰੂ ਦੇ ਸੱਚੇ ਨਾਮ (ਦਾ ਸਿਮਰਨ ਹੀ) ਸਤਿਗੁਰੂ ਦਾ ਗਿਆਨ ਅਤੇ ਧਿਆਨ ਹੈ ਪਰ ਸਭ ਤਰ੍ਹਾਂ ਦੀਆਂ ਕਾਮਨਾਂ ਤੋਂ ਨਿਸ਼ਕਾਮ ਹੋ ਕੇ ਉਚ ਆਤਮ ਅਵਸਥਾ ਵਿਚ (ਇਹ ਵਾਸਤਵਿਕਤਾ) ਜਾਣੀ ਜਾ ਸਕਦੀ ਹੈ।੧੫੧।

**ਗੁਰਮੁਖਿ ਪੂਰਨ ਬ੍ਰਹਮ ਦੇਖੇ ਦ੍ਰਿਸਟਿ ਕੈ,**
**ਗੁਰਮੁਖਿ ਸਬਦ ਕੈ ਪੂਰਨ ਬ੍ਰਹਮ ਹੈ ॥**
**ਗੁਰਮੁਖਿ ਪੂਰਨ ਬ੍ਰਹਮ ਸ੍ਰੁਤਿ ਸ੍ਰਵਨ ਕੈ,**
**ਮਧੁਰ ਬਚਨ ਕਹਿ ਬੇਨਤੀ ਬਿਸਮ ਹੈ ॥**
**ਗੁਰਮੁਖਿ ਪੂਰਨ ਬ੍ਰਹਮ ਰਸ ਗੰਧ ਸੰਧਿ,**
**ਪ੍ਰੇਮ ਰਸ ਚੰਦਨ ਸੁਗੰਧਿ ਗਮਾਗਮ ਹੈ ॥**
**ਗੁਰਮੁਖਿ ਪੂਰਨ ਬ੍ਰਹਮ ਗੁਰ ਸਰਬ-ਮੈ,**
**ਗੁਰਮੁਖਿ ਪੂਰਨ ਬ੍ਰਹਮ ਨਮੋ ਨਮ ਹੈ ॥੧੫੨॥**

**ਪਦ ਅਰਥ** : ਦ੍ਰਿਸਟਿ ਕੈ—ਦ੍ਰਿਸ਼ਟੀ ਦੁਆਰਾ। ਸ੍ਰੁਤਿ—ਸੁਣਨਾ। ਸ੍ਰਵਨ ਕੈ—ਕੰਨਾਂ ਰਾਹੀਂ। ਮਧੁਰ—ਮਿੱਠੇ। ਬਿਸਮ—ਅਸਚਰਜ, ਅਲੌਕਿਕ। ਰਸ—(ਨਾਮ) ਰਸ। ਗੰਧਿ—(ਨਾਮ ਦੀ) ਸੁਗੰਧੀ। ਸੰਧਿ-ਮੇਲ,


www.AKJ.Org

ਮਿਲਾਪ। ਸੁਗੰਧਿ–ਸੁਗੰਧੀ। ਗਮਾਗਮ–ਗਮ ਅਗੰਮ, ਪਹੁੰਚ ਤੋਂ ਪਰੇ। ਸਰਬ ਮੈ–ਸਾਰਿਆਂ ਵਿਚ ਵਸਦਾ, ਵਿਆਪਕ। ਨਮੋ ਨਮ–ਬਾਰ ਬਾਰ ਨਮਸਕਾਰ।

**ਅਰਥ** : ਗੁਰੂ ਕਾ ਆਗਿਆਕਾਰੀ ਸਿਖ ਆਪਣੀ ਦ੍ਰਿਸ਼ਟੀ ਦੁਆਰਾ ਪੂਰਨ ਬ੍ਰਹਮ ਵਾਹਿਗੁਰੂ ਨੂੰ (ਸਭ ਥਾਈਂ) ਵੇਖਦਾ ਹੈ, ਅਤੇ ਗੁਰਮੁਖ ਗੁਰ-ਸ਼ਬਦ (ਉਪਦੇਸ਼) ਦੁਆਰਾ ਵਾਹਿਗੁਰੂ ਨੂੰ ਸਿਮਰਦਾ ਹੈ।

ਗੁਰਮੁਖ ਜਨ ਕੰਨਾਂ ਰਾਹੀਂ ਪੂਰਨ ਬ੍ਰਹਮ ਵਾਹਿਗੁਰੂ ਦਾ ਨਾਦ ਹੀ ਸੁਣਦਾ ਹੈ (ਅਤੇ ਮੂੰਹ ਦੁਆਰਾ) ਅਲੋਕਿਕ ਮਿੱਠੇ ਬਚਨ ਕਹਿ ਕੇ ਬੇਨਤੀਆਂ ਕਰਦਾ ਹੈ।

ਗੁਰਮੁਖ (ਦੀ ਜੀਭ) ਪੂਰਨ ਬ੍ਰਹਮ ਵਾਹਿਗੁਰੂ ਦੇ ਨਾਮ-ਸਿਮਰਨ ਦਾ (ਅਲੌਕਿਕ) ਰਸ ਮਾਣਦੀ ਹੈ ਅਤੇ (ਨਾਸਕਾ) ਵਾਹਿਗੁਰੂ ਦੇ ਨਾਮ-ਸਿਮਰਨ ਦੀ ਸੁਗੰਧੀ ਦੇ ਮੇਲ ਨਾਲ ਅਨੰਦਤ ਰਹਿੰਦੀ ਹੈ। ਗੁਰਮੁਖ ਦੇ ਇਸ ਪ੍ਰਭੂ-ਪ੍ਰੇਮ (ਤੋਂ ਪ੍ਰਾਪਤ ਹੋਇਆ ਅਲੌਕਿਕ) ਰਸ, ਚੰਦਨ ਦੀ ਸੁਗੰਧੀ ਤੋਂ ਵੀ ਪਰੇ ਹੈ।

ਗੁਰਮੁਖ, ਸਰਬ ਵਿਆਪਕ ਪੂਰਨ ਬ੍ਰਹਮ ਵਾਹਿਗੁਰੂ ਦਾ ਰੂਪ ਸਤਿਗੁਰੂ ਨੂੰ ਜਾਣਦਾ ਹੈ, ਅਤੇ ਪੂਰਨ ਬ੍ਰਹਮ ਨੂੰ ਗੁਰਮੁਖ ਬਾਰੰ ਬਾਰ ਨਮਸਕਾਰਾਂ ਕਰਦਾ ਹੈ।੧੫੨।

**ਦਰਸ ਅਦਰਸ਼ ਦਰਸੁ ਅਸਚਰਜ-ਮੈ,**
**ਹੇਰਤ ਹਿਰਾਨੇ ਦ੍ਰਿਗ ਦ੍ਰਿਸਟਿ ਅਗਮ ਹੈ॥**
**ਸਬਦ ਅਗੋਚਰ ਸਬਦ ਪਰਮਦਭੁਤ,**
**ਅਕਥ ਕਥਾ ਕੈ ਸ੍ਰੁਤਿ ਸ੍ਰਵਨ ਬਿਸਮ ਹੈ॥**
**ਸ੍ਵਾਦ ਰਸ ਰਹਿਤ, ਅਪਿਅ ਪੀਆ ਪ੍ਰੇਮ ਰਸ,**
**ਰਸਨਾ ਥਕਤ ਨੇਤਿ ਨੇਤਿ ਨਮੋ ਨਮ ਹੈ॥**
**ਨਿਰਗੁਨ ਸਰਗੁਨ ਅਬਿਗਤਿ ਨ ਗਹਨ ਗਤਿ,**
**ਸੂਖਮ ਸਥੂਲ ਮੂਲ ਪੂਰਨ ਬ੍ਰਹਮ ਹੈ॥੧੫੩॥**

**ਪਦ ਅਰਥ** : ਦਰਸ–ਦਰਸਨ (ਛੇ ਸ਼ਾਸਤ੍ਰ)। ਅਦਰਸ–ਜੋ ਦੇਖਿਆ ਨਾ ਜਾਵੇ, ਲੁਪਤ। ਦਰਸੁ–ਪ੍ਰਭੂ-ਦਰਸ਼ਨ। ਅਸਚਰਜ ਮੈ–ਵਿਸਮਾਦ ਜਨਕ। ਹੇਰਤ–ਵੇਖਣ ਵਾਲੇ। ਹਿਰਾਨੇ–ਹੈਰਾਨ, ਚਕ੍ਰਿਤ। ਦ੍ਰਿਗ–ਅੱਖਾਂ। ਅਗਮ–ਅਪਹੁੰਚ। ਸ਼ਬਦ–ਬੋਲ-ਬਾਣੀ। ਅਗੋਚਰ–ਜੋ ਪਰਤੱਖ ਨਾ ਹੋਵੇ। ਸਬਦੁ–ਸ਼ਬਦ ਰੂਪ ਵਾਹਿਗੁਰੂ। ਪਰਮਦਭੁਤ–ਪਰਮ ਅਦਭੁਤ। ਸ੍ਰੁਤਿ ਸ੍ਰਵਨ–ਕੰਨਾਂ ਨਾਲ ਸੁਣਨਾ। ਬਿਸਮ–ਵਿਸਮਾਦ। ਸ੍ਵਾਦ ਰਸ ਰਹਿਤ—ਸਵਾਦਾਂ ਦੇ ਰਸਾਂ ਤੋਂ ਪਰੇ। ਅਪਿਅ ਪੀਆ–ਅੰਮ੍ਰਿਤ ਰਸ ਦਾ ਪੀਣਾ। ਨੇਤਿ–ਨਾ ਇਤੀ, ਨਹੀਂ ਹੈ ਇਸ ਵਰਗਾ, ਬੇਅੰਤ। ਨਮੋ ਨਮ–ਬਾਰੰਬਾਰ ਨਮਸਕਾਰ। ਅਬਿਗਤਿ—ਨਾ ਜਾਣੀ ਜਾ ਸਕਣ ਵਾਲੀ। ਗਹਨ ਗਤਿ–ਅਥਾਹ ਗਤੀ, ਗੁਹਜ ਰਮਜ਼ ਭਰੀ ਗਤੀ। ਸੂਖਮ—ਅਦ੍ਰਿਸ਼ਟ। ਸਥੂਲ–ਦ੍ਰਿਸ਼ਟ।

**ਅਰਥ** : (ਵਾਹਿਗੁਰੂ ਦਾ ਦਰਸ਼ਨ) ਛੇ ਸ਼ਾਸਤ੍ਰਾਂ ਦੀ ਵਿਚਾਰ ਤੋਂ ਪਰੇ ਹੈ, ਉਹ ਦਰਸ਼ਨ ਅਸਚਰਜ-ਰੂਪ ਹੈ, ਵਿਸਮਾਦ-ਜਨਕ ਹੈ। (ਵਾਹਿਗੁਰੂ ਦਾ ਦਰਸ਼ਨ) ਇਹਨਾਂ ਬਾਹਰਮੁਖੀ ਅੱਖਾਂ ਦੀ ਨਿਗਾਹ ਦੀ ਪਹੁੰਚ ਤੋਂ ਦੁਰਾਡੇ ਹੈ। (ਗੁਰਮੁਖ ਜਨ ਅੰਤਰਮੁਖੀ ਗਿਆਨ-ਦ੍ਰਿਸ਼ਟੀ ਨਾਲ) ਪਰਤੱਖ ਦਰਸ਼ਨਾਂ ਦਾ ਅਨੁਭਵ ਕਰਦੇ ਹੋਏ ਚਕ੍ਰਿਤ ਰਹਿ ਜਾਂਦੇ ਹਨ। ਵਾਹਿਗੁਰੂ ਦਾ ਸ਼ਬਦ-ਸਰੂਪ, ਬੋਲ-ਬਾਣੀ ਦੀ ਪਹੁੰਚ ਤੋਂ ਪਰੇ ਹੈ, ਭਾਵ, ਕਥਨੀ ਕਰਕੇ ਦਸਿਆ ਨਹੀਂ ਜਾ ਸਕਦਾ, ਉਹ ਅਤਿਅੰਤ ਅਸਚਰਜ ਹੈ। ਦਰਸ਼ਨ ਦੀ ਅਕੱਥ ਕਥਾ (ਕਰ ਕੇ) ਉਸ ਦਾ ਕੰਨਾਂ ਨਾਲ ਸੁਣਨਾ ਵੀ ਵਿਸਮਾਦ ਕਰਨ ਵਾਲਾ ਹੈ। (ਪ੍ਰਭੂ ਦਰਸ਼ਨਾਂ ਲਈ ਪ੍ਰੇਮ-ਪ੍ਰਤੀਤ ਸਹਿਤ) ਨਾਮ-ਅੰਮ੍ਰਿਤ-ਰਸ ਦਾ ਪੀਣਾ, ਦੁਨਿਆਵੀ ਸੁਆਦਾਂ ਦੇ ਰਸਾਂ ਤੋਂ ਵਿਲੱਖਣ ਹੈ, ਭਾਵ, ਉਹ ਅਲੌਕਿਕ ਤੇ ਨਿਰਾਲਾ ਰਸ ਹੈ। ਉਸ ਨੂੰ ਰਸਨਾ ਬੇਅੰਤ ਬੇਅੰਤ ਅਤੇ ਬਾਰੰਬਾਰ ਨਮਸਕਾਰ ਜੋਗ ਕਥਦਿਆਂ ਥਕ ਜਾਂਦੀ ਹੈ।

ਨਿਰਗੁਣ ਤੇ ਸਰਗੁਣ ਸਰੂਪ ਪੂਰਨ ਬ੍ਰਹਮ ਦੀ ਗਤੀ ਗੁਹਜ ਰਮਜ਼ ਭਰੀ ਹੈ, ਉਹ ਜਾਣੀ ਸਮਝੀ ਨਹੀਂ ਜਾ ਸਕਦੀ। ਪੂਰਨ ਬ੍ਰਹਮ ਇਸ ਦਿਸਦੀ ਤੇ ਅਣਦਿਸਦੀ ਸ੍ਰਿਸ਼ਟੀ ਦਾ ਮੂਲ ਅਧਾਰ ਹੈ।੧੫੩।

www.AKJ.Org

# ਭੂਰਿਆਂ ਵਾਲੇ ਰਾਜੇ ਕੀਤੇ
# ਮੁਗਲਾਂ ਜ਼ਹਿਰ ਪਿਆਲੇ ਪੀਤੇ (੩੯)

[ਕੈਪਟਿਨ ਸਵਰਨ ਸਿੰਘ ਜੀ]

**ਭਾਈ ਤਾਰੂ ਸਿੰਘ ਦੀ ਖਾਨ ਬਹਾਦਰ ਦੀ ਕਚਹਿਰੀ ਵਿਚ ਪੇਸ਼ੀ—**

ਅਗਲੇ ਦਿਨ ਪੁਲਿਸ ਭਾਈ ਤਾਰੂ ਸਿੰਘ ਜੀ ਨੂੰ ਲੈ ਕੇ ਲਾਹੌਰ ਪੁੱਜੀ ਤੇ ਕਚਹਿਰੀ ਵਿਚ ਖਾਨ ਬਹਾਦਰ ਦੇ ਪੇਸ਼ ਜਾ ਕੀਤਾ। ਸਿੰਘ ਨੇ ਗੱਜ ਕੇ ਫਤਿਹ ਬੁਲਾਈ। ਗਵਰਨਰ ਤਾਂ ਤੜਫ ਹੀ ਉਠਿਆ। ਦਰਬਾਰੀ ਅਮੀਰਾਂ ਤੇ ਸਲਾਹਕਾਰਾਂ ਵੀ ਵੱਟ ਖਾਧਾ। ਪਰ ਸ਼ਾਹੀ ਕਾਜ਼ੀ ਤੇ ਮੁਫਤੀ ਤਾਂ ਸੜ ਬਲ ਕੇ ਕੋਲਾ ਹੀ ਹੋ ਗਏ। "ਤੌਬਾ ਤੌਬਾ, ਲਾ ਹਵਲ ਵਿਲਾ ਕੁਵਤ . ਇਸਲਾਮੀ ਹਕੂਮਤ ਦੇ ਦਰਬਾਰ ਵਿਚ ਸਿਖ ਬਾਗੀ ਨੂੰ ਇੰਨੀ ਜੁਰਅਤ ਕਿ ਬੇ-ਧੜਕ ਹੋ ਕੇ ਕੁਫ਼ਰ ਦੇ ਕਲਮੇ ਬੋਲੇ! ਇਹ ਦਰਬਾਰ ਤੇ ਇਸਲਾਮ ਦੀ ਬੜੀ ਵੱਡੀ ਤੌਹੀਨ (ਨਿਰਾਦਰੀ) ਹੈ। ਇਸ ਜੁਰਮ ਦੀ ਘਟੋ ਘਟ ਸਜ਼ਾ ਮੌਤ ਹੋਣੀ ਚਾਹੀਦੀ ਹੈ। ਇਹ ਸਿਧਾ ਬਗ਼ਾਵਤ ਦਾ ਨਾਅਰਾ ਹੈ। ਇਸਦੇ ਹੋਰ ਜੁਰਮਾਂ ਦੀ ਪੜਤਾਲ, ਤਸਦੀਕ ਕਰਨ ਦੀ ਲੋੜ ਨਹੀਂ।" ਮੁਲਾਣੇ ਭਬਕੇ ਤੇ ਨਵਾਬ ਨੂੰ ਭੜਕਾਇਆ। ਖਾਨ ਬਹਾਦਰ ਨੂੰ ਹੋਰ ਕਰੋਧ ਆਇਆ ਤੇ ਬੋਲਿਆ, "ਤਾਰੂ ਸਿੰਘ, ਤੇਰੇ ਜੁਰਮਾਂ ਦੀ ਪੰਡ ਪਹਿਲਾਂ ਹੀ ਬਹੁਤ ਭਾਰੀ ਹੈ, ਕੁਫ਼ਰ ਬੋਲ ਕੇ ਇਸ ਨੂੰ ਹੋਰ ਭਾਰਾ ਕਰਨ ਦੀ ਲੋੜ ਨਹੀਂ। ਕਾਫ਼ਿਰ, ਸਰਕਾਰ ਦੇ ਬਾਗੀਆਂ ਦਾ ਮਦਦਗਾਰ, ਪੱਟੀ ਦੇ ਫ਼ੌਜਦਾਰ ਦਾ ਕਾਤਿਲ[1], ਤੇ ਬੁਲਾਵੇ ਦਰਬਾਰ ਵਿਚ ਫ਼ਤਿਹ! ਜੁਰਮ ਤੇ ਜੁਰਮ! ਹੈ ਮੌਤੋਂ ਬਚ ਨਿਕਲਣ ਦਾ ਤੇਰੇ ਪਾਸ ਕੋਈ ਰਾਹ?" ਕੁਝ ਦੇਰ ਰੁਕ ਕੇ ਫਿਰ ਕਿਹਾ, "ਹਾਂ, ਇਸਲਾਮ ਕਬੂਲ ਕਰ ਕੇ ਤੂੰ ਬਚ ਸਕਦੈਂ, ਨਹੀਂ ਤਾਂ ਮੌਤ ਲਈ ਤਿਆਰ ਰਹੋ।" ਤਾਰੂ ਸਿੰਘ ਨੇ ਇਸਲਾਮ ਕਬੂਲ ਕਰਨ ਤੋਂ ਇਨਕਾਰ ਕਰ ਦਿਤਾ। ਬੱਸ ਫਿਰ ਉਸੇ ਵਕਤ ਚਰਖੀ ਤੇ ਚੜ੍ਹਾ ਕੇ ਲਹੂ ਲੁਹਾਨ ਕਰ ਦਿਤਾ। ਪਰ ਸਿਦਕੀ ਸਿਖ ਆਪਣੇ ਧਰਮ ਤੇ ਅਟੱਲ ਰਿਹਾ। ਉਸ ਨੂੰ ਜੇਲ੍ਹ ਵਿਚ ਬੰਦ ਕਰ ਕੇ ਹੋਰ ਤਸੀਹੇ ਦੇਣ ਦਾ ਹੁਕਮ ਹੋਇਆ, ਤਾਕਿ ਸਿਖ ਦਾ ਹੱਠ ਤੋੜ ਦਿਤਾ ਜਾਵੇ। ਅਗਲੀ ਪੇਸ਼ੀ ਤੱਕ ਇਹ ਜ਼ੁਲਮ ਜਾਰੀ ਰਿਹਾ।

**ਮਤਾਬ ਸਿੰਘ, ਦਿਆਲ ਸਿੰਘ ਤੇ ਗਰਜਾ ਸਿੰਘ ਦੀਆਂ ਸ਼ਹੀਦੀਆਂ—**

ਇਨ੍ਹੀਂ ਦਿਨੀਂ ਭਾਈ ਮਤਾਬ ਸਿੰਘ ਮੱਸੇ ਰੰਘੜ ਦਾ ਕਾਤਿਲ, ਬੀਕਾਨੇਰ ਤੋਂ ਪੰਜਾਬ ਵਲ ਆਇਆ ਸੀ। ਉਸਨੂੰ ਨੱਥੇ ਖਹਿਰੇ ਦੇ ਮਾਰੇ ਜਾਣ ਤੇ ਰਾਏ ਸਿੰਘ ਦੇ ਘੋਰ ਘਾਇਲ ਹੋਣ ਦੀ ਖਬਰ ਮਿਲ ਚੁਕੀ ਸੀ। ਉਹ ਨੱਥੇ ਖਹਿਰੇ ਦੇ ਘਰ ਵਾਲਿਆਂ ਨੂੰ ਮਿਲ ਕੇ ਦਿਲਾਸਾ ਦੇਣਾ ਚਾਹੁੰਦਾ ਸੀ। ਰਾਜ਼ੀ ਹੋ ਰਹੇ ਪੁਤ ਨੂੰ ਵੇਖਣ ਦੀ ਵੀ ਖ਼ਾਹਿਸ਼ ਸੀ। ਜਦ ਏਧਰ ਆਇਆ ਤਾਂ ਨਿਰੰਜਨੀਏ ਨੂੰ ਪਤਾ ਲੱਗ ਗਿਆ। ਝਟ ਲਾਹੌਰ ਅੱਪੜ ਕੇ ਚੁਗਲੀ ਕੀਤੀ ਤੇ ਬਹੁਤ ਸਾਰੀ ਫੌਜ ਲੈ ਕੇ ਮਤਾਬ ਸਿੰਘ ਨੂੰ ਜਾ ਫੜਾਇਆ। ਜਦ ਉਸ ਨੂੰ ਖ਼ਾਨ ਬਹਾਦਰ ਦੇ ਪੇਸ਼ ਕੀਤਾ ਤਾਂ "ਮੌਤ ਜਾਂ ਇਸਲਾਮ" ਦਾ ਹੁਕਮ ਸੁਣਾ ਦਿਤਾ ਗਿਆ।

ਜਿਹੜੇ ਪੈਦਾ ਹੀ ਦੇਸ਼ ਧਰਮ ਤੇ ਅਣਖ ਲਈ ਸ਼ਹੀਦ ਹੋਣ ਵਾਸਤੇ ਹੋਏ ਹੋਣ, ਉਹ ਕਦੋਂ ਧਰਮ ਤਿਆਗਦੇ ਹਨ? ਉਹ ਤਾਂ ਇਹੋ ਜਿਹੇ ਖੜੇ ਖਾਨ ਬਹਾਦਰ ਨੂੰ ਤੇ ਇਨ੍ਹਾਂ ਵਲੋਂ ਦਿਤੇ ਮੌਤ ਦੇ ਹੁਕਮਾਂ ਨੂੰ ਮੂਲੋਂ ਟਿੱਚ ਜਾਣਦੇ ਹਨ। ਮਤਾਬ ਸਿੰਘ ਨੇ ਗੱਜ ਕੇ ਕਿਹਾ, "ਖਾਨ ਸਾਹਿਬ! ਇਹ ਮੌਤ ਦੇ ਡਰਾਵੇ ਕਿਸੇ ਹੋਰਸ ਨੂੰ ਦਿਓ। ਮੌਤ ਦਾ ਡਰ ਤੁਹਾਨੂੰ ਹੈ, ਸਾਨੂੰ ਕੋਈ ਨਹੀਂ। ਤੁਸੀਂ ਇਸਲਾਮੀ ਹੋ, ਕੀ ਮੌਤੋਂ ਬਚੇ ਰਹੋਗੇ? ਕੀ ਪਹਿਲਾਂ ਕਿਸੇ ਸਿੰਘ ਨੇ ਮੌਤੋਂ ਡਰ ਕੇ ਇਸਲਾਮ ਕਬੂਲ ਕੀਤਾ ਹੈ, ਜੋ ਮੈਂ ਕਰ ਲਊਂਗਾ? ਮੈਂ ਤੁਹਾਡੀ ਹਿਰਾਸਤ ਵਿਚ ਹਾਂ, ਭਿਆਨਕ ਤੋਂ ਭਿਆਨਕ ਤਰੀਕੇ ਨਾਲ ਮੌਤ ਦੇ ਕੇ ਆਪਣਾ ਜੀਅ ਠਾਰ ਲੈ, ਪਰ ਧਰਮ ਛੱਡਣ ਲਈ ਫੇਰ ਨਾ ਕਹਿਓ।" ਇਸਲਾਮੋਂ ਇਨਕਾਰੀ ਹੋਣ ਤੇ ਚਰਖੀ 'ਤੇ ਚੜ੍ਹਾ ਕੇ ਸ਼ਹੀਦ ਕੀਤਾ ਗਿਆ[2]।

ਸ: ਦਿਆਲ ਸਿੰਘ ਸਹਿਸਰੇ ਵਾਲਾ ਤੇ ਗਰਜਾ ਸਿੰਘ ਵੀ ਕੈਦ ਕੀਤੇ ਹੋਏ ਸਨ। ਉਨ੍ਹਾਂ ਵੀ ਮੌਤ ਕਬੂਲੀ।



www.AKJ.Org

ਸ: ਦਿਆਲ ਸਿੰਘ ਨੂੰ ਚਰਖੀ[3] 'ਤੇ ਅਤੇ ਗਰਜਾ ਸਿੰਘ ਨੂੰ ਸੂਲੀ ਚੜ੍ਹਾ ਕੇ ਸ਼ਹੀਦ ਕੀਤਾ ਗਿਆ[4]। ਇਨ੍ਹਾਂ ਤਿੰਨਾਂ ਦੀ ਸ਼ਹਾਦਤ ਭਾਈ ਤਾਰੂ ਸਿੰਘ ਦੇ ਸਾਹਮਣੇ ਹੋਈ।

**ਭਾਈ ਤਾਰੂ ਸਿੰਘ ਦੀ ਫਿਰ ਪੇਸ਼ੀ–**

ਇਨ੍ਹਾਂ ਸ਼ਹਾਦਤਾਂ ਤੋਂ ਥੋੜਾ ਸਮਾਂ ਪਿਛੋਂ ਫਿਰ ਭਾਈ ਤਾਰੂ ਸਿੰਘ ਜੀ ਦੀ ਪੇਸ਼ੀ ਹੋਈ। ਇਸ ਵਾਰ ਫਤਿਹ ਬੁਲਾਉਣ ਤੇ ਸੂਬੇ ਨੇ ਕੋਈ ਕੌੜ ਨਹੀਂ ਮਨਾਈ। ਗੱਲ-ਬਾਤ ਦਾ ਅੰਦਾਜ਼ ਬਦਲਿਆ। ਡਰ ਦੀ ਥਾਂ ਬਥੇਰੇ ਲਾਲਚ ਦਿਤੇ, ਸਿੰਘ ਚਟਾਨ ਵਾਂਗ ਅਟੱਲ ਰਿਹਾ। ਹਰ ਵਾਰ ਇਹੋ ਹੀ ਕਿਹਾ ਕਿ ਮੇਰੀ ਸਿੱਖੀ ਕੇਸਾਂ ਸੁਆਸਾਂ ਨਾਲ ਨਿਭੇਗੀ। ਸੂਬੇਦਾਰ ਅੱਕ ਗਿਆ ਤੇ ਗਰਮ ਹੋ ਕੇ ਬੋਲਿਆ, "ਤਾਰੂ ਸਿੰਘਾ! ਮੈਂ ਤੇਰੀ ਸਿੱਖੀ ਤੇ ਕੇਸਾਂ ਦੀ ਰਟ ਬਹੁਤ ਸੁਣ ਲਈ ਹੈ। ਸਭ ਵਲ-ਵਿੰਗ ਪਲ ਵਿਚ ਨਿਕਲ ਜਾਣਗੇ। ਤੂੰ ਜਿਸ ਸਿੱਖੀ ਤੇ ਕੇਸਾਂ 'ਤੇ ਏਨਾ ਮਾਣ ਕਰਦੈਂ, ਮੈਂ ਜੁੱਤੀਆਂ ਨਾਲ ਉਡਾ ਦਿਆਂਗਾ। ਅਗੋਂ ਸਿੰਘ ਨੇ ਵੀ ਰੋਹ ਨਾਲ ਗਰਜ ਕੇ ਉੱਤਰ ਦਿੱਤਾ, "ਖਾਨ ਬਹਾਦਰ! ਧਿਆਨ ਨਾਲ ਸੁਣ ਲੈ। ਮੇਰੀ ਸਿੱਖੀ ਕੇਸਾਂ ਸਵਾਸਾਂ ਨਾਲ ਨਿਭ ਜਾਏਗੀ, ਪਰ ਯਾਦ ਰਖ, ਤੈਨੂੰ ਖਾਲਸੇ ਦੀ ਜੁੱਤੀ ਅੱਗੇ ਲੱਗ ਕੇ ਚਲਣਾ ਪਵੇਗਾ।"

**ਤਾਰੂ ਸਿੰਘ ਦੀ ਖੋਪਰੀ ਲੁਹਾ ਦਿਤੀ–**

ਤਾਰੂ ਸਿੰਘ ਦੇ ਉੱਤਰ ਨੇ ਤਾਂ ਸੂਬੇਦਾਰ ਨੂੰ ਸੱਤੀਂ ਕੱਪੜੀਂ ਅੱਗ ਲਾ ਦਿਤੀ। ਉਹਨੇ ਹੁਕਮ ਦੇ ਕੇ ਮੋਚੀ ਕੋਲੋਂ ਸਣੇ ਕੇਸਾਂ ਤਾਰੂ ਸਿੰਘ ਦੀ ਖੋਪਰੀ ਲੁਹਾ ਦਿਤੀ।[5] ਇਹ ਸਾਕਾ ਨਖਾਸ ਚੌਕ ਲਾਹੌਰ ਵਿਖੇ (ਵਡੇ ਰੇਲਵੇ ਸਟੇਸ਼ਨ ਦੇ ਲਾਗੇ) ਸੰਮਤ ਬਿਕ੍ਰਮੀ ੧੮੦੨, ਮੁਤਾਬਕ ੧੭੪੫ ਈ: ਨੂੰ ਹੋਇਆ।[6]

ਭਾਈ ਸਾਹਿਬ 'ਤੇ ਜੋ ਅਜਹਿ ਜ਼ੁਲਮ ਢਾਇਆ ਗਿਆ, ਇਸਨੂੰ ਵੇਖ ਕੇ ਸਾਰੇ ਸ਼ਹਿਰ ਵਿਚ ਹਾਹਾਕਾਰ ਮੱਚ ਗਿਆ। ਨੇਕ-ਦਿਲ ਮੁਸਲਮਾਨ ਵੀ ਤ੍ਰਾਹਮਾਨ ਤ੍ਰਾਹਮਾਨ ਕਰ ਉਠੇ। ਲਾਹੌਰ ਦੇ ਸਿੱਖਾਂ ਨੇ ਸੂਬੇ ਨੂੰ ਬੇਨਤੀ ਕੀਤੀ ਤਾਂ ਭਾਈ ਸਾਹਿਬ ਨੂੰ ਉਨ੍ਹਾਂ ਦੇ ਹਵਾਲੇ ਕਰ ਦਿਤਾ[7]। ਉਨ੍ਹਾਂ ਨੇ ਲੈ ਜਾ ਕੇ ਬਹੁਤ ਸੇਵਾ ਕੀਤੀ। ਭਾਈ ਸਾਹਿਬ ਏਸੇ ਹਾਲਤ ਵਿਚ ੨੨ ਦਿਨ ਤਕ ਜ਼ਿੰਦਾ ਰਹੇ। ਉਹ ਹਰ ਵੇਲੇ ਗੁਰਬਾਣੀ ਦਾ ਜਾਪ ਕਰਦੇ ਰਹਿੰਦੇ ਤੇ ਵੇਖਣ ਆਏ ਲੋਕਾਂ ਨੂੰ ਇੰਜ ਇਹਸਾਸ ਕਰਵਾਉਂਦੇ ਜਿਵੇਂ ਉਨ੍ਹਾਂ ਨੂੰ ਹੋਇਆ ਹੀ ਕੁਝ ਨਹੀਂ। ਫਿਰ ਵੀ ਉਨ੍ਹਾਂ ਦੀ ਹਾਲਤ ਤੱਕ ਕੇ ਦੋਰਸ਼ਨ ਕਰਨ ਵਾਲਿਆਂ ਦੇ ਦੰਦ ਜੁੜ ਜਾਂਦੇ।

**ਜ਼ਕਰੀਆ ਖਾਨ ਦੀ ਪੇਸ਼ਾਬ ਦੇ ਬੰਨ੍ਹ ਨਾਲ ਮੰਦੀ ਹਾਲਤ–**

ਭਾਈ ਤਾਰੂ ਸਿੰਘ ਉਤੇ ਵਰਤਾਏ ਅੇਕਹਿ ਜ਼ੁਲਮ ਤੋਂ ਥੋੜੇ ਦਿਨ ਬਾਅਦ ਖਾਨ ਬਹਾਦਰ ਨੂੰ ਪੇਸ਼ਾਬ ਦਾ ਬੰਨ੍ਹ ਪੈ ਗਿਆ। ਹਕੀਮਾਂ ਵੈਦਾਂ ਬੜਾ ਇਲਾਜ ਕੀਤਾ, ਪਰ ਕੋਈ ਆਰਾਮ ਨਾ ਆਇਆ ਤੇ ਨਵਾਬ ਡਾਢਾ ਲਾਚਾਰ ਹੋਇਆ। ਉਸਦੀ ਦੁਹਾਈ ਮਹਲਾਂ ਤੋਂ ਬਾਹਿਰ ਸੁਣੇ। ਉਸ ਦੇ ਦਿਲ ਤੇ ਪੱਥਰ ਦੀ ਲਕੀਰ ਵਾਂਗ ਇਹ ਗੱਲ ਬਹਿ ਗਈ ਕਿ ਇਹ ਸਭ ਕੁਝ ਭਾਈ ਤਾਰੂ ਸਿੰਘ ਉਤੇ ਕੀਤੇ ਜ਼ੁਲਮ ਤੇ ਉਸਦੇ ਸਰਾਪ ਦਾ ਨਤੀਜਾ ਹੈ। ਉਸ ਨੇ ਭਾਈ ਸੁਬੇਗ ਸਿੰਘ ਜੰਬਰਾਂ ਵਾਲੇ ਨੂੰ ਸੱਦਿਆ ਤੇ ਭਾਈ ਸਾਹਿਬ ਪਾਸ ਘਲਾਇਆ ਕਿ ਉਸ ਨੂੰ ਮੁਆਫ਼ੀ ਦੇ ਕੇ ਬਖਸ਼ਿਆ ਜਾਵੇ। ਭਾਈ ਤਾਰੂ ਸਿੰਘ ਜੀ ਨੇ ਕਿਹਾ ਕਿ ਮੇਰੇ ਹਥੋਂ ਤੀਰ ਨਿਕਲ ਚੁਕਾ ਹੈ। ਖਾਲਸਾ ਪੰਥ ਹੀ ਸਮਰੱਥ ਤੇ ਬਖਸ਼ਨਹਾਰ ਹੈ। ਹੁਣ ਸ੍ਰੀ ਅੰਮ੍ਰਿਤਸਰ ਜਾਉ ਤੇ ਪੰਥ ਪਾਸ ਮੁਆਫ਼ੀ ਲਈ ਬੇਨਤੀ ਕਰੋ। ਸ: ਸੁਬੇਗ ਸਿੰਘ ਜੀ ਖਾਨ ਬਹਾਦਰ ਵਲੋਂ ਨਜ਼ਰਾਨਾ ਲੈ ਕੇ ਅੰਮ੍ਰਿਤਸਰ ਸਾਹਿਬ ਪੁਜੇ। ਅੱਗੇ ਅਕਾਲ ਬੁੰਗੇ ਬੁੱਢੇ ਦਲ ਦਾ ਉਤਾਰਾ ਸੀ। ਸ: ਸੁਬੇਗ ਸਿੰਘ ਨੇ ਨਵਾਬ ਕਪੂਰ ਸਿੰਘ ਨੂੰ ਸਾਰੀ ਗੱਲ ਦਸੀ ਤੇ ਖਾਨ ਬਹਾਦਰ ਨੂੰ ਬਖਸ਼ੇ ਜਾਣ ਲਈ ਬੇਨਤੀ ਕੀਤੀ। ਅੰਤ ਸਾਰੇ ਪੰਥ ਨੇ ਜੁੜ ਕੇ ਇਕ-ਚਿਤ ਹੋ ਕੇ ਗੁਰੂ ਮਹਾਰਾਜ ਅਗੇ ਅਰਦਾਸ ਕਰ ਕੇ ਸ: ਸੁਬੇਗ ਸਿੰਘ ਨੂੰ ਹੁਕਮ ਦਿਤਾ ਕਿ ਸੰਤ ਸਰੂਪ ਭਾਈ ਤਾਰੂ ਸਿੰਘ ਦਾ ਸਰਾਪ ਅਸਲੋਂ ਟਲੇਗਾ ਨਹੀਂ, ਪਰ ਭਾਈ ਤਾਰੂ ਸਿੰਘ ਦੀ ਜੁੱਤੀ ਖਾਨ ਬਹਾਦਰ ਦੇ ਸਿਰ ਵਿਚ ਮਾਰਨ ਨਾਲ ਪੇਸ਼ਾਬ ਖੁਲ੍ਹ ਕੇ ਆ ਜਾਵੇਗਾ। ਸੁਬੇਗ ਸਿੰਘ ਤੁਰੰਤ ਲਾਹੌਰ ਪੁਜਾ ਤੇ ਸਾਰੀ ਗੱਲ ਖਾਨ ਬਹਾਦਰ ਨੂੰ ਆਣ ਦਸੀ। ਉਨ੍ਹੇ ਏਨੇ ਨੂੰ ਹੀ ਆਪਣੀ ਖੁਸ਼-ਨਸੀਬੀ ਸਮਝਿਆ। ਮਿੰਨਤ


www.AKJ.Org

ਕਰ ਕੇ ਜੁੱਤੀ ਮੰਗਵਾਈ ਗਈ। ਜਿਉਂ ਜਿਉਂ ਸਿੰਘ ਸਾਹਿਬ ਦੀ ਜੁੱਤੀ ਖਾਨ ਬਹਾਦਰ ਦੇ ਸਿਰ ਵਿਚ ਵੱਜਦੀ, ਤਿਉਂ ਤਿਉਂ ਉਸ ਨੂੰ ਚੈਨ ਆਉਂਦਾ ਤੇ ਪੇਸ਼ਾਬ ਖੁਲ੍ਹ ਕੇ ਆ ਜਾਂਦਾ।

**ਭਾਈ ਤਾਰੂ ਸਿੰਘ ਦੀ ਜੁੱਤੀ ਨਾਲ ਹੀ ਖਾਨ ਬਹਾਦਰ ਦੀ ਮੌਤ ਹੋਈ–**

ਖਾਨ ਬਹਾਦਰ ਨੇ ਰੱਬ ਦਾ ਲੱਖ ਲੱਖ ਸ਼ੁਕਰ ਕੀਤਾ। ਖਾਨ ਨੇ ਸੰਭਾਲ ਕੇ ਜੁੱਤੀ ਪਾਸ ਹੀ ਰਖ ਲਈ। ਇਸ ਪਰਉਪਕਾਰ ਬਦਲੇ ਸ: ਸੁਬੇਗ ਸਿੰਘ ਨੂੰ ਲਾਹੌਰ ਦਾ ਕੋਤਵਾਲ ਥਾਪ ਦਿਤਾ। ਉਸ ਨੇ ਪਹਿਲਾ ਇਹ ਕੰਮ ਕੀਤਾ ਕਿ ਚਰਖੀ, ਸੂਲੀ ਆਦਿ ਦੀਆਂ ਸਜ਼ਾਵਾਂ ਬਿਲਕੁਲ ਬੰਦ ਕਰਵਾ ਦਿਤੀਆਂ। ਬੇਦੋਸ਼ੇ ਫੜੇ ਹੋਏ ਸਿਖ ਜੇਲ੍ਹਾਂ ਚੋਂ ਬਾਹਰ ਕਢ ਦਿਤੇ। ਸ਼ਹਿਰ ਦੇ ਦਰਵਾਜ਼ਿਆਂ ਉਤੇ ਚਿਣੇ ਹੋਏ ਮੁਨਾਰਿਆਂ ਦੀ ਸ਼ਕਲ ਵਿਚ ਤੇ ਖੂਹਾਂ ਵਿਚ ਸੁਟੇ ਹੋਏ ਸਿੰਘਾਂ ਦੇ ਸਿਰ ਕਢਵਾ ਕੇ ਉਸਨੇ ਸਸਕਾਰੇ ਤੇ ਥਾਂ ਥਾਂ ਸ਼ਹੀਦਾਂ ਦੀਆਂ ਯਾਦਗਾਰਾਂ ਕਾਇਮ ਕੀਤੀਆਂ। ਬੇ-ਗੁਨਾਹਾਂ ਤੇ ਮਾਸੂਮਾਂ ਉਤੇ ਮੁਲਾਣਿਆਂ ਵਲੋਂ ਤੁਖਣਾਂ ਦੇ ਦੇ ਢਾਇਆ ਜਾਂਦਾ ਜ਼ੁਲਮ ਰੋਕ ਦਿਤਾ।

ਉਧਰ ਨਵਾਬ ਖਾਨ ਬਹਾਦਰ ਦੇ ਸਿਰ ਵਿਚ ਰੋਜ਼ ਜੁੱਤੀਆਂ ਦੀ ਬੁਛਾੜ ਹੋਵੇ। ਅੰਤ ਕਈ ਦਿਨ ਕੀਤੇ ਕਰਮਾਂ ਦਾ ਫਲ ਭੋਗ ਕੇ ਸੂਬੇਦਾਰ ਜ਼ਕਰੀਆ ਖਾਨ, ਜੋ ਦਿਲੀ ਦੇ ਤਖਤ ਪਾਸੋਂ ਪੰਜਾਬ ਦੀ ਸੂਬੇਦਾਰੀ ਇਸ ਵਾਅਦੇ ਤੇ ਲੈ ਕੇ ਆਇਆ ਸੀ ਕਿ ਪੰਜਾਬ ਦੀ ਧਰਤੀ ਤੋਂ ਸਿੱਖਾਂ ਦਾ ਨਾਮੋ ਨਿਸ਼ਾਨ ਮਿਟਾ ਕੇ ਰਖ ਦੇਵੇਗਾ, ਸਿੰਘ ਦੀਆਂ ਜੁਤੀਆਂ ਖਾਂਦਾ ਮਰਿਆ। ਉਸ ਦੀ ਮੌਤ ਪਹਿਲੀ ਜੁਲਾਈ ੧੭੪੫ ਈਸਵੀ ਨੂੰ ਹੋਈ।[੯] ਖ਼ਾਨ ਬਹਾਦਰ ਦੇ ਮਰਨ ਦੀ ਖਬਰ ਜਦ ਭਾਈ ਤਾਰੂ ਸਿੰਘ ਨੂੰ ਪਹੁੰਚੀ ਤਾਂ ਉਹ ਵੀ 'ਜਪੁਜੀ' ਸਾਹਿਬ ਦਾ ਪਾਠ ਕਰ ਕੇ ਸੰਸਾਰ ਨੂੰ ਫਤਿਹ ਗਜਾ ਗਏ।

**ਖਾਨ ਬਹਾਦਰ ਦੇ ਪੁੱਤਰਾਂ ਵਿਚ ਆਪਸੀ ਝਗੜਾ–**

ਜ਼ਕਰੀਆ ਖਾਨ, ਖ਼ਾਨ ਬਹਾਦਰ, ਸੂਬੇਦਾਰ ਲਾਹੌਰ ਪਹਿਲੀ ਜੁਲਾਈ ੧੭੪੫ ਈ: ਨੂੰ ਮਰਿਆ। ਇਸ ਦੇ ਤਿੰਨ ਪੁਤ ਸਨ : ਯਾਹੀਆ ਖ਼ਾਨ (ਖਿਤਾਬ ਆਜ਼ੁੱਦੌਲਾ ਦੂਜਾ),ਹੱਯਾਤੁੱਲਾ ਖਾਂ(ਖਿਤਾਬ ਸ਼ਾਹ ਨਿਵਾਜ਼ ਖਾਂ ਹਿਜ਼ਬਰ ਜੰਗ) ਤੇ ਮੀਰ ਬਾਲੀ। ਤੀਜਾ ਤਾਂ ਸਾਈਂ ਲੋਕ ਕਿਸਮ ਦਾ, ਦੁਨਿਆਵੀ ਝੰਜਟਾਂ ਤੋਂ ਬਿਲਕੁਲ ਅਟੰਕ। ਨਾ ਮੁਕਣ ਵਾਲੀ ਖਹਿ-ਬਾਜ਼ੀ ਕਾਰਨ ਆਪਸ ਵਿਚ ਭਾਵੇਂ ਇਨ੍ਹਾਂ ਦਾ ਕੋਈ ਸਲੂਕ ਇਤਫਾਕ ਨਹੀਂ ਸੀ, ਆਪੋ ਆਪਣੇ ਹਿਤਾਂ ਲਈ ਇਕ ਦੂਜੇ ਦਾ ਨੁਕਸਾਨ ਕਰਨ ਲਈ ਬੁਰੇ ਦੇ ਘਰ ਤਾਈਂ ਵੀ ਜਾਂਦੇ, ਪਰ ਉਹ ਸਿੱਖਾਂ ਦੇ ਢਿਡੋਂ ਪੂਰੇ ਵੈਰੀ ਸਨ। ਇਹ ਤਿੰਨੇ ਕਮਰੁੱਦੀਨ ਖਾਂ ਵਜ਼ੀਰ ਦਿੱਲੀ ਦੇ ਭਣੇਵੇਂ ਲਗਦੇ ਸਨ। ਯਾਹੀਯਾ ਖਾਨ ਕਮਰੁੱਦੀਨ ਦਾ ਜਵਾਈ ਵੀ ਲਗਦਾ ਸੀ। ਇਸ ਵਾਸਤੇ ਘਰੋਗੀ ਤੇ ਰਾਜਸੀ ਤਾਕਤ ਹਾਸਲ ਕਰਨ ਲਈ ਵਜ਼ੀਰ, ਯਾਹੀਯਾ ਖਾਨ ਦੀ ਮਦਤ ਵਧੇਰੇ ਕਰਦਾ ਸੀ। ਜ਼ਕਰੀਆ ਖਾਨ ਦੀ ਮੌਤ ਪਿਛੋਂ ਵਜ਼ੀਰ ਕਮਰੁੱਦੀਨ ਚਾਹੁੰਦਾ ਸੀ ਕਿ ਮੁਲਤਾਨ ਤੇ ਲਾਹੌਰ ਦੀ ਸੂਬੇਦਾਰੀ ਖਾਨ ਬਹਾਦਰ ਦੇ ਘਰਾਣੇ ਪਾਸ ਹੀ ਰਹੇ। ਪਰ ਦਿੱਲੀ ਦਾ ਬਾਦਸ਼ਾਹ (ਮੁਹੰਮਦ ਸ਼ਾਹ ਰੰਗੀਲਾ) ਦਿਲੋਂ ਨਹੀਂ ਸੀ ਚਾਹੁੰਦਾ ਕਿ ਇਸ ਤਾਤਾਰੀ ਖ਼ਾਨਦਾਨ ਦੇ ਹੱਥਾਂ ਵਿਚ ਏਨੀ ਰਾਜਸੀ ਸ਼ਕਤੀ ਇਕੱਤਰ ਹੋ ਜਾਵੇ, ਜੋ ਕਿਸੇ ਵੇਲੇ ਕੋਈ ਮੁਸ਼ਕਲ ਖੜੀ ਕਰ ਸਕੇ। ਜਦ ਵਜ਼ੀਰ ਨੇ ਬਾਦਸ਼ਾਹ ਨੂੰ ਬੇਨਤੀ ਕੀਤੀ ਕਿ ਯਾਹੀਯਾ ਖਾਂ ਨੂੰ ਲਾਹੌਰ ਦੀ ਸੂਬੇਦਾਰੀ ਤੇ ਮੁਲਤਾਨ ਦੀ ਸ਼ਾਹ ਨਿਵਾਜ਼ ਖਾਂ ਨੂੰ ਦਿਤੀ ਜਾਵੇ ਤਾਂ ਬਾਦਸ਼ਾਹ ਨੇ ਇਸ ਨੂੰ ਅਪਰਵਾਨ ਕਰ ਦਿੱਤਾ। ਮੁਲਤਾਨ ਉਤੇ ਪਹਿਲਾਂ ਹੀ ਸ਼ਾਹ ਨਿਵਾਜ਼ ਖਾਂ ਦਾ ਕਬਜ਼ਾ ਸੀ। ਰਹੀ ਗੱਲ ਯਾਹੀਯਾ ਖਾਨ ਦੀ, ਸੋ ਵਜ਼ੀਰ ਨੇ ਉਸ ਨੂੰ ਖੁਫੀਆ ਤੌਰ ਤੇ ਕਿਹਾ ਕਿ ਲਾਹੌਰ ਉਤੇ ਉਹ ਕਬਜ਼ਾ ਕਰ ਲਵੇ। ਯਾਹੀਯਾ ਖਾਨ ਨੇ ਲਾਹੌਰ ਉਤੇ ਕਬਜ਼ਾ ਕਰ ਲਿਆ। ਖਾਨ ਬਹਾਦਰ ਦੇ ਮਰਨ ਪਿਛੋਂ ਉਸ ਦਾ ਨਾਇਬ ਮੋਮਨ ਖਾਂ ਕਸੂਰੀਆ ਹੀ ਕੰਮ ਚਲਾਉਂਦਾ ਰਿਹਾ।

**ਦੋਹਾਂ ਭਰਾਵਾਂ ਵਿਚ ਟੱਕਰ–**

ਯਾਹੀਯਾ ਖਾਨ ਨੇ ਲਾਹੌਰ ਦੀ ਸੂਬੇਦਾਰੀ ਦੀ ਸਨਦ ਬਾਦਸ਼ਾਹ ਤੋਂ ਲਏ ਬਿਨਾਂ ਹੀ ਲਾਹੌਰ ਤੇ ਕਬਜ਼ਾ ਕਰ ਲਿਆ ਸੀ ਤੇ ਇਸ ਤਰ੍ਹਾਂ ਆਪਣੇ ਬਾਪ ਖਾਨ ਬਹਾਦਰ ਦੀ ਸਾਰੀ ਜਾਇਦਾਦ ਦਾ ਇਕੱਲਾ ਹੀ ਮਾਲਕ ਬਣ


www.AKJ.Org

ਬੈਠਾ। ਸ਼ਾਹ ਨਿਵਾਜ਼ ਦੀ ਹੱਕ-ਤਲਫ਼ੀ ਹੋਈ ਸੀ ਤੇ ਉਸ ਨੂੰ ਗੁੱਸਾ ਆਉਣਾ ਕੁਦਰਤੀ ਗੱਲ ਸੀ। ਉਹ ਇਕ ਤਕੜੀ ਫੌਜ ਲੈ ਕੇ ਲਾਹੌਰ ਤੇ ਚੜ੍ਹ ਆਇਆ। ਦੋਵੇਂ ਫੌਜਾਂ ਆਹਮੋ-ਸਾਹਮਣੇ ਡੱਟ ਗਈਆਂ। ਕਿਸੇ ਵੇਲੇ ਵੀ ਲੜਾਈ ਹੋ ਸਕਦੀ ਸੀ। ਆਖ਼ਿਰ ਕੁਝ ਹਿਤੈਸ਼ੀ ਤੇ ਪਤਵੰਤਿਆਂ ਨੇ ਵਿਚ ਪੈ ਕੇ ਦੋਹਾਂ ਭਰਾਵਾਂ ਵਿਚ ਸੁਲ੍ਹਾ ਕਰਾ ਦਿਤੀ। ਯਾਹੀਯਾ ਖਾਨ ਨੇ ਬਾਪ ਦੀ ਜਾਇਦਾਦ ਵਿਚੋਂ ਹਿੱਸੇ ਆਉਂਦੇ ਜਵਾਹਰਾਤ ਤੇ ਨਕਦ ਨਾਵਾਂ ਸ਼ਾਹ ਨਿਵਾਜ਼ ਨੂੰ ਦੇ ਦਿਤਾ ਤੇ ਸ਼ਾਹ ਨਿਵਾਜ਼ ਨੇ ਦੁਆਬਾ ਜਾਲੰਧਰ ਦੀ ਫੌਜਦਾਰੀ, ਜੋ ਉਸ ਨੂੰ ਖਾਨ ਬਹਾਦਰ ਨੇ ਦਿਤੀ ਹੋਈ ਸੀ, ਦੇ ਹੱਕ ਤਿਆਗ ਦਿਤੇ। ਇਸ ਤੋਂ ਪਿਛੋਂ ਸ਼ਾਹ ਨਿਵਾਜ਼ ਵਾਪਸ ਮੁਲਤਾਨ ਚਲਾ ਗਿਆ।

**ਵਜ਼ੀਰ ਕਮਰੁੱਦੀਨ ਨੇ ਚਾਲ ਨਾਲ ਯਾਹੀਯਾ ਖਾਨ ਨੂੰ ਲਾਹੌਰ ਦੀ ਸੂਬੇਦਾਰੀ ਦਿਵਾਈ–**

ਵਜ਼ੀਰ ਹਰ ਢੰਗ ਨਾਲ ਆਪਣੇ ਜਵਾਈ ਯਾਹੀਯਾ ਖਾਨ ਨੂੰ ਲਾਹੌਰ ਦੀ ਸੂਬੇਦਾਰੀ ਦਿਵਾਉਣ 'ਤੇ ਤੁੱਲਿਆ ਹੋਇਆ ਸੀ। ਉਸ ਨੇ ਬਾਦਸ਼ਾਹ ਨੂੰ ਬੇਨਤੀ ਕੀਤੀ ਕਿ ਲਾਹੌਰ ਦੀ ਸੂਬੇਦਾਰੀ ਉਸ (ਕਮਰੁੱਦੀਨ) ਨੂੰ ਬਖਸ਼ੀ ਜਾਵੇ। ਬੇਨਤੀ ਬਾਦਸ਼ਾਹ ਨੇ ਪਰਵਾਨ ਕਰ ਲਈ। ਵਜ਼ੀਰ ਨੇ ਯਾਹੀਯਾ ਖਾਨ ਨੂੰ ਆਪਣਾ ਨਾਇਬ ਥਾਪ ਕੇ ਲਾਹੌਰ ਉਸਦੇ ਹਵਾਲੇ ਕਰ ਦਿਤਾ। ਇਹ ਫੈਸਲਾ ੩ ਜਨਵਰੀ ੧੭੪੬ ਈ: ਨੂੰ ਹੋਇਆ। ਏਸ ਤਰ੍ਹਾਂ ਲਾਹੌਰ ੬ ਮਹੀਨੇ ਤਕ ਬਿਨਾਂ ਸੂਬੇਦਾਰ ਹੀ ਰਿਹਾ। ਮੋਮਨ ਖਾਂ ਤਾਂ ਡੰਗ-ਟਪਾਊ ਸੀ। ਇਸ ਵਕਫ਼ੇ ਵਿਚ ਪੰਜਾਬ ਦੇ ਵਾਤਾਵਰਨ ਵਿਚ ਬਹੁਤ ਕੁਝ ਵਾਪਰਿਆ।

**ਸਿੰਘ ਫਿਰ ਮਾਝੇ ਵਿਚ ਦਿਸਣ ਲਗ ਪਏ–**

ਸਰਕਾਰਾਂ ਜਦ ਆਪਣੇ ਅੰਦਰੂਨੀ ਝਮੇਲਿਆਂ ਵਿਚ ਫਸ ਜਾਣ ਤਾਂ ਵਿਰੋਧੀਆਂ ਦਾ ਸੋਹਣਾ ਦਾਅ ਫਬ ਜਾਂਦੈ। ਨਵਾਬ ਖਾਨ ਬਹਾਦਰ ਦੀ ਮੌਤ ਪਿਛੋਂ ਹਾਕਮਾਂ ਨੂੰ ਆਪਣੀ ਪਈ ਹੋਈ ਸੀ। ਸਰਕਾਰੀ ਪ੍ਰਬੰਧ ਨੂੰ ਕੌਣ ਸੰਭਾਲੇ। ਸੋ ਇਹ ਛੇ ਮਹੀਨੇ ਸਿੰਘਾਂ ਲਈ ਬੜਾ ਲਾਹੇਵੰਦਾ ਸਮਾਂ ਸੀ। ਸਿੰਘਾਂ ਦੇ ਕਈ ਜਥੇ ਖਾਨ ਬਹਾਦਰ ਦੇ ਜੀਊਂਦਿਆਂ ਹੀ ਅੰਮ੍ਰਿਤਸਰ ਸਾਹਿਬ ਆ ਬਿਰਾਜੇ ਸਨ। ਫੌਜ ਵੀ ਲਾਗੇ ਨਹੀਂ ਸੀ ਢੁਕਦੀ। ਉਸ ਦੇ ਮਰਨ ਪਿਛੋਂ ਹਜ਼ਾਰਾਂ ਹੀ ਸਿੰਘ ਬੀਕਾਨੇਰ ਤੇ ਮਾਲਵੇ ਨੂੰ ਛੱਡ ਕੇ ਸਤਲੁਜ ਟੱਪ, ਮਾਝੇ ਵਿਚ ਆਣ ਇਕੱਠੇ ਹੋਏ। ਸੌ ਸੌ ਤੇ ਦੋ ਦੋ ਸੌ ਦੇ ਜਥੇ ਬਣਾ ਕੇ ਪੰਜਾਬ ਵਿਚ ਖਿਲਰ ਗਏ ਤੇ ਲੱਗੇ ਮਲਾਂ ਮਾਰਨ। ਵਿਰੋਧੀਆਂ ਦੇ ਘਰ ਪਈ ਦਾ ਲਾਭ ਉਠਾ ਕੇ ਸਿੰਘਾਂ ਦੂਰ ਦੂਰ ਤਕ ਲੁਟ-ਮਾਰ ਕੀਤੀ ਤੇ ਮਾਲਾ-ਮਾਲ ਹੋ ਗਏ। ਇਸ ਛੇ ਮਹੀਨਿਆਂ ਦੀ ਗੜਬੜ ਨੇ ਸਾਰਾ ਦੇਸ਼ ਦਰੜ-ਫਰੜ ਕਰ ਦਿੱਤਾ। ਕੁਝ ਲੁਟਿਆ ਗਿਆ ਤੇ ਰਹਿੰਦੇ ਦਾ ਸਰਕਾਰ ਦੇ ਭ਼ਾਰੇ ਲਗਾਨ ਤੇ ਮਾਮਲੇ ਨੇ ਸਾਹ ਸਤ ਖਿਚ ਲਿਆ। ਮਾਝੇ ਦੇ ਜੱਟਾਂ ਵਾਸਤੇ ਹੁਣ ਦੋ ਹੀ ਰਾਹ ਰਹਿ ਗਏ ਸਨ, ਜਾਂ ਤਾਂ ਉਹ ਪਸ਼ੂ ਡੰਗਰ ਤੇ ਹੋਰ ਮਾਲ ਅਸਬਾਬ ਵੇਚ ਵਟ ਕੇ ਸਰਕਾਰ ਦਾ ਮਾਮਲਾ ਪੂਰਾ ਕਰਨ ਅਤੇ ਆਪ ਭੁਖੇ ਮਰਨ ਤੇ ਜਾਂ ਰਠਾ ਸਿੰਘਾਂ ਨਾਲ ਰਲ ਕੇ ਆਪ ਲੁਟ-ਮਾਰ ਕਰ ਕੇ ਛਕਣ ਛਕਾਉਣ। ਸੋ ਉਨ੍ਹਾਂ ਵਿਚੋਂ ਬਹੁਤਿਆਂ ਨੇ ਤੇ ਖ਼ਾਸ ਕਰ ਕੇ ਗੱਭਰੂਆਂ ਨੇ ਸਿੰਘਾਂ ਨਾਲ ਰਲਣ ਵਾਲਾ ਰਾਹ ਹੀ ਫੜਿਆ। ਖੁੰਢਾਂ, ਸੱਥਾਂ ਤੇ ਰਾਤ ਨੂੰ ਧੂਇਆਂ ਤੇ ਬਹਿ ਕੇ ਲੋਕ ਸਿੰਘਾਂ ਦੇ ਧਾੜਿਆਂ ਦੀਆਂ ਗੱਲਾਂ ਕਰਦੇ ਤੇ ਮੁਗਲ ਫੌਜਾਂ ਨਾਲ ਦੋ ਦੋ ਹੱਥ ਕਰਨ ਦੇ ਸਾਕੇ ਸੁਣਦੇ ਤਾਂ ਉਨ੍ਹਾਂ ਨੂੰ ਇਹ ਗੱਲਾਂ ਬੜੀਆਂ ਚੰਗੀਆਂ ਲੱਗਦੀਆਂ। ਜੁਆਨੀ ਵਿਚ ਜ਼ੋਰ ਵਿਖਾਉਣ ਲਈ ਖਹਿਣ ਦਾ ਚਾਅ ਹੁੰਦੈ। ਕੁਝ ਕਰ ਗੁਜ਼ਰਨ ਲਈ ਤੇ ਖ਼ਤਰਿਆਂ ਨਾਲ ਖੇਡਣ ਲਈ ਦਿਲ ਉਛਲਦੇ। ਇਸ ਲਈ ਉਨ੍ਹਾਂ ਨੂੰ ਜਾਨ ਜੋਖਮ ਵਾਲੀਆਂ ਸੂਰਮਿਆਂ ਦੀਆਂ ਸਾਖੀਆਂ ਹੀ ਪਸੰਦ ਆਉਂਦੀਆਂ ਹਨ।

ਸਿੰਘਾਂ ਨਾਲ ਰਲਣ ਵਾਸਤੇ ਕਿਹੜੀ ਸਰਕਾਰੀ ਮਨਜ਼ੂਰੀ ਦੀ ਲੋੜ ਸੀ। ਸਿਰਫ ਵਧੀਆ ਘੋੜਾ ਜਾਂ ਘੋੜੀ ਤੇ ਚੰਗਾ ਹਥਿਆਰ ਪਾਸ ਹੋਣਾ ਜ਼ਰੂਰੀ ਸੀ। ਜੋਸ਼ੀਲੇ ਗੱਭਰੂ ਘਰ ਦੀ ਜਾਂ ਪਿੰਡ 'ਚੋਂ ਕਿਸੇ ਦੀ ਘੋੜੀ ਭਜਾ ਤੇ ਘਰੋਂ ਰੁਪਏ ਪੈਸੇ ਜਾਂ ਜ਼ੇਵਰ ਆਦਿ ਚੁਰਾ ਕੇ, ਤਲਵਾਰ ਬੰਦੂਕ ਤੇ ਕਈ ਹਾਲਤਾਂ ਵਿਚ ਘੋੜੀ ਖਰੀਦ ਕੇ ਸਿੰਘਾਂ ਦੇ ਜਥੇ ਵਿਚ ਜਾ ਰਲਦੇ[੯] ਤੇ ਅੰਮ੍ਰਿਤ ਛਕ ਕੇ ਸਿੰਘ ਸਜ ਜਾਂਦੇ।

ਇਸ ਵੇਲੇ ਸਿਖ ਸਰਦਾਰਾਂ ਦੇ ਜਥਿਆਂ ਵਿਚ ਸ਼ਾਮਲ ਸਿਪਾਹੀਆਂ ਨੂੰ ਕੋਈ ਬਝਵੀਂ ਤਨਖਾਹ ਨਹੀਂ ਸੀ


www.AKJ.Org

ਮਿਲਿਆ ਕਰਦੀ। ਉਹਨਾਂ ਨੂੰ ਲੁਟ ਦੇ ਮਾਲ ਚੋਂ ਬਣਦਾ ਹਿੱਸਾ ਮਿਲਿਆ ਕਰਦਾ ਸੀ। ਜਦ ਕਿਤੇ ਬਹੁਤ ਜਥੇ ਮਿਲ ਕੇ ਕਿਸੇ ਵਡੇ ਸ਼ਿਕਾਰ ਤੇ ਪੈਂਦੇ ਤਾਂ ਹਰ ਇਕ ਸਰਦਾਰ ਨੂੰ ਲੁੱਟ-ਮਾਰ ਦੇ ਮਾਲ 'ਚੋਂ ਉਸ ਦੇ ਸਿਪਾਹੀਆਂ ਦੀ ਗਿਣਤੀ ਅਨੁਸਾਰ ਹਿੱਸਾ ਮਿਲਦਾ ਤੇ ਉਹ ਇਸ ਮਿਲੇ ਹਿੱਸੇ ਨੂੰ ਅੱਗੇ ਆਪਣੇ ਸਿਖ ਸਿਪਾਹੀਆਂ ਵਿਚ ਵੰਡ ਦੇਂਦਾ। ਉਸ ਵੇਲੇ ਸਿਖ ਸਿਪਾਹੀਆਂ ਵਿਚ ਅਨੁਸ਼ਾਸਨ ਸੀ। ਜਥੇਬੰਦੀ ਨੂੰ ਮਜ਼ਬੂਤ ਤੋਂ ਮਜ਼ਬੂਤ ਤਰ ਬਨਾਉਣ ਵਾਸਤੇ ਹਰ ਇਕ ਸਿਖ ਆਪਣੇ ਜਥੇਦਾਰ ਦੀ ਤਾਬਿਆ ਵਿਚ ਰਹਿੰਦਾ, ਉਸ ਦੇ ਹੁਕਮ ਦੀ ਪਾਲਣਾ ਕਰਦਾ, ਬੇਸ਼ਕ ਜਾਨ ਵੀ ਚਲੀ ਜਾਵੇ। ਜਥੇਬੰਦਕ ਤੌਰ ਤੇ ਜਥੇਦਾਰ ਦਾ ਮਰਤਬਾ ਬਹੁਤ ਬੁਲੰਦ ਹੁੰਦਾ ਸੀ। ਪਰ ਹਾਂ, ਸਮਾਜਕ ਤੇ ਧਾਰਮਕ ਪੱਖੋਂ ਹਰ ਸਿਖ ਦਾ ਦਰਜਾ ਇਕੋ ਜਿਹਾ ਹੁੰਦਾ ਸੀ। ਕੋਈ ਊਚ ਨੀਚ ਜਾਂ ਛੂਤ ਛਾਤ ਨਹੀਂ ਸੀ। ਹਰ ਕੋਈ ਇਕ ਦੂਸਰੇ ਦੇ ਸਾਹੀਂ ਜੀਊਂਦਾ ਸੀ। ਜੋ ਵੀ ਮਾਰ ਮਾਰਦੇ, ਵੰਡ ਕੇ ਛਕਦੇ। ਕੁਝ ਲੁਕਾ ਕੇ ਰਖ ਲੈਣਾ ਜਾਂ ਕੱਲ-ਖੋਰੀ ਕਰਨ ਦਾ ਤਾਂ ਸੁਆਲ ਹੀ ਪੈਦਾ ਨਹੀਂ ਸੀ ਹੁੰਦਾ।

**ਸਿੰਘਾਂ ਦੀ ਗਿਣਤੀ ਵਿਚ ਵਾਧਾ–**

ਸਿੰਘਾਂ ਦੇ ਵਿਰੁਧ ਅਬਦੁੱਸਮਦ ਖਾਨ, ਜ਼ਕਰੀਆ ਖਾਨ ਦਾ ਬਾਪ ਤੇ ਪੰਜਾਬ ਦਾ ਗਵਰਨਰ, ਜ਼ਕਰੀਆ ਖਾਨ ਆਪ ਸਿੰਘਾਂ ਨੂੰ ਨੇਸਤੋ ਨਾਬੂਦ ਕਰ ਸੁਟਣ ਵਿਚ ਆਪਣਾ ਸਾਰਾ ਤਾਣ ਲਾ ਥਕੇ ਸਨ। ਇਹ ਮਾਰਦੇ ਮਾਰਦੇ ਆਪ ਮਰ ਗਏ, ਪਰ ਸਿੰਘ ਨਾ ਮੁਕੇ। ਹੁਣ ਯਾਹੀਯਾ ਖਾਨ ਸੂਬੇਦਾਰੀ ਦੀ ਗੱਦੀ ਤੇ ਸੀ। ਇਹ ਵੀ ਤੁਅਸਬੀ ਮੁਲਾਣਿਆਂ ਦੇ ਟੇਟੇ ਚੜ੍ਹ ਚੁਕਾ ਸੀ। ਪਰ ਉਧਰ ਸਿੰਘਾਂ ਦੀ ਤਾਕਤ ਵੀ ਅੱਗੇ ਨਾਲੋਂ ਕਈ ਗੁਣਾ ਜ਼ਿਆਦਾ ਸੀ। ਯਾਹੀਯਾ ਖਾਨ ਨੇ ਹਿਸ ਕੇ ਸਿੰਘਾਂ ਦੇ ਗਲੇ ਪੈਣ ਦੀ ਪਾਲਿਸੀ ਨੂੰ ਨਾ ਅਪਣਾਇਆ, ਸਿੰਘਾਂ ਨਾਲ ਇਸ ਨੂੰ ਕੋਈ ਮੋਹ ਪਿਆਰ ਨਹੀਂ ਸੀ। ਗਲ ਸਿਰਫ ਏਨੀ ਸੀ ਕਿ ਉਹ ਸਿੰਘਾਂ ਦੇ ਹਠ ਤੇ ਬਾਹੂ-ਬਲ ਨੂੰ ਚੰਗੀ ਤਰ੍ਹਾਂ ਸਮਝਦਾ ਸੀ।

ਸਿੰਘ ਖ਼ੂਬ ਵਧੇ ਫੁਲੇ। ਗਿਣਤੀ ਬਹੁਤ ਵਧ ਗਈ। ਸਾਰਿਆਂ ਦਾ ਇਕੱਠੇ ਚਲਣਾ ਔਖਾ ਹੋ ਗਿਆ। ਉਨ੍ਹਾਂ ਦੇ ਸਿਆਣੇ ਜਰਨੈਲਾਂ ਸੋਚ ਕੇ ਇਹ ਗੁਰਮਤਾ ਪਕਾਇਆ ਕਿ ਇਕ ਮਜ਼ਬੂਤ ਜਥੇਬੰਦੀ ਵਿਚ ਖਾਲਸੇ ਦੇ ਛੋਟੇ ਛੋਟੇ ਜਥੇ ਬਣਾਏ ਜਾਣ, ਜੋ ਲੁਟ-ਮਾਰ ਕਰਨ ਵੇਲੇ ਤਾਂ ਆਪਣੇ ਸਰਦਾਰ ਦੀ ਆਗਿਆ ਵਿਚ ਸੁਤੰਤਰ ਹੋਣ, ਪਰ ਸਾਂਝੀ ਭੀੜ ਬਣੀ ਵਿਚ ਸਾਰੇ ਪੰਥ ਦੀ ਇਕ ਜਥੇਬੰਦੀ ਵਿਚ ਕੰਮ ਕਰਨ। ੧੭੪੫ ਈ: ਦੀ ਦੀਵਾਲੀ ੧੬ ਅਕਤੂਬਰ ਨੂੰ ਸੀ। ਇਸ ਦਿਨ ਸ੍ਰੀ ਅੰਮ੍ਰਿਤਸਰ ਬੜਾ ਵੱਡਾ ਇਕੱਠ ਹੋਇਆ। ਗੁਰਮਤਾ ਪਾਸ ਕੀਤਾ ਗਿਆ। ਸਿੰਘਾਂ ਦੇ ੩੦ ਜਥੇ ਬਣਾਏ ਗਏ। ਇਸ ਸਾਂਝੀ ਫੌਜ ਦਾ ਨਾਂ "ਦਲ ਖਾਲਸਾ" ਰਖਿਆ ਗਿਆ। ਇਨ੍ਹਾਂ ਦੇ ਜਥੇਦਾਰਾਂ ਦੇ ਨਾਮ ਹੇਠ ਲਿਖੇ ਅਨੁਸਾਰ ਸਨ :—

੧. ਨਵਾਬ ਕਪੂਰ ਸਿੰਘ ਫੈਜ਼ੁਲਾ ਪੁਰੀਆਂ (ਸਿੰਘ ਪੁਰੀਆ)। ੨. ਸ਼ਾਮ ਸਿੰਘ ਪਿੰਡ ਨਾਰੋਕੇ (ਜ਼ਿਲਾ ਸਿਆਲਕੋਟ)। ੩. ਗੁਰਬਖਸ਼ ਸਿੰਘ ਕਲਸੀਆ। ੪. ਕਰੋੜਾ ਸਿੰਘ, ਪੈਜ ਗੜ੍ਹ। ੫. ਕਰਮ ਸਿੰਘ ਪੈਜ ਗੜ੍ਹ। ੬. ਗੁਰਦਿਆਲ ਸਿੰਘ ਡਲੇਵਾਲੀਆ। ੭. ਦਿਆਲ ਸਿੰਘ ਡਲੇਵਾਲੀਆ। ੮. ਨੌਧ ਸਿੰਘ ਸੁਕਰਚੱਕੀਆ। ੯. ਚੰਦਾ ਸਿੰਘ ਸੁਕਰਚੱਕੀਆ। ੧੦. ਕਾਲਾ ਸਿੰਘ ਪਿੰਡ ਕੰਗਾਂ। ੧੧. ਖਿਆਲਾ ਸਿੰਘ ਪਿੰਡ ਕੰਗ। ੧੨. ਬਾਵਾ ਸਿੰਘ ਪਿੰਡ ਹੱਲੋਵਾਲ। ੧੩. ਜੱਸਾ ਸਿੰਘ ਪਿੰਡ ਆਹਲੂ। ੧੪. ਹਰੀ ਸਿੰਘ ਪਿੰਡ ਪੰਜਵੜ। ੧੫. ਛੱਜਾ ਸਿੰਘ ਪਿੰਡ ਪੰਜਵੜ। ੧੬. ਦੀਪ ਸਿੰਘ "ਸ਼ਹੀਦ"। ੧੭. ਸੁਧਾ ਸਿੰਘ ਸ਼ਹੀਦ। ੧੮. ਸੁਖਾ ਸਿੰਘ ਤਖਾਣ ਪਿੰਡ ਮਾੜੀ ਕੰਬੋਕੀ। ੧੯. ਜੱਸਾ ਸਿੰਘ (ਰਾਮਗੜ੍ਹੀਆ)। ੨੦. ਭੋਮਾ ਸਿੰਘ ਕਨ੍ਹਈਆ। ੨੧. ਜੈ ਸਿੰਘ ਕਨ੍ਹਈਆ। ੨੨. ਹਕੀਕਤ ਸਿੰਘ ਕਨ੍ਹਈਆ। ੨੩. ਹੀਰਾ ਸਿੰਘ ਨਕਈ। ੨੪. ਸੱਦਾ ਸਿੰਘ ਨਕਈ। ੨੫. ਕਰਮ ਸਿੰਘ ਅੰਮ੍ਰਿਤਸਰ। ੨੬. ਧਰਮ ਸਿੰਘ ਅੰਮ੍ਰਿਤਸਰ। ੨੭. ਜੀਊਣ ਸਿੰਘ ਮਜ਼ਬੀ। ੨੮. ਬਦਨ ਸਿੰਘ ਮਜ਼ਬੀ। ੨੯. ਬੀਰ ਸਿੰਘ ਮਜ਼ਬੀ। ੩੦. ਅੱਘੜ ਸਿੰਘ ਮਜ਼ਬੀ।[੧੦]

—ਚਲਦਾ]



www.AKJ.Org

## ਹਵਾਲੇ ਤੇ ਫੁਟ ਨੋਟ

੧. ਇਹ ਰਵਾਇਤ ਵੀ ਬਹੁਤ ਮਸ਼ਹੂਰ ਹੈ ਕਿ ਪੱਟੀ ਦੇ ਉਸ ਸਮੇਂ ਦੇ ਮੁਸਲਮਾਨ ਫੌਜਦਾਰ ਨੇ ਪੱਟੀ ਦੇ ਇਕ ਗਰੀਬ ਮੁਸਲਮਾਨ ਮਾਛੀ ਰਹੀਮ ਬਖਸ਼ ਦੀ ਨੌਜਵਾਨ ਕੁਆਰੀ ਲੜਕੀ ਨੂੰ ਹਿੱਕ ਦੇ ਧੱਕੇ ਨਾਲ ਘਰ ਪਾ ਲਿਆ ਸੀ। ਉਸ ਨੇ ਲਾਹੌਰ ਜਾ ਦੁਹਾਈ ਦਿਤੀ, ਪਰ ਜ਼ਕਰੀਆ ਖਾਨ ਨੇ ਕੋਈ ਨਾ ਸੁਣੀ। ਲਾਹੌਰੋਂ ਮੁੜਦਿਆਂ ਪਿੰਡ ਪੂਹਲੇ ਅੱਪੜ ਕੇ ਭਾਈ ਤਾਰੂ ਸਿੰਘ ਨੂੰ ਆਪਣੀ ਦੁਖ ਭਰੀ ਵਿਥਿਆ ਜਾ ਸੁਣਾਈ। ਬੁਢੇ ਮਾਛੀ ਦੀ ਫ਼ਰਿਆਦ ਮੰਨ ਕੇ ਜੰਗਲ ਵਿਚੋਂ ਸਿੰਘਾਂ ਦਾ ਜਥਾ ਲੈ ਕੇ ਰਾਤੋ ਰਾਤ ਪੱਟੀ ਤੇ ਜਾ ਪਏ। ਫੌਜਦਾਰ ਨੂੰ ਕਤਲ ਕਰ ਕੇ ਮਾਛੀ ਦੀ ਲੜਕੀ ਲਿਆ ਕੇ ਉਸ ਦੇ ਹਵਾਲੇ ਕਰ ਦਿਤੀ। ਇਹ ਜੁਰਮ ਵੀ ਭਾਈ ਜੀ ਦੇ ਜ਼ਿੰਮੇ ਸੀ। ਜੰਡਿਆਲੀਏ ਨਿਰੰਜਨੀਏ ਦੀ ਚੁਗਲੀ ਤੇ ਫੌਜਦਾਰ ਦਾ ਕਤਲ ਲਾਗੇ ਸ਼ਾਗੇ ਹੀ ਹੋਇਆ ਜਾਪਦੈ।

੨. ਪੰਥ ਪ੍ਰਕਾਸ਼, ਗਿ: ਗਿਆਨ ਸਿੰਘ, ਪੰਨਾ ੬੪੭
ਸ: ਰਤਨ ਸਿੰਘ ਭੰਗੂ–ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ ੨੭੫

੩. ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ ੨੭੪

੪. ਪੰਥ ਪ੍ਰਕਾਸ਼, ਪੰਨਾ ੬੪੭

੫. ਪੰਥ ਪ੍ਰਕਾਸ਼, ਪੰਨਾ ੬੫੦
ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ ੨੭੬

੬. ,, ,, ੨੭੭

੭. ਉਸ ਸਮੇਂ ਤੋਂ ਚਲੀ ਆ ਰਹੀ ਪ੍ਰਚਲਤ ਕਥਾ ਅਨੁਸਾਰ ਖੋਪਰਾ ਲਾਹੇ ਜਾਣ ਤੋਂ ਪਿਛੋਂ ਭਾਈ ਤਾਰੂ ਸਿੰਘ ਨੂੰ ਕਚਹਿਰੀ ਵਾਲੀ ਖਾਈ ਵਿਚ ਸੁਟਵਾ ਦਿਤਾ ਗਿਆ ਸੀ। ਇਥੋਂ ਹੀ ਲਾਹੌਰ ਦੇ ਸਿਖ ਭਾਈ ਸਾਹਿਬ ਨੂੰ ਚੁਕ ਕੇ ਲੈ ਗਏ ਸਨ।

੮. ਜਾਦੂ ਨਾਥ ਸਰਕਾਰ, ਪੰਨਾ ੧੯੧

੯. ਡਾਕਟਰ ਹਰੀ ਰਾਮ ਗੁਪਤਾ–ਸਿਖ ਇਤਿਹਾਸ ਹਿੱਸਾ ਪਹਿਲਾ, ਪੰਨਾ ੨੨
ਬੂਟੇ ਸ਼ਾਹ–ਤਾਰੀਖ਼ ਪੰਜਾਬ, ਪੰਨਾ ੩੦੮

੧੦. ਗਿਆਨੀ ਗਿਆਨ ਸਿੰਘ–ਪੰਥ ਪ੍ਰਕਾਸ਼, ਪੰਨੇ ੬੬੪-੬੫
,, ,, ਸ਼ਮਸ਼ੇਰ ਖਾਲਸਾ (ਗੁਰਮੁਖੀ), ਪੰਨਾ

---


## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟਰੈਕਟ ਤੇ ਪੁਸਤਕਾਂ

ਜੀਵਨ ਚਰਿੱਤਰ ਭਾਈ ਸਾਹਿਬ ਰਣਧੀਰ ਸਿੰਘ ਜੀ [ਕਈ ਵਾਧੇ, ੧੦ ਚਿਤਰ, ੨੭੨ ਪੰਨੇ, ਸੁੰਦਰ ਦੱਖ] ੧੦-੦੦

| | | | |
|---|---|---|---|
| ਕੇਸਕੀ [ਦਸਤਾਰ] | ੨-੫੦ | ਗੁਰਬਾਣੀ ਦੀ ਪਾਰਸ ਕਲਾ [ਭਾ: ਸਾਹਿਬ ਕ੍ਰਿਤ] | ੧-੫੦ |
| ਖਾਲਸਾ ਰਹਿਤ ਮਰਯਾਦਾ | ੩-੫੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ,, | ੨-੦੦ |
| ਗੁਰਸਿਖ ਰਹਿਣੀ [ਪ੍ਰੋ: ਅਮਰਜੀਤ ਕੌਰ] | ੨-੦੦ | ਕੀ ਕੇਸ ਰਖਣੇ ਜ਼ਰੂਰੀ ਹਨ ? ,, | ੧-੦੦ |
| ਕਉ ਕਿਉ ਮੁਰਗੀ ਮਾਰੈ [ਤਲਵਾੜਾ ਜੀ] | ੨-੦੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ,, | ੧-੦੦ |
| HAIR—A Divine Gift | 1-00 | ਗੁਰਮਤਿ ਅਨਹਦ ਸ਼ਬਦ ,, | ੧-੦੦ |
| Dawn of Divine Wisdom | 1-50 | ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ ,, | ੦-੭੫ |
| ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ | ੨-੦੦ | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ ,, | ੧-੫੦ |
| ਗੁਰਬਾਣੀ ਰਹਿਤਨਾਮਾ | ੧-੦੦ | ਜਬ ਲਗ ਖਾਲਸਾ ਰਹੇ ਨਿਆਰਾ ,, | ੧-੦੦ |
| | | ਖਾਲਸਾ ਜੀ ਦਾ ਗੁਰਮਤਿ ਆਦਰਸ਼ ,, | ੦-੭੫ |
| ਸ੍ਰੀ ਭਗਉਤੀ ਪ੍ਰਬੋਧ [ਚੋਣਵੇਂ ਵਿਦਵਾਨਾਂ ਦੇ ਲੇਖ] | ੨-੦੦ | ਰਾਗਮਾਲ ਬਾਰੇ ਵਿਚਾਰ [ਉਘੇ ਵਿਦਵਾਨ] ਨਵੀਂ ਛਾਪ | ੨-੦੦ |




www.AKJ.Org

# ਗੁਰਮਤਿ ਵਿਚ ਕਾਲ ਤੇ ਅਉਸਰ ਦਾ ਸੰਕਲਪ

[ਡਾਕਟਰ ਜਸਵੰਤ ਸਿੰਘ ਜੀ ਨੇਕੀ]

੨੮.੪.੭੨ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਡਾਕਟਰ ਨੇਕੀ ਜੀ ਦੀ 'ਗੁਰਮਤਿ ਵਿਚ ਕਾਲ ਤੇ ਅਉਸਰ' ਬਾਰੇ ਚਰਚਾ ਸੁਣਨ ਗਏ ਤਾਂ ਉਨ੍ਹਾਂ ਦੇ ਅਤਿ-ਗੰਭੀਰ ਤੇ ਪ੍ਰਭਾਵ-ਸ਼ਾਲੀ ਵਿਚਾਰ ਮਨ ਦੀਆਂ ਡੂੰਘਾਈਆਂ ਵਿਚ ਉਤਰਦੇ ਗਏ। ਪਾਠਕਾਂ ਦੀ ਜਾਣਕਾਰੀ ਲਈ ਇਸ ਲੇਖ ਦਾ ਵਿਚੋਂ ਵਿਚੋਂ ਟੂਕ-ਮਾਤਰ ਕੁਝ ਅੰਸ਼ ਦੇ ਰਹੇ ਹਾਂ। ਪੂਰਾ ਲੇਖ ਪੂਰੇ ਹਵਾਲਿਆਂ ਸਹਿਤ, ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਪੁਸਤਕ "ਸਿਧ ਗੋਸਟਿ ਅਤੇ ਹੋਰ ਲੇਖ" ਵਿਚ ਛਾਪਿਆ ਹੋਇਆ ਹੈ। —ਸੰਪਾਦਕ

ਮਨੁੱਖੀ ਚੇਤਨਾ ਲਈ 'ਕਾਲ' ਦਾ ਅਨੁਭਵ ਕਈ ਵਿਰੋਧਾਭਾਸਾਂ-ਭਰਿਆ ਅਨੁਭਵ ਹੈ। ਇਕ ਪਾਸੇ ਤਾਂ ਇਸ ਨੂੰ ਕਾਲ-ਚੱਕਰ ਦੇ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ, ਦੂਜੇ ਪਾਸੇ ਇਕ ਸੇਧ ਵਿਚ ਤੁਰੇ ਜਾਂਦੇ ਵਹਾਉ ਦੇ ਰੂਪ ਵਿਚ। ਦਿਨਾਂ ਤੇ ਰਾਤਾਂ ਦੀ ਨਿਰੰਤਰ ਸੰਗਲੀ, ਰੁੱਤਾਂ ਮਗਰੋਂ ਰੁੱਤਾਂ ਦੀ ਵਾਰੋ ਵਾਰ ਤਰਤੀਬ, ਆਵਾ-ਗਉਣ ਦਾ ਅਟੁਟ ਸਿਲਸਿਲਾ—ਇਹ ਸਭ ਚੱਕਰ-ਕਰਮ ਵਿਚ ਬਝੇ, ਕਿਸੇ ਐਸੇ ਕਾਲ ਦੇ ਲਖਾਇਕ ਹਨ ਜਿਸ ਵਿਚ ਨਿਰੰਤਰਤਾ ਵੀ ਹੈ ਤੇ ਇਕਸਾਰਤਾ ਵੀ। ਪਰ 'ਵਹਾਉ' ਦੇ ਬਿੰਬ ਅਨੁਸਾਰ ਸਮਾਂ ਕਿਸੇ 'ਆਦਿ' (ਜਿਸ ਤੋਂ ਪਹਿਲਾਂ ਕੁਝ ਵੀ ਨਹੀਂ ਸੀ) ਤੇ ਕਿਸੇ 'ਅੰਤ' (ਜਿਸ ਤੋਂ ਮਗਰੋਂ ਕੁਝ ਨਹੀਂ ਰਹਿਣਾ) ਦੀਆਂ ਹੱਦਾਂ ਵਿਚਾਲੇ ਭਵਿੱਖ ਤੋਂ ਵਰਤਮਾਨ ਤੇ ਵਰਤਮਾਨ ਤੋਂ ਭੂਤ ਵਲ ਤੁਰਿਆ ਜਾਂਦਾ ਹੈ। ਇਹ ਇਕ ਅਰੁਕ ਵਹਾਉ ਹੈ, ਜੋ 'ਠਹਿਰਨ ਜਾਚ ਨਾ ਜਾਣਦਾ' ਤੇ 'ਲੰਘ ਗਿਆ ਨ ਮੁੜ ਕੇ ਆਵੰਦਾ'। ਜੇ ਸਮਾਂ ਇਕੋ ਲੀਹੇ, ਇਕੋ ਸੇਧੇ ਤੁਰਿਆ ਜਾ ਰਿਹਾ ਹੈ ਤਾਂ ਲੰਘ ਗਏ ਨੇ ਮੁੜ ਕਦੇ ਨਹੀਂ ਪਰਤਣਾ। ਇਨ੍ਹਾਂ ਦੋਹਾਂ ਵਿਚੋਂ ਕਿਹੜੀ ਸੰਭਾਵਨਾ ਸਤਿ ਹੈ ਤੇ ਕਿਹੜੀ ਅਸਤਿ—ਏਹੋ ਸਮੇਂ ਦੀ ਬੁਝਾਰਤ ਹੈ।

ਜੇ ਸਮਾਂ ਇਕ ਬੁਝਾਰਤ ਹੈ, ਇਸ ਦਾ 'ਆਦਿ' ਜਾਂ ਆਰੰਭ ਇਕ ਮੁਢਲੀ ਅੜਾਉਣੀ ਹੈ। ਹਰ ਚੜ੍ਹਦਾ ਸੂਰਜ ਧੁੰਧੂਕਾਰ ਉਪਰ ਨਵੀਂ ਵਿਜੈ ਦਾ ਲਖਾਇਕ ਹੈ, ਹਰ ਤਿਉਹਾਰ ਪ੍ਰਕਿਰਤੀ ਨੂੰ ਨਵੀਂ ਨੁਹਾਰ ਵਿਚ ਵੇਖਦਾ ਹੈ; ਹਰ ਬਿਜਾਈ ਇਕ ਨਵੀਂ ਸਿਰਜਨਾ ਹੈ; ਹਰੇਕ ਮੰਦਰ ਕਿਸੇ ਬ੍ਰਹਿਮੰਡ ਦੀ ਸਿਰਜਨਾ ਹੈ; ਹਰੇਕ ਘਟਨਾ ਕਿਸੇ ਨੇਮ ਦੀ ਉਭਰਦੀ-ਉਤਰਦੀ ਕਾਂਗ ਹੈ ਤੇ ਹਰ ਕਾਨੂੰਨ ਸੂਰਜ ਦੇ ਦਿਤੇ ਹੋਏ ਕਿਸੇ ਨੇਮ ਦੀ ਸਜਰੀ ਪਾਲਨਾ ਹੈ। ਉਪਰੋਕਤ ਕਥਨ ਦਾ ਹਰ ਵਾਕੰਸ਼ ਪ੍ਰਾਕ੍ਰਿਤਿਕ ਬਿੰਬਾਵਲੀ ਰਾਹੀਂ ਪੇਸ਼ ਕੀਤਾ ਗਿਆ ਹੈ, ਪਰ ਜਾਪਦਾ ਇਉਂ ਹੈ ਜਿਵੇਂ ਇਸ ਵਿਚ ਪ੍ਰਕਿਰਤੀ ਦਾ ਮਰਮ ਬਦਲ ਗਿਆ ਹੈ। ਇਕ ਵਿਰਲ ਜਿਹੀ ਜਿਵੇਂ ਪੈ ਗਈ ਹੈ, ਇਕ ਸਕਤਾ ਜਿਹਾ ਜਿਵੇਂ ਆ ਗਿਆ ਹੈ, ਜਿਸ ਨੇ ਸਾਰਾ ਕੁਝ ਬਦਲ ਕੇ ਰੱਖ ਦਿਤਾ ਹੋਵੇ।

ਜਿਸ ਨੂੰ ਅਸੀਂ ਆਰੰਭ ਕਹਿੰਦੇ ਹਾਂ, ਆਖ਼ਰ ਉਸ ਤੋਂ ਪਹਿਲਾਂ ਵੀ ਤਾਂ ਕੁਝ ਵਾਪਰ ਚੁਕਾ ਹੁੰਦਾ ਹੈ। ਬੀਤਿਆ ਹੋਇਆ ਸਮੁੱਚਾ ਸਮਾਂ ਆਰੰਭ ਵੇਲੇ ਤਕ ਹੋ ਚੁਕਾ ਹੁੰਦਾ ਹੈ। ਇਸ ਨਾਤੇ ਹਰ 'ਆਰੰਭ' ਕਿਸੇ ਬੀਤੇ ਦਾ ਸ਼ਿਖਰ ਹੁੰਦਾ ਹੈ—ਤੇ ਆਰੰਭਾਂ ਦੇ ਇਕ ਸਿਲਸਿਲੇ ਨੂੰ ਹੀ ਅਸੀਂ ਸਮੇਂ ਦਾ ਨਾਂ ਦਿੰਦੇ ਹਾਂ।

ਸਮੇਂ ਦੀਆਂ ਬਾਹਾਂ ਵਿਚ ਸਾਡਾ ਜੀਵਨ ਨਿਤ-ਨਵੇਂ ਆਰੰਭਾਂ ਰਾਹੀਂ ਵਿਗਸਦਾ ਹੈ—ਨਿਤ-ਨਵੀਂ ਪ੍ਰਭਾਤੇ ਜਾਗਣਾ, ਹਰ ਨਵੇਂ ਸਾਲ ਨਵਾਂ ਸੰਮਤ ਬਦਲਣਾ; ਨਿਤ-ਨਵਾਂ ਕੰਮ ਛੁਹਣਾ, ਨਿਤ-ਨਵਾਂ ਕਦਮ ਪੁਟਣਾ, ਇਹੋ ਸਾਡੀ ਵਿਥਿਆ ਹੈ। ਸਾਡਾ ਹਰ ਨਵਾਂ ਕਦਮ, ਹਰ ਨਵਾਂ ਕੰਮ ਇਕ ਨਵਾਂ ਆਰੰਭ ਹੁੰਦਾ ਹੈ। ਹਰ ਆਰੰਭ ਪਾਸ ਇਕ ਜਾਦੂ ਹੁੰਦਾ ਹੈ, ਜੋ ਜੀਵਨ ਨੂੰ ਉਂਗਲੀ ਲਾ ਕੇ ਨਾਲ ਤੋਰ ਲਿਜਾਂਦਾ ਹੈ। ਆਰੰਭ ਦਾ ਇਹ ਜਾਦੂ 'ਬੀਤੇ' ਤੋਂ 'ਹੁਣ' ਤਕ ਤੇ 'ਹੁਣ' ਤੋਂ 'ਬੀਤੇ' ਤਕ ਪੁਲ ਬੰਨ੍ਹਦਾ ਹੈ।

'ਆਦਿ' ਵਾਂਗ ਹੀ 'ਅੰਤ' ਵੀ ਸਮੇਂ ਦੀ ਇਕ ਹੋਰ ਅੜਾਉਣੀ ਹੈ। ਕਾਲ-ਚੱਕਰ ਦੇ ਕਿਸੇ ਖਾਸ ਮੁਕਾਮ ਉਤੇ ਕੋਈ ਪੁਰਖ ਪ੍ਰਗਟਦਾ ਹੈ, ਜੋ ਕਿਸੇ ਉਚੇਚੀ ਹੋਣੀ ਦਾ ਐਲਾਨ ਕਰਦਾ ਹੈ—ਕਿਸੇ ਮਹਿਸ਼ਰ ਦਾ, ਆਖ਼ਿਰਤ ਦੇ ਕਿਸੇ ਦਿਨ ਦਾ, ਕਿਸੇ ਮੁਕਤੀ ਦਾ, ਕਿਸੇ ਅੰਤਮ ਸੰਘਰਸ਼ ਦਾ, ਤੇ ਮਨੁੱਖੀ ਸਮੇਂ ਨੂੰ ਆਦਿ ਤੇ ਅੰਤ ਦੇ ਬੰਧਨਾਂ ਵਿਚ



www.AKJ.Org

ਬੰਨ੍ਹ ਜਾਂਦਾ ਹੈ। ਐਪਰ ਆਖਿਰਤ ਤੋਂ ਬਾਅਦ ਵੀ ਕੁਝ ਹੁੰਦਾ ਹੈ, ਮਹਿਸ਼ਰ ਤੋਂ ਮਗਰੋਂ ਵੀ ਕੁਝ ਵਾਪਰਦਾ ਹੈ। 'ਅੰਤ' ਕਦੇ ਅੰਤ ਨਹੀਂ ਹੁੰਦਾ, ਸਗੋਂ ਸਮਾਂ 'ਆਦਿ' ਅਤੇ 'ਅੰਤ' ਦਾ ਇਕ ਸਿਲਸਿਲਾ ਬਣ ਨਿਬੜਦਾ ਹੈ।

ਹਾਮਾਨ ਦੇ ਸ਼ਬਦਾਂ ਵਿਚ ਸਮੇਂ ਦਾ ਹਰ ਛਿਨ ਹਰ ਦੂਜੇ ਛਿਨ ਤੋਂ ਵਖਰਾ ਹੁੰਦਾ ਹੈ ਤੇ ਹਰ ਘੜੀ ਦੂਜੀ ਘੜੀ ਤੋਂ ਅਲਗ। ਲਗਾਤਾਰਤਾ ਦਾ ਅਨੁਭਵ ਤਾਂ ਵਿਧਾਤਾ ਦੇ ਸੂਤਰ ਕਰਕੇ ਹੈ, ਜਿਸ ਵਿਚ ਸਭ ਘੜੀਆਂ-ਪਲਾਂ ਦੇ ਮਣਕੇ ਪਰੁੱਤੇ ਹੋਏ ਹਨ। ਐਪਰ ਮਨੁੱਖ ਕਦੇ ਕਦੇ ਆਪਣਾ ਵਿਧਾਤਾ ਆਪ ਵੀ ਬਣ ਜਾਂਦਾ ਹੈ, ਤੇ ਹਰ ਆਰੰਭ ਨਾਲ ਸਮੇਂ ਦੀ ਪੁਨਰ-ਸਥਾਪਨਾ ਕਰਦਾ ਹੈ। ਉਹ ਜ਼ਿੰਦਗੀ ਨੂੰ ਸਮੇਂ ਨਾਲ ਤੇ ਸਮੇਂ ਨੂੰ ਜ਼ਿੰਦਗੀ ਨਾਲ ਭਰਦਾ ਹੈ। ਉਹ ਸਮੇਂ ਨੂੰ ਸਥਾਨ ਵਿਚ ਬਦਲ ਕੇ ਉਸ ਨੂੰ ਪਧਰਿਆਂ ਕਰ ਸਕਣ ਦੇ ਸਮਰੱਥ ਹੈ। ਉਹ ਘੜੀਆਂ-ਘੜਿਆਲਾਂ ਨੂੰ ਵਰਤਦਾ ਤੇ ਪੈਮਾਇਸ਼ਾਂ ਦਾ ਪ੍ਰਯੋਗ ਕਰਦਾ ਹੈ, ਐਪਰ ਇਨ੍ਹਾਂ ਆਸਰੇ ਜੀ ਨਹੀਂ ਸਕਦਾ।

ਜਦੋਂ ਵੀ ਅਸੀਂ ਸਮੇਂ ਦੇ ਸਥਾਨ ਦੀ ਗੱਲ ਕਰਦੇ ਹਾਂ, ਤਾਂ ਨਿਸਚੇ ਹੀ ਅਸੀਂ ਆਪਣੇ ਨਿਜੀ ਜੀਵਨ ਦੀ ਗੱਲ ਕਰਦੇ ਹਾਂ—ਕਿਸੇ ਸਖਣੇ ਸਥਾਨ ਦੀ ਨਹੀਂ; ਕਿਸੇ ਸੁੰਨਸਾਨ ਸਮੇਂ ਦੀ ਨਹੀਂ; ਅਸੀਂ ਤਾਂ ਕਿਸੇ ਜੀਊਂਦੀ ਜਾਗਦੀ ਪੌਰਾਣਿਕ ਸਿਰਜਣਾ (ਮਿੱਥ) ਦੀ ਗੱਲ ਕਰਦੇ ਹਾਂ। ਸਮੇਂ ਦੀ ਕੁੱਖ ਸਖਣੀ ਹੋਵੇ ਤਾਂ ਵੀ ਗਰਭਵਾਨ ਹੁੰਦੀ ਹੈ, ਤੇ ਜੋ ਕੁਝ ਇਸ ਦੇ ਗਰਭ ਵਿਚ ਪਲਦਾ ਹੈ ਉਹ ਇਕ ਮਿੱਥ ਹੈ। ਸਾਡਾ ਪੌਰਾਣਿਕ ਬਿਰਤਾਂਤ ਉਨ੍ਹਾਂ ਹੀ ਘਟਨਾਵਾਂ ਦਾ ਨਿਰੂਪਣ ਕਰਦਾ ਹੈ, ਜੋ ਆਦਿਮ ਪਵਿੱਤਰ ਸਮੇਂ ਦੇ ਰੰਗ-ਮੰਚ ਉਪਰ ਸਾਕਾਰ ਹੋਈਆਂ। ਇਹ ਪੌਰਾਣਿਕ ਜਾਂ ਮਾਰਮਿਕ ਸਮਾਂ ਸਾਡੇ ਸੰਸਾਰਿਕ ਸਮੇਂ ਤੋਂ ਭਿੰਨ ਹੈ। ਇਸ ਵਿਚ ਵਿਚਰਦਿਆਂ ਅਸੀਂ ਜਿਵੇਂ ਆਪਣੇ ਨਿਤ ਦੇ ਨਿਜੀ, ਮਿਤੀਵਾਚਕ, ਇਤਿਹਾਸਿਕ ਸਮੇਂ ਤੋਂ ਅਲਗ ਹੋ ਕੇ (ਘਟੋ ਘਟ ਸੰਕੇਤਕ ਪੱਧਰ ਉਤੇ) ਇਕ ਐਸੇ 'ਮਹਾਕਾਲ' ਵਿਚ ਵਿਚਰਨ ਲਗ ਪੈਂਦੇ ਹਾਂ, ਜਿਸ ਦੇ ਖਿਣ ਕਿਸੇ ਮਿਣਤੀ ਵਿਚ ਨਹੀਂ ਆ ਸਕਦੇ, ਕਿਉਂਜੁ ਉਨ੍ਹਾਂ ਦੀ ਮੁਣਿਆਦ ਕੋਈ ਨਹੀਂ ਹੁੰਦੀ।

ਅਜਿਹੇ ਮਹਾਕਾਲ ਦੀ ਰੂਪ-ਰੇਖਾ ਮਨੁੱਖ ਦੇ ਆਦਿਮ ਬਿੰਬਾਂ ਵਿਚ ਮੌਜੂਦ ਹੈ, ਤੇ ਸਮੇਂ ਸਮੇਂ ਭਿੰਨ ਭਿੰਨ ਰੂਪਾਂ ਵਿਚ ਰੂਪਮਾਨ ਹੁੰਦੀ ਆਈ ਹੈ। ਹਰ ਧਰਮ, ਹਰ ਲੋਕ-ਗਾਥਾ, ਹਰ ਪੁਰਾਣ ਵਿਚ ਇਨ੍ਹਾਂ ਆਦਿਮ ਬਿੰਬਾਂ ਦੇ ਵਿਕੋਲਿੱਤਰੇ ਰੂਪ ਮੌਜੂਦ ਹਨ। ਅੱਜ ਦੀ ਇਹ ਚਰਚਾ **ਗੁਰਮਤਿ ਵਿਚ ਆਏ 'ਕਾਲ' ਤੇ 'ਅਉਸਰ' ਦੇ ਸੰਕਲਪਾਂ** ਦਾ ਵਿਸ਼ਲੇਸ਼ਣ ਪੇਸ਼ ਕਰਨ ਦਾ ਉਪਰਾਲਾ ਹੈ।

**'ਸਮੇਂ' ਤੋਂ ਪੂਰਵ 'ਹੋਂਦ'—**

(ਸ੍ਰੀ ਗੁਰੂ ਗ੍ਰੰਥ ਸਾਹਿਬ) ਆਦਿ ਗ੍ਰੰਥ ਜਿਸ ਕਰਤਾ ਪੁਰਖ ਦੀ ਅਰਾਧਨਾ ਨਾਲ ਆਰੰਭ ਹੁੰਦਾ ਹੈ, ਉਸ ਬਾਰੇ ਨਿਸਚੇ ਨਾਲ ਕਿਹਾ ਗਿਆ ਹੈ ਕਿ ਉਹ ਆਦਿ ਭੀ ਸੱਚ ਸੀ, ਜੁਗਾਦਿ ਭੀ ਸੱਚ ਸੀ, ਹੁਣ ਭੀ ਸੱਚ ਹੈ, ਤੇ ਸਦਾ ਸਦਾ ਲਈ ਸੱਚ ਰਹੇਗਾ ਵੀ। ਸੱਚ ਸ਼ਬਦ ਸੰਸਕ੍ਰਿਤ ਦੇ 'ਸਤਜ' ਪਦ ਦਾ ਪ੍ਰਾਕ੍ਰਿਤ ਰੂਪ ਹੈ, ਜੋ 'ਅਸ' ਧਾਤੂ ਤੋਂ ਬਣਿਆ ਹੈ ਤੇ ਜਿਸ ਦਾ ਅਰਥ ਹੈ 'ਹੈ'। ਇਸ ਨਾਤੇ 'ਸਤਜ' ਜਾਂ 'ਸੱਚ' ਉਹ ਹੋਂਦ ਹੈ ਜੋ ਸਦਾ ਥਿਰ ਹੈ, ਜੋ ਆਦਿ, ਅਨਾਦਿ ਤੇ ਅਨਾਹਤਿ ਹੈ ਤੇ ਜੁਗ ਜੁਗ ਜਿਸ ਦਾ ਵੇਸੁ ਏਕੋ ਹੈ। ਆਦਿ ਗ੍ਰੰਥ ਦੇ ਆਰੰਭ ਵਿਚ ਹੀ ਇਸ ਹੋਂਦ ਨੂੰ ਨਾ-ਕੇਵਲ ਤਿੰਨਾਂ ਕਾਲਾਂ (ਭੂਤ, ਭਵਿੱਖ ਤੇ ਵਰਤਮਾਨ) ਵਿਚ, ਅਬਾਧ ਰੂਪ ਵਿਚ, ਸਦਾ ਥਿਰ ਹੀ ਮੰਨਿਆ ਗਿਆ ਹੈ, ਸਗੋਂ 'ਆਦਿ ਸੱਚ' ਨੂੰ 'ਜੁਗਾਦਿ ਸੱਚ' ਤੋਂ ਨਿਖੇੜ ਕੇ, ਇਸ ਹੋਂਦ ਨੂੰ ਸਮੇਂ ਤੋਂ ਵੀ ਪੂਰਬਲੀ ਕਰ ਕੇ ਥਾਪਿਆ ਗਿਆ ਹੈ। ਦੂਜੇ ਸ਼ਬਦਾਂ ਵਿਚ, ਸਿਖ ਵਿਚਾਰ-ਧਾਰਾ ਅਨੁਸਾਰ, 'ਸਦੀਵਤਾ' ਨੂੰ 'ਕਾਲ' ਦੀ ਹੋਂਦ ਤੋਂ ਪੂਰਬਲਾ ਕਰ ਕੇ ਮੰਨਿਆ ਗਿਆ ਹੈ। ਜਦੋਂ ਕਾਲ ਅਜੇ ਤੁਰਿਆ ਵੀ ਨਹੀਂ ਸੀ, ਓਦੋਂ ਵੀ ਅਕਾਲ ਹੈ ਸੀ। ਕਾਲ ਦੀ ਮੁਣਿਆਦ ਹੁੰਦੀ ਹੈ, ਅਕਾਲ ਦੀ ਮੁਣਿਆਦ ਕੋਈ ਨਹੀਂ ਹੁੰਦੀ। ਜੋ ਸਮੇਂ ਦੇ ਅੰਦਰ ਹੈ, ਉਸ ਦੀ ਮੁਣਿਆਦਾ ਹੈ, ਉਹ ਹੰਢ-ਛਿੱਜ ਕੇ ਨਿਬੜ ਜਾਂਦਾ ਹੈ। 'ਕਾਲ' ਦੇ ਬਣਾਏ ਹੋਏ ਨੂੰ ਕਾਲ ਹੀ ਚਬਾ ਜਾਂਦਾ ਹੈ। ਐਪਰ ਹੋਂਦ ਕੇਵਲ ਸਮੇਂ ਦੇ ਅੰਦਰ ਹੀ ਨਹੀਂ, ਸਮੇਂ ਤੋਂ ਪੂਰਬਲੀ, ਸਮੇਂ ਤੋਂ ਪਰ੍ਹਾਂ ਦੀ ਵੀ ਹੋ ਸਕਦੀ ਹੈ। ਇਉਂ ਸਿਖ-ਮੱਤ ਅਨੁਸਾਰ ਨਿਰਾਕਾਰ ਪਰਮਾਤਮਾ ਦੀ ਹੋਂਦ ਇਕ ਪਰਾਸਾਮਿਅਕ ਨਿਰੰਤਰਤਾ ਹੈ। ਉਹ ਉਦੋਂ



www.AKJ.Org

ਵੀ ਮੌਜੂਦ ਸੀ ਜਦੋਂ ਅਜੇ ਸਮੇਂ ਦੀ ਸਿਰਜਨਾ ਵੀ ਨਹੀਂ ਸੀ ਹੋਈ।......

**ਬ੍ਰਹਮ ਦੇ ਦੋ ਰੂਪ**–ਗੁਰਮਤਿ ਵਿਚ ਪਾਰਬ੍ਰਹਮ ਨੂੰ ਸਮੇਂ ਤੇ ਸਥਾਨ ਤੋਂ ਮੁਕਤ ਮੰਨਿਆ ਗਿਆ ਹੈ। ਇਸ ਲਈ ਉਸ ਨੂੰ 'ਅਦੇਸੰ' ਵੀ ਕਿਹਾ ਗਿਆ ਹੈ, ਤੇ 'ਕਾਲ ਰਹੰਤ ਅਨਕਾਲ ਸਰੂਪਾ' ਵੀ।

ਉਸ ਦਾ ਸਥਾਨ-ਮੁਕਤ ਹੋਣਾ ਦੋ ਪ੍ਰਕਾਰ ਦੇ ਰੂਪਕਾਂ ਰਾਹੀਂ ਨਿਰੂਪਿਆ ਗਿਆ ਹੈ। ਪਹਿਲੀ ਤਰ੍ਹਾਂ ਦਾ ਰੂਪਕ ਉਸ ਦੀ ਵਿਸ਼ਾਲਤਾ ਚਿਤਰ ਕੇ ਉਸ ਦਾ ਨਿਰੂਪਣ ਕਰਦਾ ਹੈ, ਜਿਵੇਂ ਉਸ ਨੂੰ 'ਚੱਤ੍ਰ ਚੱਕ੍ਰ ਵਰਤੀ', 'ਸਰਬਤ੍ਰ ਦੇਸੈ' ਜਾਂ 'ਸਮਸਤਸਤ ਧਾਮੰ' ਆਖ ਕੇ ਜਾਂ ਪਰੇ ਤੋਂ ਪਰੇ ਮੰਨ ਕੇ ਤੇ ਦੂਜੀ ਤਰ੍ਹਾਂ ਦਾ ਰੂਪਕ, ਉਸ ਦੀ ਸਥਾਨ-ਮੁਕਤੀ ਦੇ ਸੰਕਲਪ ਦਾ ਪ੍ਰਗਟਾਉ ਉਸ ਨੂੰ ਅਤਿਅੰਤ ਨੇੜੇ ਦਰਸਾ ਕੇ, ਉਸ ਨੂੰ 'ਨੇਰੈ ਹੂ ਤੇ ਨੇਰੈ' ਮੰਨ ਕੇ ਕਰਦਾ ਹੈ। ਕਈ ਰੂਪਕਾਂ ਵਿਚ ਇਕੋ ਵਕਤ ਉਸ ਦਾ ਵਿਸ਼ਾਲ ਤੋਂ ਵਿਸ਼ਾਲ ਤੇ ਨਿੱਕੇ ਤੋਂ ਨਿੱਕਾ ਰੂਪ ਦਰਸਾਂ ਕੇ, ਉਸ ਦੀ ਸਥਾਨ-ਮੁਕਤੀ ਨੂੰ ਨਿਰੂਪਿਆ ਗਿਆ ਹੈ--ਜਿਵੇਂ 'ਗਿਰੇ ਹਰੀ, ਗੁਫੇ ਹਰੀ' ਜਾਂ 'ਜੋ ਬ੍ਰਹਮੰਡੇ ਸੋਈ ਪਿੰਡੇ' ਆਖ ਕੇ, ਅਥਵਾ 'ਸਭ ਤੇ ਦੂਰਿ ਸਭਨ ਤੇ ਨੇਰਾ' ਕਹਿ ਕੇ।

ਸਥਾਨ-ਮੁਕਤੀ ਵਾਂਗ, ਪਾਰਬ੍ਰਹਮ ਦੀ ਕਾਲ-ਮੁਕਤੀ ਨੂੰ ਵੀ ਦੋ ਪ੍ਰਕਾਰ ਦੇ ਰੂਪਕਾਂ ਰਾਹੀਂ ਦਰਸਾਇਆ ਗਿਆ ਹੈ। ਇਕ ਰੂਪਕ ਉਸ ਦੀ ਸਾਮਿਅਕ ਅਨੰਤਤਾ ਦੇ ਲਖਾਇਕ ਹਨ, ਜਿਵੇਂ 'ਅਕਾਲ ਉਸਤਤਿ' ਦੇ ਇਹ ਪਦ ਹਨ: ਆਦਿ ਅੰਤਿ ਨ ਮਧ ਜਾ ਕੋ ਭੂਤ ਭਬ ਭਵਾਨ॥

ਸਤ ਦੁਆਪਰ ਤ੍ਰਿਤੀਆ ਕਲਜੁਗ ਚਤ੍ਰ ਕਾਲ ਪ੍ਰਧਾਨ ॥੧੯॥੧੯੯॥

ਦੂਜੀ ਤਰ੍ਹਾਂ ਦੇ ਰੂਪਕਾਂ ਵਿਚ ਬਿਜਲੀ ਦੇ ਕੌਂਦ ਜਾਣ ਵਾਂਗ, ਉਸ ਦੀ ਪਲਕ-ਝਲਕ ਝਲਕਾਰ ਰਾਹੀਂ ਪ੍ਰਗਟਾਇਆ ਹੈ। 'ਅਕਾਲ ਉਸਤਤਿ' ਵਿਚ ਵਿਸ਼ੇਸ਼ ਤੌਰ ਉਤੇ 'ਦਾਮਨੀ ਪ੍ਰਕਾਸ਼', 'ਦਾਮਨੀ ਪ੍ਰਹਾਸੇ', 'ਦਾਮਨੀ ਦਮੰਕਣ' ਅਥਵਾ 'ਚੰਚਲਾ ਪ੍ਰਅੰਗੀ' ਵਰਗੇ ਪਦ ਵਰਤ ਕੇ ਬ੍ਰਹਮ-ਸ਼ਕਤੀ ਦਾ ਨਿਰੂਪਣ ਕੀਤਾ ਗਿਆ ਹੈ। ਨਾਮਦੇਵ ਜੀ ਨੇ ਵੀ ਕਿਹਾ ਹੈ— ਰਤਨ ਕਮਲ ਕੋਠਰੀ ਚਮਕਾਰ ਬੀਜੁਲ ਤਹੀ॥ (ਪੰਨਾ ੬੫੭)

ਤੇ ਕਬੀਰ ਜੀ ਨੇ ਇਉਂ ਅਨੁਭਵ ਕੀਤਾ ਜਿਵੇਂ—

ਬਿਜਲੀ ਚਮਕੈ ਹੋਇ ਅਨੰਦੁ ਜਿਹ ਪਉੜੇ ਪ੍ਰਭ ਬਾਲ ਗੋਬਿੰਦ॥ (ਪੰਨਾ ੧੧੬੨)......

ਗੁਰਮਤਿ ਵਿਚ ਪਾਰਬ੍ਰਹਮ ਲਈ ਵਰਤਿਆ ਗਿਆ 'ਵਾਹਿਗੁਰੂ' ਪਦ ਇਹੋ ਦਰਸਾਉਂਦਾ ਹੈ ਕਿ ਉਹ ਅਕਾਲ, ਚਤ੍ਰ ਕਾਲ ਪ੍ਰਧਾਨ, ਗੁਰੂ-ਪਾਰਬ੍ਰਹਮ, ਇਕ 'ਵਾਹ' ਵਿਚ ਆਣ ਸਿਮਟਿਆ ਹੈ।

ਇਉਂ ਇਕ ਸਿਰੇ ਅਨੰਤਤਾ ਤੇ ਦੂਜੇ ਸਿਰੇ ਖਿਣਕ-ਕਾਲ ਉਸੇ ਬ੍ਰਹਮ ਦੇ ਦੋ ਰੂਪ ਹਨ। ਉਹ ਤਦ ਸੀ, ਜਦ ਸਮਾਂ ਵੀ ਨਹੀਂ ਸੀ, ਜਦ ਅਣਕਾਲਤਾ ਦਾ ਪਹਿਰਾ ਸੀ ਤੇ ਅਣਕਾਲਤਾ ਵਿਚ ਨਾ ਕੋਈ ਆਦਿ ਹੁੰਦਾ ਹੈ ਨਾ ਕੋਈ ਅੰਤ। ਉਹ ਅਕਾਲ ਹੈ, ਤੇ ਉਹੀ ਸਰਬਕਾਲ।

**ਅਉਸਰ**–

ਉਹ ਜੋ ਅਨੰਤ ਤੇ ਅਕਾਲ ਸੀ, ਸਮੇਂ ਵਿਚ, ਇਤਿਹਾਸ ਵਿਚ ਆਣ ਪ੍ਰਗਟਿਆ। ਇਹ ਸਿਰਜਨਾ ਦਾ ਪ੍ਰਾਥਮਿਕ ਛਿਨ ਸੀ, ਜਦ ਉਸ ਨੇ ਆਪਣੀ ਲੀਲ੍ਹਾ ਰਾਹੀਂ ਇਕ ਪ੍ਰਪੰਚ-ਆਕਾਰ ਰਚਿਆ ਤੇ ਤਿੰਨਾਂ ਗੁਣਾਂ ਵਿਚ ਆਪਣਾ ਪ੍ਰਵੇਸ਼ ਕੀਤਾ। ਉਸ ਨੇ ਪ੍ਰਾਥਮਿਕ ਸੁੰਨ ਵਿਚੋਂ ਰਾਤ ਤੇ ਦਿਨ ਸਾਜੇ, ਜੰਮਣਾ ਮਰਨਾ ਤੇ ਦੁਖ-ਸੁਖ ਸਿਰਜੇ। ਸੁੰਨਹੁ ਹੀ ਸਿਰਜੇ ਪੰਜਾਂ ਤੱਤਾਂ ਦਾ ਸੰਜੋਗੀ ਜੀਵ ਘੜਿਆ ਤੇ ਉਸ ਨੂੰ ਕਰਮਾਂ ਦੇ ਅਭਿਆਸ ਵਿਚ ਲਾ ਦਿੱਤਾ। ਪਾਪ ਤੇ ਪੁੰਨ ਦੀ ਕਹਾਵਤ ਓਦੋਂ ਤੋਂ ਹੀ ਚਲੀ। ਇਹ ਉਹ ਪ੍ਰਾਥਮਿਕ ਛਿਨ ਸੀ ਜਦ ਨਿਰਗੁਣ, ਸਰਗੁਣ ਹੋ ਗਿਆ, ਅਰੂਪ ਨੇ ਰੂਪ ਧਾਰਨ ਕਰ ਲਿਆ ਤੇ ਸੁੰਨ ਸਮਾਧੀ ਵਿਚ ਅਫੁਰ ਪਿਆ ਬ੍ਰਹਮ, ਸਫੁਰ ਤੇ ਗਤੀਸ਼ੀਲ ਹੋ ਗਿਆ। ਇਉਂ ਉਸ ਨੇ ਇਕ ਖੇਡ ਰਚ ਲਈ, ਜਿਸ ਨੂੰ ਹੁਣ ਉਹ ਵੇਖ ਵੇਖ ਕੇ ਵਿਗਸਦਾ ਹੈ। ਇਉਂ ਇਹ ਪ੍ਰਾਥਮਿਕ ਖਿਨ, ਇਕ 'ਅਉਸਰ' ਸੀ, ਇਕ ਸਿਰਜਨਾਤਮਕ ਅਉਸਰ।

'ਅਉਸਰ' ਸ਼ਬਦ 'ਸ੍ਰੀ' ਧਾਤੂ ਤੋਂ 'ਅਨ' ਅਗੇਤਰ ਲਾਣ ਨਾਲ ਬਣਿਆ ਹੈ। 'ਸ੍ਰਿ' ਦੇ ਕਈ ਅਰਥ ਹਨ।...



www.AKJ.Org

'ਅਉਸਰ', ਡਟ ਜਾਣ ਜਾਂ ਭਜ ਜਾਣ, ਹੱਲਾ ਕਰਨ ਜਾਂ ਬਚ ਨਿਕਲਣ, ਆਰੰਭਣ ਜਾਂ ਉਸਾਰਨ, ਸਿਰਜਣ ਜਾਂ ਸੁਆਰਨ ਲਈ ਕਿਸੇ ਉਚਿਤ ਛਿਨ ਦਾ ਨਾਮ ਹੈ। ਦੂਜੇ ਸ਼ਬਦਾਂ ਵਿਚ 'ਅਉਸਰ' ਅਤਿਅੰਤ ਗਤੀਸ਼ੀਲ ਸੰਭਾਵਨਾਵਾਂ ਵਾਲਾ ਉਹ ਛਿਨ ਹੈ ਜਦ ਫੁਰਨੇ ਫੁਰਦੇ ਤੇ ਸੁਪਨੇ ਸਾਕਾਰ ਹੁੰਦੇ ਹਨ।

ਪੰਜਾਬ ਦੀ ਇਕ ਲੋਕ-ਗਾਥਾ 'ਅਉਸਰ' ਦੇ ਸੰਕਲਪ ਦੀ ਬੜੀ ਸੁੰਦਰਤਾ ਨਾਲ ਵਿਆਖਿਆ ਕਰਦੀ ਹੈ—

ਕਹਿੰਦੇ ਹਨ, ਕਿਸੇ ਨਦੀ ਦੇ ਕੰਢੇ ਇਕ ਸਾਧੂ ਆਪਣੇ ਚੇਲਿਆਂ ਸਣੇ ਵਿਚਰ ਰਿਹਾ ਸੀ। ਇਕ ਦਿਨ ਉਸ ਨੇ ਆਪਣੇ ਚੇਲਿਆਂ ਨੂੰ ਦਸਿਆ ਕਿ ਦਿਨ ਤੇ ਰਾਤ ਦੇ ਅੱਠਾਂ ਪਹਿਰਾਂ ਵਿਚ ਇਕ 'ਅਉਸਰ' ਦਾ ਛਿਨ ਅਜਿਹਾ ਆਉਂਦਾ ਹੈ ਜਦੋਂ ਜੋ ਇੱਛਾ ਮਨ ਵਿਚ ਹੋਵੇ ਤਤਕਾਲ ਪੂਰੀ ਹੋ ਜਾਂਦੀ ਹੈ. ਐਪਰ ਇਹ ਪਹਿਲਾਂ ਤੋਂ ਪਤਾ ਨਹੀਂ ਲਗ ਸਕਦਾ ਕਿ ਅੱਠਾਂ ਪਹਿਰਾਂ ਵਿਚ 'ਅਉਸਰ' ਦਾ ਇਹ ਪਲ ਕਦੋਂ ਆਉਣਾ ਹੈ। ਉਸ ਦੇ ਇਕ ਚੇਲੇ ਨੇ ਸੋਚਿਆ, ਅਉਸਰ ਦੇ ਛਿਨ ਨੂੰ ਪਕੜਨਾ ਕੀ ਮੁਸ਼ਕਲ ਹੈ? ਇਕ ਜਗਰਾਤਾ ਕਰੋ ਤੇ ਅੱਠ ਪਹਿਰ, ਪੂਰੀ ਸਾਵਧਾਨੀ ਨਾਲ, ਆਪਣੀ ਨਿਜੀ ਇੱਛਾ ਨੂੰ ਲਗਾਤਾਰ ਆਪਣੇ ਮਨ ਵਿਚ ਦੁਹਰਾਉਂਦੇ ਰਹੋ। ਜੇਕਰ 'ਅਉਸਰ' ਅੱਠਾਂ ਪਹਿਰਾਂ ਵਿਚ ਸੱਚ ਮੁੱਚ ਆਉਂਦਾ ਹੈ ਤਾਂ ਅਜਿਹੀ ਸਾਵਧਾਨੀ ਤੋਂ ਕਿਵੇਂ ਬਚ ਸਕਦਾ ਹੈ? ਉਸ ਨੇ ਮਨ ਵਿਚ ਸੰਕਲਪ ਬਣਾ ਲਿਆ ਕਿ ਇਹ ਤਜਰਬਾ ਕਰ ਕੇ ਵੇਖਣਾ ਹੈ। ਨਾਲੇ ਉਸ ਨੇ ਸੋਚਿਆ, ਸਾਧੂ ਮਹਾਰਾਜ ਦੇ ਬਚਨਾਂ ਦੀ ਅਜ਼ਮਾਇਸ਼ ਵੀ ਹੋ ਜਾਵੇਗੀ।

ਅਗਲੇ ਦਿਨ ਉਹ ਤੜਕਸਾਰ ਕਾਂਸੀ ਦੀ ਇਕ ਗਾਗਰ ਆਪਣੇ ਸਾਹਵੇਂ ਰਖ ਕੇ ਬੈਠ ਗਿਆ ਤੇ ਬੜੀ ਸਾਵਧਾਨੀ ਨਾਲ ਆਪਣੇ ਮਨ ਵਿਚ ਇਹ ਇੱਛਾ ਦੁਹਰਾਉਣ ਲਗ ਪਿਆ ਕਿ ਇਹ ਗਾਗਰ ਸੋਨੇ ਦੀ ਬਣ ਜਾਵੇ। ਸਾਰਾ ਦਿਨ ਉਹ ਆਪਣੇ ਆਸਣ ਉਤੇ ਡਟਿਆ ਰਿਹਾ, ਤੇ ਆਪਣੀ ਇਹ ਚਿਤਵਨੀ ਚਿਤਵਦਾ ਰਿਹਾ। ਫੇਰ ਦਿਨ ਢਲ ਗਿਆ, ਸ਼ਾਮ ਦੇ ਹਨੇਰੇ ਉਤਰ ਆਏ, ਹਨੇਰੇ ਡੂੰਘੇ ਹੋ ਗਏ ਪਰ ਕਾਂਸੀ ਦੀ ਗਾਗਰ ਅਜੇ ਓਵੇਂ ਦੀ ਓਵੇਂ ਹੀ ਸੀ। ਉਸ ਦੀਆਂ ਪਲਕਾਂ ਨੀਂਦ ਨਾਲ ਭਾਰੀਆਂ ਹੋਣ ਲਗੀਆਂ, ਐਪਰ ਹਠ ਨਾਲ ਉਹ ਆਪਣੇ ਜਤਨ ਵਿਚ ਜੁਟਿਆ ਰਿਹਾ ਤੇ ਹੋਰ ਵੀ ਦ੍ਰਿੜ੍ਹਤਾ ਨਾਲ ਆਪਣੀ ਇੱਛਾ ਨੂੰ ਦੁਹਰਾਉਣ ਲਗਾ। ਅੱਧੀ ਰਾਤ ਤੋਂ ਉਪਰ ਦਾ ਸਮਾਂ ਹੋ ਗਿਆ। ਥਕੇਵਾਂ ਤੇ ਅਕੇਵਾਂ ਉਸ ਉਤੇ ਭਾਰੂ ਹੋਣ ਲਗਾ, ਐਪਰ ਕਾਂਸੀ ਦੀ ਗਾਗਰ ਅਜੇ ਵੀ ਸੋਨੇ ਦੀ ਨਾ ਹੋਈ। ਉਸ ਦਾ ਸਬਰ ਥਿੜਕਣ ਤੇ ਨਿਸ਼ਚਾ ਡੋਲਣ ਲਗਾ, "ਸਾਧੂ ਮਹਾਰਾਜ ਨੇ ਐਵੇਂ ਗੱਪ ਹੀ ਮਾਰੀ ਹੋਣੀ ਏ" ਉਸ ਨੇ ਸੋਚਿਆ, "ਤਾਂ ਵੀ ਜਤਨ ਤਾਂ ਜਾਰੀ ਰਖਣਾ ਹੀ ਚਾਹੀਦਾ ਹੈ, ਘਟੋ ਘਟ ਇਹ ਤਾਂ ਸਿਧ ਹੋ ਜਾਵੇ ਕਿ ਇਹ ਗੱਪ ਸੀ।" ਹੁਣ ਕੁਝ ਘੜੀਆਂ ਦੀ ਗੱਲ ਹੀ ਤਾਂ ਸੀ। ਪਰ ਇਹ ਕੁਝ ਘੜੀਆਂ ਬੜੀਆਂ ਲੰਮੀਆਂ ਜਾਪ ਰਹੀਆਂ ਸਨ, ਕਿਉਂਜੁ ਥਕੇਵੇਂ ਕਾਰਨ ਉਸ ਦੀ ਬੇਚੈਨੀ ਪਲੋ ਪਲੀ ਵਧ ਰਹੀ ਸੀ। ਇਤਨੇ ਨੂੰ ਕੁੱਕੜ ਨੇ ਬਾਂਗ ਦਿਤੀ। ਉਸ ਨੇ ਸੋਚਿਆ, "ਰਾਤ ਤਾਂ ਬੀਤ ਵੀ ਚਲੀ ਹੈ, ਪਰ ਗਾਗਰ ਤਾਂ ਸੋਨੇ ਦੀ ਕੋਈ ਨਹੀਂ ਹੋਈ। ਛਿੱਥੇ ਪਏ ਨੇ ਖਿਝ ਕੇ ਕਿਹਾ, "ਕੋਹੜੀਏ ਗਾਗਰੇ! ਜੇ ਤੂੰ ਸੋਨੇ ਦੀ ਨਹੀਂ ਹੋਣਾ ਤਾਂ ਮਿੱਟੀ ਦੀ ਹੀ ਹੋ ਜਾ।" ਤਤਕਾਲ ਉਹ ਗਾਗਰ ਮਿੱਟੀ ਦੀ ਹੋ ਗਈ। ਅਉਸਰ ਦਾ ਛਿਨ ਆ ਗਿਆ ਸੀ।

ਇਸ ਗਾਥਾ ਅਨੁਸਾਰ **'ਅਉਸਰ' ਸੰਭਾਵਨਾਵਾਂ ਦੀ ਤਤਕਾਲੀਨ ਪੂਰਤੀ ਦਾ ਛਿਨ ਹੁੰਦਾ ਹੈ।** ਇਸ ਛਿਨ ਨੂੰ ਫੜ ਲਓ ਤਾਂ ਇਹ ਸੋਨੇ ਦਾ ਹੈ, ਲੰਘ ਜਾਵੇ ਤਾਂ ਮਿੱਟੀ ਹੋ ਜਾਂਦਾ ਹੈ। ਇਸ ਦੇ ਆਉਣ ਦੀ ਅਗਾਊਂ ਕੋਈ ਖਬਰ ਨਹੀਂ ਹੁੰਦੀ, ਇਸ ਲਈ ਇਸ ਨੂੰ ਫੜਨ ਲਈ ਬੜੀ ਚੌਕਸੀ ਤੇ ਸੋਝੀ ਦੀ ਲੋੜ ਹੁੰਦੀ ਹੈ। ਇਸ ਦੀਆਂ ਅਨੰਤ ਸੰਭਾਵਨਾਵਾਂ ਹਕੀਕਤ ਵਿਚ ਤਾਂ ਹੀ ਬਦਲ ਸਕਦੀਆਂ ਹਨ ਜੇਕਰ ਇਕ ਚੌਕੰਨੀ ਸਾਵਧਾਨੀ, ਤੇ ਇਕ ਤਿਆਰ-ਬਰ-ਤਿਆਰ ਤਤਪਰਤਾ ਇਸ ਨੂੰ ਉਡੀਕ ਰਹੀ ਹੋਵੇ ਤੇ ਇਸ ਨੂੰ ਆਉਂਦਿਆਂ ਹੀ ਫੜ ਲਵੇ।

ਇਸ ਦੀ ਪ੍ਰਾਪਤੀ ਲਈ ਕੇਵਲ ਸਾਵਧਾਨੀ ਤੇ ਤਤਪਰਤਾ ਹੀ ਕਾਫ਼ੀ ਨਹੀਂ, ਆਪਣਾ ਨਿਸ਼ਾਨਾ ਵੀ ਸਾਫ ਹੋਣਾ ਚਾਹੀਦਾ ਹੈ ਤੇ ਇਸ ਨਿਸ਼ਾਨੇ ਜਾਂ ਮਕਸਦ ਦੀ ਪ੍ਰਾਪਤੀ ਦੀ ਇੱਛਾ ਵੀ ਸਜੀਵ ਹੋਣੀ ਚਾਹੀਦੀ ਹੈ। ਇਸ ਨਾਤੇ ਅਉਸਰ ਦਾ ਛਿਨ ਕੋਈ ਸੂਨਯ ਨਹੀਂ, ਇਹ ਤਾਂ ਇਕ ਅਤਿਅੰਤ ਤੀਬਰਤਾ ਨਾਲ ਜੀਵਿਆ ਛਿਨ ਹੁੰਦਾ ਹੈ। ਪ੍ਰਾਥਮਿਕ ਅਉਸਰ ਦੇ ਉਸ ਛਿਨ ਵਿਚ ਜਦ ਬ੍ਰਹਮ ਨੇ ਆਪਣੀ ਅਫੁਰ ਸੁੰਨਤਾ ਵਿਚੋਂ ਨਿਕਲ ਕੇ ਸਫੁਰ ਅਵਸਥਾ ਵਿਚ ਪ੍ਰਵੇਸ਼ ਕੀਤਾ, ਉਸ ਦੀਆਂ ਅਨੰਤ ਸੰਭਾਵਨਾਵਾਂ ਸਾਕਾਰ ਹੋ ਗਈਆਂ ਤੇ ਨਿਰਗੁਣ ਸਰਗੁਣ ਹੋ ਗਿਆ (ਚਲਦਾ)

www.AKJ.Org

# ਸਿੱਖ ਸਭਿਆਚਾਰ

[ਪ੍ਰੋਫੈਸਰ ਹਰਬੰਸ ਸਿੰਘ ਜੀ, ਲੁਧਿਆਣਾ]

ਸੁਚੱਜੀ ਜੀਵਨ-ਜਾਚ ਦਾ ਦੂਜਾ ਨਾਮ ਹੈ ਸਭਿਆਚਾਰ। ਕਿਸੇ ਕੌਮ ਦਾ ਸਭਿਆਚਾਰ ਨਿਰਭਰ ਕਰਦਾ ਹੈ ਉਸਦੇ ਧਰਮ, ਬੋਲੀ ਤੇ ਉਸਦੀ ਲਿਪੀ, ਰਹਿਣ ਸਹਿਣ, ਖਾਣ ਪੀਣ, ਪੁਸ਼ਾਕ, ਰਸਮੋ ਰਿਵਾਜ, ਕਿਰਤ ਵਿਰਤ, ਵਿਦਿਆ, ਗਿਆਨ, ਹੁਨਰ, ਰਹਿਤਾਂ ਤੇ ਕੁਰਹਿਤਾਂ ਆਦਿ ਤੋਂ। ਸਿੱਖ ਸਭਿਆਚਾਰ ਘੁੰਮਦਾ ਹੈ ਬਾਣੀ (ਗੁਰੂ ਦੇ ਉਪਦੇਸ਼) ਤੇ ਬਾਣੇ (ਪਹਿਰਾਵੇ) ਦੇ ਦੁਆਲੇ। ਸਿੱਖ ਦਾ ਪੱਕਾ ਰਿਸ਼ਤਾ ਹੈ ਆਪਣੇ ਗੁਰੂ ਨਾਲ, ਗੁਰੂ ਤੋਂ ਬਿਨਾਂ ਉਹ ਇਕ ਕੌਡੀ ਮੁੱਲ ਦਾ ਵੀ ਨਹੀਂ, ਸਿਫਰ ਹੈ ਸਿਫਰ। ਸਿਫਰ ਨਾਲ ਏਕਾ (ਇੱਕ ਓਅੰਕਾਰ ਵਾਲਾ) ਲੱਗਣ ਨਾਲ ਉਸ ਦਾ ਮੁੱਲ ਪੈ ਜਾਂਦਾ ਹੈ, ਕੱਖਾਂ ਤੋਂ ਲੱਖਾਂ ਦਾ ਹੋ ਜਾਂਦਾ ਹੈ, ਸ਼ਾਹ ਹੋ ਜਾਂਦਾ ਹੈ. ਸਿਰਦਾਰ ਬਣ ਜਾਂਦਾ ਹੈ, "ਮੈ ਗੁਰ ਮਿਲਿ ਉਚ ਦੁਮਾਲੜਾ।" (ਪੰਨਾ ੭੪)

ਜੰਮਣ ਤੋਂ ਮਰਨ ਤਕ ਸਿੱਖ ਦੀ ਰਹੁ-ਰੀਤ ਗੁਰੂ ਦੇ ਉਪਦੇਸ਼ ਅਨੁਸਾਰ ਚਲਦੀ ਹੈ ਅਤੇ "ਇਕਾ ਬਾਣੀ, ਇਕੁ ਗੁਰੁ, ਇਕੋ ਸਬਦੁ ਵੀਚਾਰਿ।" (ਪੰਨਾ ੬੪੬) 'ਤੇ ਉਹ ਧਰਵਾਸ (ਯਕੀਨ) ਰੱਖਦਾ ਹੈ। ਉਹ ਇਕ ਅਕਾਲ ਪੁਰਖ ਦੀ ਅਰਾਧਨਾ ਕਰਦਾ ਹੈ, ਧੁਰ ਕੀ ਬਾਣੀ (ਗੁਰਬਾਣੀ) ਤੋਂ ਗਿਆਨ ਪ੍ਰਾਪਤ ਕਰਦਾ ਹੈ ਅਤੇ ਸੁਚੱਜੀ ਜੀਵਨ-ਜਾਚ ਸਿੱਖਦਾ ਹੈ, ਛੁੱਟੜ ਰੰਨ ਵਾਂਗ ਦਰ ਦਰ ਦੀਆਂ ਠੋਕਰਾਂ ਨਹੀਂ ਖਾਂਦਾ, ਵੱਖ ਵੱਖ ਦੇਵੀ ਦੇਵਤਿਆਂ ਅੱਗੇ ਨੱਕ ਨਹੀਂ ਰਗੜਦਾ।

ਸੁਚੱਜੀ ਜੀਵਨ-ਜਾਚ ਸਿੱਖਣ ਲਈ ਸਿੱਖ ਹਰ ਰੋਜ਼ ਗੁਰਦੁਆਰੇ ਜਾਂਦਾ ਹੈ, ਸੰਗਤ ਵਿੱਚ ਬਹਿ ਕੇ ਉਹ ਬਾਣੀ ਪੜ੍ਹਦਾ-ਸੁਣਦਾ, ਕਥਾ ਕੀਰਤਨ ਕਰਦਾ ਜਾਂ ਸੁਣਦਾ, ਸਾਧ ਸੰਗਤ ਦੇ ਜੋੜਿਆਂ ਤੇ ਘੋੜਿਆਂ (ਅੱਜ ਕਲ੍ਹ ਸਾਈਕਲਾਂ, ਸਕੂਟਰਾਂ, ਕਾਰਾਂ ਆਦਿ) ਦੀ ਸੇਵਾ ਕਰਦਾ, ਝਾੜੂ ਬੁਹਾਰੀ ਦਿੰਦਾ, ਦਰੀਆਂ ਝਾੜ ਕੇ ਵਿਛਾਂਦਾ, ਲੰਗਰ ਪਕਾਂਦਾ ਤੇ ਕਿਸੇ ਬਿਨਾਂ ਭੇਦ-ਭਾਵ, ਛੂਤ-ਛਾਤ, ਊਚ ਨੀਚ ਦੇ ਵਿਤਕਰੇ ਦੇ ਪੰਗਤ ਵਿੱਚ ਬੈਠੀਆਂ ਸੰਗਤਾਂ ਨੂੰ ਛਕਾਉਂਦਾ. ਜਲ ਤੇ ਪੱਖੇ ਦੀ ਸੇਵਾ ਕਰਦਾ। ਸਤਿਗੁਰੂ ਦਾ ਹੁਕਮਨਾਮਾ ਸੁਣ ਕੇ ਉਹ ਮਨ ਵਸਾਉਂਦਾ ਅਤੇ ਉਸ ਤੋਂ ਜੀਵਨ-ਸੇਧ ਲੈਂਦਾ।

ਗੁਰੂ ਕਾ ਸਿੱਖ ਗ੍ਰਿਹਸਥ ਵਿੱਚ ਰਹਿੰਦਾ ਹੋਇਆ ਧਰਮ ਦੀ ਕਿਰਤ ਕਰਦਾ, ਨਾਮ ਜਪਦਾ ਤੇ ਵੰਡ ਛਕਦਾ, ਕੰਮ ਕਾਰ ਕਰਦਾ, ਤੁਰਦਾ ਫਿਰਦਾ, ਉਠਦਾ ਬੈਠਦਾ, ਸੌਂਦਾ ਬਹਿੰਦਾ ਉਹ ਗੁਰੂ ਗੁਰੂ ਜਪਦਾ, ਹੱਥ ਕਾਰ (ਕਿਰਤ) ਵਲ ਤੇ ਦਿਲ ਕਰਤਾਰ (ਵਾਹਿਗੁਰੂ) ਵਲ ਰਹਿੰਦਾ, ਪਰ-ਤਨ (ਪ੍ਰਾਈ ਇਸਤ੍ਰੀ), ਪਰ-ਧਨ (ਪਰਾਇਆ ਧਨ), ਪਰ-ਨਿੰਦ (ਪਰਾਈ ਨਿੰਦਿਆ) ਵਲ ਧਿਆਨ ਨਾ ਦਿੰਦਾ, ਸੇਵਾ ਸਿਮਰਨ ਵਾਲਾ ਜੀਵਨ ਬਤੀਤ ਕਰਦਾ ਅਤੇ ਸਰਬੱਤ ਦਾ ਭਲਾ ਲੋੜਦਾ।

ਗੁਰੂ ਕਾ ਸਿੱਖ ਗੁਰ-ਦਰਸਾਈ ਰਹਿਤ ਅਨੁਸਾਰ ਆਪਣਾ ਜੀਵਨ ਬਤੀਤ ਕਰਦਾ ਅਤੇ ਕੁਰਹਿਤਾਂ ਤੋਂ ਬਚ ਕੇ ਰਹਿੰਦਾ। ਉਸ ਦੀ ਪ੍ਰਥਮ ਰਹਿਤ ਖੰਡੇ ਦੀ ਪਾਹੁਲ ਲੈਣਾ (ਅੰਮ੍ਰਿਤ ਛਕਣਾ) ਹੈ। ਪੰਜ ਕਕਾਰੀ ਰਹਿਤ ਰੱਖਣੀ, ਅੰਮ੍ਰਿਤ ਵੇਲੇ ਉਠਣਾ, ਇਸ਼ਨਾਨ ਕਰਨਾ, ਨਾਮ ਜਪਣਾ ਤੇ ਬਾਣੀ ਪੜ੍ਹਨੀ ਸੁਣਨੀ, ਹਰ ਵੇਲੇ ਗੁਰੂ ਦੇ ਸਨਮੁਖ (ਹਜ਼ੂਰੀ ਵਿਚ) ਰਹਿਣਾ—"ਗੁਰਮੁਖਿ ਨਾਮੁ, ਦਾਨੁ, ਇਸਨਾਨੁ" (ਪੰਨਾ ੯੪੨) ਉਸ ਦਾ ਨਿੱਤ ਦਾ ਨੇਮ ਹੈ।

ਗੁਰੂ ਕਾ ਸਿੱਖ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਦਾ ਦਾਸ ਨਹੀਂ, ਮਾਇਆ ਦੇ ਇਨ੍ਹਾਂ ਪੰਜਾਂ ਚੌਧਰੀਆਂ ਦੀ ਗੁਲਾਮੀ ਤੋਂ ਆਜ਼ਾਦ ਹੈ। ਆਪਣੀ ਆਜ਼ਾਦੀ ਨੂੰ ਬਰਕਰਾਰ ਰੱਖਣ ਲਈ ਉਹ ਆਪਣੇ ਸਤਿਗੁਰੂ ਦੇ ਹੇਠਲੇ ਬਚਨਾਂ ਦਾ ਹਰ ਵੇਲੇ ਧਿਆਨ ਰੱਖਦਾ ਹੋਇਆ ਸਾਕਤਾਂ (ਪਰਮਾਤਮਾ ਨਾਲੋਂ ਟੁੱਟੇ ਹੋਏ ਮਨੁੱਖਾਂ) ਦੇ ਨਾਚ-ਗਾਣਿਆਂ, ਨਾਟਕਾਂ ਚੇਟਕਾਂ ਵਿਚ ਲੁਭਤ ਨਹੀਂ ਹੁੰਦਾ—

ਮੇਰੇ ਮੋਹਨ ਸ੍ਰਵਨੀ ਇਹ ਨ ਸੁਨਾਏ ॥



www.AKJ.Org

ਸਾਕਤ ਗੀਤ ਨਾਦ ਧੁਨਿ ਗਾਵਤ, ਬੋਲਤ ਬੋਲ ਅਜਾਏ ॥੧॥ਰਹਾਉ॥੮੧॥ (ਪੰਨਾ ੮੨੦)

ਗੁਰਮੁਖਾਂ ਅਤੇ ਸਾਕਤਾਂ ਦੇ ਘੁੰਮਰਾਂ ਅਤੇ ਗਿੱਧਿਆਂ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਹੈ। ਸਾਕਤਾਂ ਦੇ ਭੰਗੜੇ-ਗਿੱਧੇ ਕਾਮ ਰੁਚੀ ਪੈਦਾ ਕਰਦੇ ਹਨ ਅਤੇ ਪੰਜਾਂ ਚੌਧਰੀਆਂ (ਕਾਮਾਦਿਕ ਚੋਰਾਂ) ਦੀ ਗੁਲਾਮੀ ਵਲ ਧਕੇਲਦੇ ਹਨ, ਜਦ ਕਿ ਕੀਰਤਨ-ਅਖਾੜਿਆਂ ਵਿਚ ਹਰਿ-ਜਸ ਦੀਆਂ ਘੁੰਮਰਾਂ ਅਰ ਨਾਮ ਬਾਣੀ ਦੀਆਂ ਧੂੰਮਾਂ ਅਨੰਦ-ਮਈ ਖੇੜਾ ਪੈਦਾ ਕਰ ਕੇ ਪ੍ਰਭੂ-ਪ੍ਰੀਤਮ ਨਾਲ ਜੋੜਦੀਆਂ ਹਨ। ਤਾਹੀਓਂ ਤੇ ਗੁਰੂ ਸਾਹਿਬ ਕਹਿੰਦੇ ਹਨ—

ਹਰਿ ਹਰਿ ਹਰਿ ਜਸੁ ਘੂਮਰਿ ਪਾਵਹੁ, ਮਿਲਿ ਸਤਸੰਗਿ ਉਮਾਹਾ ਰਾਮ ॥੨॥੮॥ (ਪੰਨਾ ੬੯੮)

ਜਦੋਂ ਗੁਰੂ ਕੇ ਸਿੱਖ ਸਾਧ ਸੰਗਤਿ ਰੂਪ ਅਖਾੜੇ ਵਿਚ ਹਰਿ ਜਸ ਦੀਆਂ ਘੁੰਮਰਾਂ ਪਾਉਂਦੇ ਹਨ ਤਾਂ ਉਨ੍ਹਾਂ ਨੂੰ ਇਸ ਗੱਲ ਦਾ ਪੱਕਾ ਯਕੀਨ ਹੋ ਜਾਂਦਾ ਹੈ ਕਿ—

ਨਾਮੇ ਦਰਗਹ ਮੁਖ ਉਜਲੇ ॥ ਨਾਮੇ ਸਗਲੇ ਕੁਲ ਉਧਰੇ ॥
ਨਾਮਿ ਹਮਾਰੇ ਕਾਰਜ ਸੀਧ ॥ ਨਾਮ ਸੰਗਿ ਇਹੁ ਮਨੂਆ ਗੀਧ ॥੩॥੪॥ (ਪੰਨਾ ੮੬੩)

"ਨਾਮ" ਨਾਲ ਗੀਧਿਆ ਹੋਇਆ ਮਨ ਸਦੀਵੀ ਖੇੜੇ ਵਿਚ ਆ ਜਾਂਦਾ ਹੈ, ਸਾਕਤਾਂ ਦੇ ਗਿੱਧੇ ਭੰਗੜੇ ਤਾਂ ਛਿਨ ਭੰਗਰ ਦੀ ਖੁਸ਼ੀ ਪੈਦਾ ਕਰਕੇ ਅੱਲ੍ਹੜ ਜੁਆਨੀਆਂ ਨੂੰ ਕਾਮ (ਵਿਸ਼ੇ ਵਿਕਾਰਾਂ) ਦੀ ਭੱਠੀ ਵਿਚ ਹੀ ਪਾਉਂਦੀਆਂ ਹਨ। ਸਿੱਖਾਂ ਦੀ ਮਾਂ-ਬੋਲੀ ਪੰਜਾਬੀ ਅਤੇ ਉਸਦੀ ਲਿਪੀ ਗੁਰਮੁਖੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਹੋਰ ਸਿੱਖ ਸਾਹਿਤ ਗੁਰਮੁਖੀ ਲਿਪੀ ਵਿਚ ਹੀ ਲਿਖਿਆ ਹੋਇਆ ਹੈ। ਸਰਲ ਮਾਂ-ਬੋਲੀ ਵਿਚ ਲਿਖਿਆ ਸਾਹਿਤ, ਗੁਰਬਾਣੀ ਤੇ ਇਸ ਦੀ ਵਿਆਖਿਆ ਬਾਖੜੇ ਦੁੱਧ ਵਾਂਗ ਮਨੁੱਖੀ ਬੁੱਧ ਦਾ ਪਾਲਣ-ਪੋਸ਼ਣ ਕਰ ਕੇ ਉਸ ਨੂੰ ਰੋਸ਼ਨ-ਦਿਮਾਗ ਤੇ ਬਿਬੇਕ-ਬੁੱਧ ਬਣਾ ਦਿੰਦੀ ਹੈ।

"ਸਾਬਤ ਸੂਰਤਿ, ਦਸਤਾਰ ਸਿਰਾ" (ਪੰਨਾ ੧੦੮੪) ਦੀ ਧਾਰਨਾ ਸਦਕਾ ਸਿੱਖ ਸਭਿਆਚਾਰ ਦੁਨੀਆ ਦੇ ਲੋਕਾਂ ਵਿਚ ਦੂਰੋਂ ਹੀ ਲਿਸ਼ਕਾਂ ਮਾਰਦਾ ਨਜ਼ਰ ਆ ਜਾਂਦਾ ਹੈ। ਰੱਬ ਵਲੋਂ ਦਿੱਤੀ ਸ਼ਕਲ ਸੂਰਤ ਨੂੰ ਗੁਰੂ ਕਾ ਸਿੱਖ ਸੰਭਾਲ ਕੇ ਰਖਦਾ ਹੈ, ਰੱਬ ਦੀ ਅਮਾਨਤ ਵਿਚ ਖ਼ਿਆਨਤ ਨਹੀਂ ਪਾਉਂਦਾ, ਕਿਉਂਕਿ ਉਸ ਨੂੰ ਇਸ ਗੱਲ ਦਾ ਪਤਾ ਹੈ ਕਿ "ਸਾਬਤ ਸੂਰਤ ਰੱਬ ਦੀ, ਭੰਨੇ ਬੇਈਮਾਨ।" ਉਹ ਸਵੇਰ ਸ਼ਾਮ, ਦੋ ਵੇਲੇ, ਕੇਸ ਕੰਘਾ ਕਰਦਾ ਹੈ ਅਤੇ ਪੱਗ ਨੂੰ ਸੁਆਰ ਸੁਆਰ ਕੇ ਬੰਨ੍ਹਦਾ ਹੈ, ਕਿਉਂਕਿ ਉਸ ਦੇ ਸਤਿਗੁਰੂ ਦਾ ਹੁਕਮ ਵੀ ਅਜਿਹਾ ਹੀ ਹੈ—

ਕੰਘਾ ਦੋਨੋ ਵਕਤ ਕਰ, ਪਾਗ ਚੁਨੈ ਕਰ ਬਾਂਧਈ।
ਦਾਤਨ ਨੀਤ ਕਰੇਇ, ਨਾ ਦੁਖ ਪਾਵੈ, ਲਾਲ ਜੀ। [ਤਨਖਾਹਨਾਮਾ]

ਗੁਰੂ ਕਾ ਸਿੱਖ ਸਚਿਆਰ ਮਨੁੱਖ ਹੈ, ਖਾਲਸ ਖਾਲਸਾ ਹੈ। ਉਸਦਾ ਚਿਹਰਾ ਮੁਹਰਾ ਆਪਣੇ ਗੁਰੂ ਦਸਮੇਸ਼ ਪਿਤਾ ਵਰਗਾ ਹੈ, ਜਿਨ੍ਹਾਂ ਨੇ ਖ਼ੁਦ ਆਪ ਇਸ ਗੱਲ ਦੀ ਤਸਦੀਕ ਕੀਤੀ ਹੈ ਕਿ "ਖਾਲਸਾ ਮੇਰੋ ਰੂਪ ਹੈ ਖਾਸ।" ਅੰਮ੍ਰਿਤ ਛਕਣ ਉਪ੍ਰੰਤ ਬਿਨਾਂ ਕਿਸੇ ਲਿੰਗ ਭੇਦ ਦੇ ਹਰ ਮਰਦ ਇਸਤ੍ਰੀ ਖਾਲਸਾ ਬਣ ਜਾਂਦਾ ਹੈ, ਜਿਸ ਦੀ ਨਿਸ਼ਾਨੀ ਹੈ ਪੰਜ ਕਕਾਰੀ ਰਹਿਤ ਤੇ 'ਸਾਬਤ ਸੂਰਤਿ ਦਸਤਾਰ ਸਿਰਾ'। ਹਰ ਕੋਈ ਇਕ ਦੂਜੇ ਨੂੰ ਮਿਲਣ ਤੇ ਵਿਛੜਨ ਸਮੇਂ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ' ਗਜਾਉਂਦਾ ਹੈ। ਗੁਰ-ਸਿੱਖਾਂ ਦੀ ਫਤਿਹ, 'ਬੋਲੇ ਸੋ ਨਿਹਾਲ' ਵਾਲਾ ਜੈਕਾਰਾ, ਸਾਬਤ ਸੂਰਤਿ, ਸਿਰ ਦਸਤਾਰ ਤੇ ਪੰਜ ਕਕਾਰੀ ਰਹਿਤ ਸਿੱਖ ਸਭਿਆਚਾਰ ਦੇ ਅਨਿੱਖੜਵੇਂ ਅੰਗ ਹਨ। ਇਨ੍ਹਾਂ ਚਿੰਨ੍ਹਾਂ ਸਦਕਾ ਹੀ ਉਨ੍ਹਾਂ ਦਾ ਨਿਵੇਕਲਾ ਸਭਿਆਚਾਰ ਦੁਨੀਆ ਵਿਚ ਉਜਾਗਰ ਹੁੰਦਾ ਹੈ।

ਸਿੱਖ ਗੁਰਦੁਆਰਿਆਂ ਅੰਦਰ ਝੂਲਦੇ ਨਿਸ਼ਾਨ ਸਾਹਿਬਾਂ ਸਦਕਾ ਲੋਕਾਂ ਨੂੰ ਦੂਰੋਂ ਹੀ ਪਤਾ ਲਗ ਜਾਂਦਾ ਹੈ ਕਿ ਇਹ ਸਿੱਖ ਸਭਿਆਚਾਰ ਦੇ ਟਿਕਾਣੇ ਹਨ। ਗੁਰਦੁਆਰਿਆਂ ਵਿਚ ਪਾਠ, ਕਥਾ, ਕੀਰਤਨ, ਗੁਰਮਤਿ ਵਖਿਆਨ, ਲੰਗਰ ਤੇ ਛਬੀਲਾਂ, ਗੁਰਪੁਰਬਾਂ ਤੇ ਨਗਰ-ਕੀਰਤਨ, ਪ੍ਰਭਾਤ-ਫੇਰੀਆਂ ਆਦਿ ਸਿੱਖ ਸਭਿਆਚਾਰ ਨੂੰ ਚਾਰ ਚੰਦ ਲਾਉਂਦੇ ਹਨ। ਸਿੱਖਾਂ ਦੀਆਂ ਸਮਾਜਿਕ ਰੀਤਾਂ ਗਿਣੀਆਂ ਮਿੱਥੀਆਂ ਹੀ ਹਨ, ਜਿਵੇਂ ਜਨਮ ਤੇ ਨਾਮ ਸੰਸਾਰਕ, ਅੰਮ੍ਰਿਤ ਸੰਸਕਾਰ, ਅਨੰਦ ਸੰਸਕਾਰ ਅਤੇ ਮਿਰਤਕ ਸੰਸਕਾਰ। ਹਰ ਸੰਸਕਾਰ ਗੁਰਮਤਿ ਰਹੁ-ਰੀਤ ਅਨੁਸਾਰ ਹੁੰਦਾ


www.AKJ.Org

ਹੈ। ਕੋਈ ਜੰਮ ਪਵੇ ਜਾਂ ਮਰ ਜਾਵੇ, ਸਿੱਖਾਂ ਦੇ ਘਰ ਢੋਲਕੀਆਂ ਛੈਣੇ ਹੀ ਖੜਕਦੇ ਹਨ, ਗੁਰਬਾਣੀ ਦਾ ਪਾਠ ਤੇ ਕੀਰਤਨ ਹੀ ਹੁੰਦਾ ਹੈ, ਲੰਗਰ ਹੀ ਵਰਤਦੇ ਹਨ, ਦੇਗ ਤੇਗ ਫਤਿਹ ਦੇ ਜੈਕਾਰੇ ਹੀ ਗੂੰਜਦੇ ਹਨ।

ਗੁਰੂ ਖਾਲਸਾ ਸੰਤ ਸਿਪਾਹੀ ਹੈ। ਸੰਤ ਸਿਪਾਹੀ ਦੇ ਬੁੰਗਿਆਂ (ਘਰਾਂ) ਵਿਚੋਂ ਤੁਹਾਨੂੰ ਗੁਰਬਾਣੀ ਦੇ ਗੁਟਕੇ, ਪੋਥੀਆਂ; ਗੁਰਮਤਿ ਦਾ ਸਾਹਿਤ, ਕਿਰਪਾਨਾਂ, ਬਰਛੇ, ਨੇਜ਼ੇ, ਟਕੂਏ, ਵਾਜੇ ਜੋੜੀਆਂ; ਢੋਲਕੀਆਂ; ਛੈਣੇ ਆਦਿ ਸਹਿਜੇ ਹੀ ਨਜ਼ਰ ਆ ਜਾਣਗੇ, ਜਿਹੜੇ ਸਿੱਖ ਸਭਿਆਚਾਰ ਦੀਆਂ ਨਿਸ਼ਾਨੀਆਂ ਹਨ। ਸਵੇਰ ਵੇਲੇ ਤੁਹਾਨੂੰ ਉਨ੍ਹਾਂ ਦੇ ਘਰਾਂ ਵਿਚ ਤੌਲੀਏ, ਕਛਹਿਰੇ ਤੇ ਕੇਸਕੀਆਂ ਆਦਿ ਧੁੱਪੇ ਪਾਏ ਸੁੱਕਦੇ ਨਜ਼ਰ ਆਉਣਗੇ, ਜਿਨ੍ਹਾਂ ਤੋਂ ਤੁਹਾਨੂੰ ਉਨ੍ਹਾਂ ਦੇ ਅੰਮ੍ਰਿਤ ਵੇਲੇ ਦੇ ਇਸ਼ਨਾਨ ਦੀ ਸੂਚਨਾ ਮਿਲ ਜਾਵੇਗੀ।

ਗੁਰੂ ਖਾਲਸਾ ਸੰਤ ਸਿਪਾਹੀਆਂ ਦਾ ਆਹਾਰ (ਖਾਣ ਪੀਣ) ਅੰਮ੍ਰਿਤ ਭੋਜਨ ਹੈ। ਵਿਕਾਰੀ ਭੋਜਨ ਖਾਣ ਦੀ ਉਨ੍ਹਾਂ ਨੂੰ ਮਨਾਹੀ ਹੈ। ਸਤਿਗੁਰੂ ਜੀ ਨੇ ਉਨ੍ਹਾਂ ਨੂੰ ਇਹ ਸੇਧ ਦਿੱਤੀ ਹੈ—

ਬਾਬਾ, ਹੋਰੁ ਖਾਣਾ ਖੁਸੀ ਖੁਆਰੁ ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ਰਹਾਉ॥ (ਪੰਨਾ ੧੬)

(ਹੇ ਭਾਈ ! ਜਿਨ੍ਹਾਂ ਪਦਾਰਥਾਂ ਦੇ ਖਾਣ ਨਾਲ ਸਰੀਰ ਰੋਗੀ ਹੋ ਜਾਂਦਾ ਹੈ ਅਤੇ ਮਨ ਵਿਚ ਮੰਦੇ ਖ਼ਿਆਲ ਪੈਦਾ ਹੋ ਜਾਂਦੇ ਹਨ, ਉਨ੍ਹਾਂ ਪਦਾਰਥਾਂ ਨੂੰ ਖਾਣ ਨਾਲ ਖੁਆਰੀ ਉਠਾਉਣੀ ਪੈਂਦੀ ਹੈ।)

ਜਿੱਥੇ ਗੁਰੂ ਸਾਹਿਬ ਨੇ ਵਿਕਾਰੀ ਭੋਜਨ ਤੋਂ ਵਰਜਿਆ ਹੈ ਉਥੇ ਆਪਣੇ ਸਚਿਆਰ ਸਿੱਖਾਂ (ਖਾਲਸੇ) ਨੂੰ ਅੱਧ-ਨੰਗੇ ਪਹਿਰਾਵੇ ਤੋਂ ਵੀ ਵਰਜਿਆ ਹੈ—

ਬਾਬਾ ਹੋਰੁ ਪੈਨਣੁ ਖੁਸੀ ਖੁਆਰੁ ॥
ਜਿਤੁ ਪੈਧੈ ਤਨੁ ਪੀੜੀਐ, ਮਨ ਮਹਿ ਚਲਹਿ ਵਿਕਾਰ ॥੧॥ਰਹਾਉ॥ (ਪੰਨਾ ੧੬)

(ਹੇ ਭਾਈ ! ਜਿਸ ਲਿਬਾਸ ਦੇ ਪਹਿਨਣ ਨਾਲ ਸਰੀਰ ਦੁਖੀ ਹੋਵੇ ਅਤੇ ਮਨ ਵਿਚ ਭੈੜੇ ਖਿਆਲ ਤੁਰ ਪੈਣ, ਇਹੋ ਜਿਹਾ ਪਹਿਨਣ ਦਾ ਸ਼ੌਕ ਤੇ ਚਾਉ ਖੁਆਰ ਕਰਦਾ ਹੈ।)

ਸਿੱਖ ਸਭਿਆਚਾਰ ਖਾਲਸੇ ਨੂੰ ਅਜਿਹੇ ਪਹਿਰਾਵੇ ਦੀ ਆਗਿਆ ਨਹੀਂ ਦਿੰਦਾ, ਜਿਸ ਦੇ ਪਹਿਨਣ ਨਾਲ ਕਾਮ ਵਾਸ਼ਨਾ ਭੜਕੇ ਅਤੇ ਕੰਮ ਕਰਦਿਆਂ ਅੜਿੱਕਾ (ਰੁਕਾਵਟ) ਪੈਦਾ ਹੋਵੇ। ਸਾੜ੍ਹੀ ਤੇ ਸਕਰਟ ਗੁਰਸਿੱਖ ਬੀਬੀਆਂ ਦਾ ਪਹਿਰਾਵਾ ਨਹੀਂ। ਨੰਗੇ ਸਿਰ ਗਲੀਆਂ ਬਜ਼ਾਰਾਂ ਵਿਚ ਫਿਰਨ ਦੀ ਗੁਰਸਿੱਖਾਂ ਨੂੰ ਮਨਾਹੀ ਹੈ :

ਨਗਨ ਹੋਇ ਬਾਹਰ ਫਿਰੈ, ਨਗਨ ਸੀਸ ਜੋ ਖਾਇ।
ਨਗਨ ਪ੍ਰਸਾਦਿ ਜੋ ਬਾਂਟਈ, ਤਨਖਾਹੀ ਬਡੋ ਕਹਾਇ। (ਰਹਿਤਨਾਮਾ)

ਸਿੱਖ ਸਭਿਆਚਾਰ ਸੱਚੇ ਆਚਰਨ, ਚਾਲਚਲਨ 'ਤੇ ਨਿਰਭਰ ਕਰਦਾ ਹੈ। ਸੱਚੇ ਆਚਰਨ ਸਦਕਾ ਹੀ ਗੁਰੂ ਖਾਲਸਾ ਸਚਿਆਰ ਸਿੱਖ ਗਿਣਿਆ ਜਾਂਦਾ ਹੈ। ਸੰਸਾਰ ਦੇ ਸਾਰੇ ਮਨੁੱਖਾਂ ਨੂੰ ਘੋਖਦਾ ਹੋਇਆ ਅਮਰੀਕਨ ਵਿਦਵਾਨ ਅਰਨੋਲਡ ਟਾਇਨਬੀ ਪ੍ਰਕਾਸ਼ ਦਾੜ੍ਹੇ ਵਾਲੇ ਅੰਮ੍ਰਿਤਧਾਰੀ ਗੁਰਸਿੱਖ ਨੂੰ ਦੁਨੀਆ ਦਾ ਸਭ ਤੋਂ ਵਧੀਆ ਮਨੁੱਖ ਗਰਦਾਨਦਾ (ਐਲਾਨ ਕਰਦਾ) ਹੈ। ਇਹ ਸਿੱਖ ਸਭਿਆਚਾਰ ਦੀ ਉਚਤਾ ਦਾ ਸਬੂਤ ਹੈ।

ਸਿੱਖ ਵਿਰਸਾ ਮਰਜੀਵੜਿਆਂ, ਮਰਦਊ (ਬਹਾਦਰ) ਪਰਉਪਕਾਰੀ ਜੀਊੜਿਆਂ ਦੀ ਜੀਊਂਦੀ ਜਾਗਦੀ ਤਸਵੀਰ ਹੈ। ਦੇਸ਼, ਕੌਮ ਤੇ ਧਰਮ ਦੀ ਖ਼ਾਤਰ ਆਪਾ ਵਾਰਨ ਤੋਂ ਉਹ ਝਿਜਕਦੇ ਨਹੀਂ। ਉਨ੍ਹਾਂ ਦਾ ਇਤਿਹਾਸ ਜਬਰ ਜ਼ੁਲਮ ਵਿਰੁੱਧ ਲੜਨ ਵਾਲੇ ਸ਼ਹੀਦਾਂ ਦਾ ਇਤਿਹਾਸ ਹੈ। ਤੱਤੀਆਂ ਤਵੀਆਂ ਤੇ ਬੈਠਣਾ, ਦੇਗਾਂ ਵਿਚ ਉਬਲਣਾ, ਆਰੇ ਨਾਲ ਚੀਰੇ ਜਾਣਾ, ਚਰਖੜੀਆਂ ਤੇ ਚੜ੍ਹਨਾ, ਖੋਪਰੀਆਂ ਉਤਰਾਉਣੀਆਂ, ਨੀਹਾਂ ਵਿਚ ਚਿਣੇ ਜਾਣਾ, ਸਿਰ ਕਲਮ ਕਰਵਾਉਣੇ, ਫਾਂਸੀਆਂ ਦੇ ਰੱਸੇ ਗਲਾਂ ਵਿਚ ਪਾਉਣੇ, ਮਾਵਾਂ ਦੇ ਆਪਣੇ ਸ਼ੀਰ-ਖੋਰ (ਦੁੱਧ-ਪੀਂਦੇ) ਬੱਚਿਆਂ ਦੇ ਟੋਟੇ ਟੋਟੇ ਕਰਵਾ ਕੇ ਆਪਣੀਆਂ ਝੋਲੀਆਂ ਵਿਚ ਪੁਆਉਣੇ ਅਤੇ ਉਨ੍ਹਾਂ ਦੀਆਂ ਆਂਦਰਾਂ ਦੇ ਗਲਾਂ ਵਿਚ ਹਾਰ ਪੁਆਉਣੇ ਸਿੱਖ ਵਿਰਸੇ ਦਾ ਹੀ ਅੰਗ ਹਨ, ਜੋ ਸਿੱਖ ਸਭਿਆਚਾਰ ਤੇ ਗੂੜ੍ਹਾ ਪ੍ਰਭਾਵ ਪਾਉਂਦੇ ਹਨ।


[ਬਾਕੀ ਸਫ਼ਾ ੫੦ ਹੇਠ]

www.AKJ.Org

# ਇਕ ਮੀਰੀ ਦੀ ਇਕ ਪੀਰੀ ਦੀ

[ਸ: ਰੂਪ ਸਿੰਘ ਜੀ, ਸੰਪਾਦਕ 'ਗੁਰਮਤਿ ਪ੍ਰਕਾਸ਼', ਸ੍ਰੀ ਅੰਮ੍ਰਿਤਸਰ]

ਸ਼ਾਂਤੀ ਦੇ ਪੁੰਜ, ਬਾਣੀ ਦੇ ਬੋਹਿਥ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਪਿਛੋਂ ਗੁਰੂ ਨਾਨਕ ਜੋਤਿ ਦੇ ਉਤਰਾਧਿਕਾਰੀ ਗੁਰੂ ਹਰਿਗੋਬਿੰਦ ਸਾਹਿਬ, ਗੁਰ-ਗੱਦੀ ਤੇ ਬਿਰਾਜਮਾਨ ਹੋਣ ਸਮੇਂ, ਸਮੇਂ ਦੀ ਮੰਗ ਨੂੰ ਅਨੁਭਵ ਕਰ, ਦੋ ਤਲਵਾਰਾਂ ਧਾਰਨ ਕਰਦੇ ਹਨ। ਉਸ ਦਿਨ ਤੋਂ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਜੀ ਨੂੰ ਸੰਗਤਾਂ 'ਮੀਰੀ-ਪੀਰੀ' ਦੇ ਮਾਲਕ ਦੇ ਰੂਪ ਵਿਚ ਬੜੀ ਸ਼ਰਧਾ ਤੇ ਸਤਿਕਾਰ ਨਾਲ ਯਾਦ ਕਰਦੀਆਂ ਹਨ।

ਇਹ ਦੋ ਤਲਵਾਰਾਂ ਮੀਰੀ ਤੇ ਪੀਰੀ ਦੇ ਸੁਮੇਲ ਦੀਆਂ ਪ੍ਰਤੀਕ ਸਨ। ਇਸ ਤੋਂ ਪਹਿਲਾਂ ਇਹੀ ਮੰਨਿਆ ਤੇ ਦੇਖਿਆ ਜਾਂਦਾ ਸੀ ਕਿ ਮੀਰੀ ਤੇ ਪੀਰੀ ਦੋ ਅਲੱਗ ਮਾਰਗ ਹਨ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਨ੍ਹਾਂ ਦੋ ਮਾਰਗਾਂ ਦੀ ਸੁਮੇਲਤਾ ਦਾ ਅਮਲੀ ਪ੍ਰਗਟਾਅ ਕਰ ਕੇ ਵਿਸ਼ਵ ਦੇ ਧਾਰਮਿਕ ਇਤਿਹਾਸ ਵਿਚ ਅਨੋਖਾ ਤੇ ਨਿਵੇਕਲਾ ਅਧਿਆਏ ਸ਼ਾਮਲ ਕੀਤਾ। ਸੰਖੇਪ ਵਿਚ 'ਪੀਰ' ਤੋਂ ਭਾਵ ਧਾਰਮਿਕ ਜੀਵਨ ਵਾਲੀ ਉਹ ਸ਼ਖ਼ਸੀਅਤ ਹੈ, ਜਿਸ ਵਿਚ ਤਿਆਗ ਤੇ ਨਵਿਰਤੀ ਵਾਲੇ ਗੁਣ ਹੋਣ। ਜੋ ਧਰਮ ਦੇ ਮਾਰਗ ਤੇ ਚਲਣ ਵਾਲਾ ਹੋਵੇ ਉਸ ਨੂੰ ਪੀਰ ਦੀ ਸੰਗਿਆ ਦਿੱਤੀ ਜਾਂਦੀ ਸੀ। ਇਸਲਾਮ ਵਿਚ ਉਚ ਧਾਰਮਿਕ ਅਵਸਥਾ ਨੂੰ ਪ੍ਰਾਪਤ ਵਿਅਕਤੀ ਨੂੰ ਪੀਰ ਕਿਹਾ ਜਾਂਦਾ ਹੈ। 'ਮੀਰ' ਸ਼ਬਦ 'ਅਮੀਰ' ਦਾ ਹੀ ਲਘੂ ਰੂਪ ਹੈ, ਜਿਸ ਦਾ ਭਾਵ ਹੈ ਹੁਕਮ ਕਰਨ ਵਾਲਾ ਜਰਨੈਲ, ਸੈਨਾਪਤੀ, ਰਾਜਨੀਤਕ ਆਗੂ ਆਦਿ। ਜਿਥੇ 'ਪੀਰ' ਸ਼ਬਦ ਵਿਅਕਤੀ ਦੇ ਧਾਰਮਿਕ ਵਿਅਕਤੀਤਵ ਦਾ ਲਖਾਇਕ ਹੈ, ਇਸ ਦੇ ਐਨ ਉਲਟ 'ਮੀਰ' ਸ਼ਬਦ ਵਿਅਕਤੀ ਦੇ ਸੰਸਾਰਿਕ ਵਿਅਕਤੀਤਵ ਨੂੰ ਦਰਸਾਉਂਦਾ ਹੈ। ਜੇਕਰ ਅਸੀਂ ਵਿਸ਼ਵ ਦੇ ਧਾਰਮਿਕ ਇਤਿਹਾਸ ਤੇ ਨਜ਼ਰ ਮਾਰੀਏ ਤਾਂ ਇਹ ਗੱਲ ਸਪੱਸ਼ਟ ਰੂਪ ਵਿਚ ਸਾਹਮਣੇ ਆਉਂਦੀ ਹੈ ਕਿ ਇਨ੍ਹਾਂ ਦੋਵਾਂ ਮਾਰਗਾਂ ਦਾ ਸੁਚੱਜਾ ਸੰਗਮ ਗੁਰੂ ਹਰਿਗੋਬਿੰਦ ਪਾਤਸ਼ਾਹ ਤੋਂ ਪਹਿਲਾਂ ਕੋਈ ਨਾ ਕਰ ਸਕਿਆ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰਮਤਿ ਵਿਚਾਰਧਾਰਾ ਨੂੰ ਪ੍ਰਚੱਲਤ ਕਰਨ ਹਿੱਤ ਸਮੇਂ ਦੀ ਮੰਗ ਅਨੁਸਾਰੀ ਕੁਝ ਬਾਹਰਮੁਖੀ ਤਬਦੀਲੀਆਂ ਕੀਤੀਆਂ, ਤਾਂ ਜੁ ਇਹ ਵਿਚਾਰਧਾਰਾ ਸਮੇਂ ਦੀਆਂ ਮੁਸ਼ਕਲਾਂ ਦਾ ਮੁਕਾਬਲਾ ਕਰਦੀ ਹੋਈ ਵਿਕਾਸ ਕਰ ਸਕੇ। ਗੁਰੂਦੇਵ ਨੇ ਆਪ ਗੁਰ-ਗੱਦੀ ਤੇ ਬਿਰਾਜਮਾਨ ਹੋਣ ਸਮੇਂ ਮੀਰੀ-ਪੀਰੀ ਦੀਆਂ ਤਲਵਾਰਾਂ ਧਾਰਨ ਕੀਤੀਆਂ। ਅਕਾਲ ਤਖ਼ਤ ਸਾਹਿਬ ਦੀ ਸਿਰਜਨਾ ਕੀਤੀ, ਸ਼ਾਹੀ ਦਰਬਾਰ ਲਗਾਉਂਦੇ, ਸੀਸ ਤੇ ਕਲਗੀ ਤੇ ਸ਼ਸਤਰ ਸਜਾ—ਗੁਰਮਤਿ ਮਾਰਗ ਦੇ ਪਾਂਧੀਆਂ ਨੂੰ ਸ਼ਾਸਤਰ ਵਿਦਿਆ ਦਿੰਦੇ ਤੇ ਦਿਵਾਉਂਦੇ, ਜੋਸ਼-ਭਰਪੂਰ ਵਾਰਾਂ ਰਾਹੀਂ ਸੂਰਮਿਆਂ ਦੇ ਕਾਰਨਾਮਿਆਂ ਨੂੰ ਚਿਤਵਿਆ ਜਾਂਦਾ। ਉਸ ਸਮੇਂ ਗਾਈ ਹੋਈ ਢਾਡੀ ਅਬਦੁਲਾ ਤੇ ਨੱਥਾ ਮੱਲ ਦੀ ਇਹ ਵਾਰ ਉਪਰੋਕਤ ਚਿੱਤਰ ਨੂੰ ਇਸ ਤਰ੍ਹਾਂ ਰੂਪਮਾਨ ਕਰਦੀ ਹੈ :

> ਦੋ ਤਲਵਾਰੀ ਬੱਧੀਆਂ, ਇਕ ਮੀਰ ਦੀ ਇਕ ਪੀਰ ਦੀ।
> ਇਕ ਅਜਮਤ ਦੀ ਇਕ ਰਾਜ ਦੀ, ਇਕ ਰਾਖੀ ਕਰੇ ਵਜ਼ੀਰ ਦੀ।
> ਹਿੰਮਤ ਬਾਹਾ ਕੋਟ ਗੜ੍ਹ, ਦਰਵਾਜ਼ਾ ਬਲਖ ਬਖੀਰ ਦੀ।
> ਨਾਲ ਸਿਪਾਹੀ ਨੀਲ ਨਲ, ਮਾਰ ਦੁਸ਼ਟਾਂ ਕਰੇ ਤਗੀਰ ਦੀ।
> ਪਗ ਤੇਰੀ, ਕੀ ਜਹਾਂਗੀਰ ਦੀ।

ਪਾਤਸ਼ਾਹ ਆਪ ਸਿੱਖਾਂ ਨੂੰ ਘੋੜ-ਸਵਾਰੀ, ਫ਼ੌਜੀ ਟਰੇਨਿੰਗ ਦਿੰਦੇ। ਘੋੜ-ਸਵਾਰੀ ਤੇ ਸ਼ਾਹੀ ਸ਼ਾਨੋ-ਸ਼ੌਕਤ ਧਾਰਨ ਕਰਕੇ ਆਮ ਲੋਕ ਹੈਰਾਨ ਸਨ। ਉਨ੍ਹਾਂ ਦੇ ਮਨਾਂ ਵਿਚ ਸ਼ੰਕੇ ਉਤਪੰਨ ਹੁੰਦੇ ਕਿ ਪਹਿਲੇ ਗੁਰੂ ਸਾਹਿਬਾਨ ਤਾਂ ਸ਼ਿਕਾਰ ਨਹੀਂ ਸਨ ਖੇਡਦੇ, ਉਹ ਤਾਂ ਰੱਬੀ ਬਾਣੀ ਉਚਾਰਦੇ ਸਨ ਤੇ ਉਸ ਅਨੁਸਾਰੀ ਜੀਵਨ ਜੀਊਣ ਦਾ ਉਪਦੇਸ਼ ਕਰਦੇ ਸਨ। ਭਾਈ

---

[੪੯ ਸਫ਼ੇ ਦੀ ਬਾਕੀ]

ਗੁਰੂ ਖਾਲਸਾ ਅਸਹਿ ਤੇ ਅਕਹਿ ਤਸੀਹੇ ਸਹਿੰਦਾ ਹੋਇਆ ਵੀ ਅਕਾਲ ਪੁਰਖ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਦਾ ਹੈ ਅਤੇ ਆਪਣੇ ਪ੍ਰਮੁੱਖ ਸ਼ਹੀਦ ਸਤਿਗੁਰੂ ਅਰਜਨ ਦੇਵ ਜੀ ਦੇ ਬਚਨਾਂ ਨੂੰ ਹਰ ਵੇਲੇ ਆਪਣੇ ਧਿਆਨ ਵਿਚ ਰੱਖਦਾ ਹੈ–ਤੇਰਾ ਕੀਆ ਮੀਠਾ ਲਾਗੈ ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥ (ਪੰਨਾ ੩੯੪)

ਸਿੱਖ ਸਭਿਆਚਾਰ ਉਨ੍ਹਾਂ ਅਣਖੀਲੇ ਸੂਰਬੀਰਾਂ ਦੀ ਦੇਣ ਹੈ ਜਿਨ੍ਹਾਂ ਨੂੰ ਉਨ੍ਹਾਂ ਦੇ ਗੁਰੂ ਦਾ ਉਪਦੇਸ਼ ਹੈ–

ਨਾ ਕੋਈ ਬੈਰੀ ਨਹੀ ਬਿਗਾਨਾ, ਸਗਲ ਸੰਗਿ ਹਮ ਕਉ ਬਨਿ ਆਈ ॥੨॥੮॥ (ਪੰਨਾ ੧੨੯੯)

ਇਹੋ ਹੀ ਕਾਰਨ ਹੈ ਕਿ ਗੁਰੂ ਖਾਲਸਾ ਆਪਣੀ ਅਰਦਾਸ ਵਿਚ ਨਾਮ ਦਾਨ, ਚੜ੍ਹਦੀ ਕਲਾ, ਭਾਣੇ ਵਿਚ ਰਹਿਣ ਅਤੇ ਸਰਬੱਤ ਦੇ ਭਲੇ ਦੀ ਜਾਚਨਾ ਕਰਦਾ ਹੈ। ਇਨ੍ਹਾਂ ਗੱਲਾਂ ਨੂੰ ਮੁੱਖ ਰੱਖ ਕੇ ਅਸੀਂ ਇਹ ਗੱਜ ਵੱਜ ਕੇ ਕਹਿ ਸਕਦੇ ਹਾਂ ਕਿ ਸਿੱਖ ਸਭਿਆਚਾਰ ਸੰਸਾਰ ਵਿੱਚ ਸਭ ਤੋਂ ਉਤਮ ਸਭਿਆਚਾਰ ਹੈ, ਜਿਹੜਾ ਸਾਨੂੰ 'ਗੋਬਿਦ-ਮਿਲਣ" ਦੇ ਜੀਵਨ-ਮਨੋਰਥ ਨੂੰ ਪ੍ਰਾਪਤ ਕਰਨ ਵਾਸਤੇ ਪੂਰੀ ਤਰ੍ਹਾਂ ਸਹਾਈ ਹੁੰਦਾ ਹੈ।



www.AKJ.Org

ਗੁਰਦਾਸ ਜੀ ਨੇ ਉਸ ਸਮੇਂ ਦੇ ਆਮ ਲੋਕਾਂ ਦੀ ਮਨੋ-ਅਵਸਥਾ ਨੂੰ ਇਸ ਤਰ੍ਹਾਂ ਨਿਰੂਪਣ ਕੀਤਾ ਹੈ—

ਧਰਮਸਾਲ ਕਰਿ ਬਹੀਦਾ, ਇਕਤ ਥਾਉਂ ਨ ਟਿਕੈ ਟਿਕਾਇਆ ।
ਪਾਤਿਸਾਹ ਘਰਿ ਆਵਦੇ ਗੜਿ ਚੜਿਆ ਪਾਤਿਸਾਹ ਚੜਾਇਆ ।
ਉਮਤਿ ਮਹਲੁ ਨ ਪਾਵਦੀ, ਨਠਾ ਫਿਰੈ ਨ ਡਰੈ ਡਰਾਇਆ ।
ਮੰਜੀ ਬਹਿ ਸੰਤੋਖਦਾ, ਕੁਤੇ ਰਖਿ ਸਿਕਾਰੁ ਖਿਲਾਇਆ ।
ਬਾਣੀ ਕਰਿ ਸੁਣਿ ਗਾਵਦਾ, ਕਥੈ ਨ ਸੁਣੈ ਨ ਗਾਵਿ ਸੁਣਾਇਆ । [੨੬/੨੪]

ਭਾਵ ਕਿ ਕੁਝ ਲੋਕ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮੀਰੀ ਪੱਖ ਨੂੰ ਸਮਝ ਨਾ ਸਕੇ ਤੇ ਇਸ ਕਰਕੇ ਸ਼ੰਕੇ ਕੀਤੇ। ਪਰ ਭਾਈ ਗੁਰਦਾਸ ਜੀ ਅੱਗੇ ਦਰਸਾਉਂਦੇ ਹਨ ਕਿ ਮੀਰੀ ਪੀਰੀ ਦੀ ਸੁਮੇਲਤਾ ਦੀ ਇਤਨੀ ਜ਼ਰੂਰਤ ਹੈ ਜਿੰਨੀ ਖੇਤੀ ਤੇ ਵਾੜ ਦੀ—

ਖੇਤੀ ਵਾੜਿ ਸੁ ਢਿੰਗਰੀ ਕਿਕਰ ਆਸ ਪਾਸ ਜਿਉ ਬਾਗੈ ।
ਸਪ ਪਲੇਟੇ ਚੰਨਣੈ, ਬੂਹੇ ਜੰਦਰਾ ਕੁਤਾ ਜਾਗੈ । [੨੬/੨੫]

ਇਕ ਗੱਲ ਇਥੇ ਸਪੱਸ਼ਟ ਕਰਨੀ ਅਤੀ ਜ਼ਰੂਰੀ ਹੈ ਕਿ 'ਮੀਰੀ-ਪੀਰੀ' ਦਾ ਇਹ ਸਿਧਾਂਤ ਕਿਸੇ ਤਰ੍ਹਾਂ ਵੀ ਗੁਰਮਤਿ ਵਿਚਾਰਧਾਰਾ ਵਿਰੋਧੀ ਨਹੀਂ, ਸਗੋਂ ਇਹ ਤਾਂ ਬੀਜ ਰੂਪ ਵਿਚ ਪਹਿਲਾਂ ਹੀ ਵਿਦਮਾਨ ਸੀ। ਗੁਰੂ ਹਰਿਗੋਬਿੰਦ ਜੀ ਨੇ ਤਾਂ ਇਸ ਨੂੰ ਅਮਲੀ ਰੂਪ ਵਿਚ ਪ੍ਰਗਟ ਕੀਤਾ। ਰੂਹਾਨੀਅਤ ਤੇ ਸੰਸਾਰਿਕਤਾ ਦੇ ਸੁਮੇਲ ਨੂੰ ਆਦਿ ਗੁਰੂ ਨਾਨਕ ਸਾਹਿਬ ਜਲ ਤੇ ਕਮਲ ਦੇ ਦ੍ਰਿਸ਼ਟਾਂਤ ਰਾਹੀਂ ਰੂਪਮਾਨ ਕਰਦੇ ਹਨ। ਨਵਿਰਤੀ ਤੇ ਪ੍ਰਵਿਰਤੀ ਮਾਰਗ ਦੀ ਸੁਚੱਜੀ ਸੁਮੇਲਤਾ ਗੁਰਮਤਿ ਦਾ ਆਧਾਰ ਹੈ ਤੇ ਇਹੀ ਮੀਰੀ ਤੇ ਪੀਰੀ ਦਾ ਬੀਜ ਰੂਪ ਹੈ। ਇਸ ਤੋਂ ਇਲਾਵਾ ਆਦਿ ਗੁਰਦੇਵ ਦੇ ਇਹ ਕਥਨ :

"ਪਾਪ ਕੀ ਜੰਞ ਲੈ ਕਾਬਲਹੁ ਧਾਇਆ" (ਪੰਨਾ ੭੨੨)
"ਰਾਜੇ ਸੀਹ ਮੁਕਦਮ ਕੁਤੇ ।। (ਪੰਨਾ ੧੨੮੮)
"ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥" (ਪੰਨਾ ੧੪੧੨)

ਉਪਰੋਕਤ ਸਿਧਾਂਤ ਦੀ ਹੀ ਪੁਸ਼ਟੀ ਕਰਦੇ ਹਨ।

*ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਇਸ ਜ਼ਰੂਰਤ ਨੂੰ ਅਨੁਭਵ ਕਰ ਚੁੱਕੇ ਸਨ, ਇਸ ਲਈ ਹੀ ਉਨ੍ਹਾਂ ਨੇ ਆਪਣੀ ਸ਼ਹਾਦਤ ਤੋਂ ਪਹਿਲਾਂ ਇਸ ਸੰਬੰਧੀ ਜ਼ਰੂਰੀ ਹਦਾਇਤਾਂ ਕਰ ਦਿੱਤੀਆਂ ਸਨ। 'ਸਿੱਖਾਂ ਦੀ ਭਗਤ ਮਾਲ' ਵਿਚ ਭਾਈ ਮਨੀ ਸਿੰਘ ਜੀ ਲਿਖਦੇ ਹਨ ਕਿ ਜਦ ਭਾਈ ਜੈਤਾ ਅਤੇ ਭਾਈ ਸਿੰਗਾਰੂ ਜੀ ਨੇ ਪੁਛਿਆ ਸੀ ਕਿ, "ਹਜ਼ੂਰ, ਕਦੇ ਬੀਰਬਲ, ਕਦੀ ਨੂਰਦੀਨ, ਕਦੀ ਸੁਲਹੀ ਗੁਰੂ ਘਰ ਤੇ ਹਮਲੇ ਕਰਦੇ ਅਤੇ ਡਰਾਵੇ ਦਿੰਦੇ ਹਨ, ਸਾਨੂੰ ਆਗਿਆ ਬਖਸ਼ੋ ਤਾਂ ਜੁ ਅਸੀਂ ਸ਼ਸਤਰ ਪਹਿਨ ਜੁਝੀਏ।" ਇਸ ਤੇ ਗੁਰੂ ਅਰਜਨ ਦੇਵ ਜੀ ਨੇ ਫੁਰਮਾਇਆ, ਅਸਾਂ ਜੋ ਸ਼ਸਤਰ ਪਕੜਨੈ ਹੈਂ ਕਿ ਸੋ ਗੁਰੂ ਹਰਿਗੋਬਿੰਦ ਸਾਹਿਬ ਦੇ ਰੂਪ ਧਾਰਿ ਕਰ ਪਕੜਨੈ ਹੈਂ ਕਿ ਸਮਾਂ ਕਲਿਜੁਗ ਦਾ ਵਰਤਣਾ ਹੈ, ਸ਼ਸਤਰਾਂ ਦੀ ਵਿਦਿਆ ਕਰ ਕੇ ਮੀਰ ਦੀ ਮੀਰੀ ਖਿਚ ਲੈਣੀ ਹੈ ਤੇ ਸ਼ਬਦ ਦੀ ਪ੍ਰੀਤ ਸਮਝ ਪੀਰ ਦੀ ਪੀਰੀ ਲੈ ਲੈਣੀ ਹੈ।

ਇਸ ਇਤਿਹਾਸਕ ਪਿਛੋਕੜ ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰ-ਗੱਦੀ ਧਾਰਨ ਕਰਨ ਉਪ੍ਰੰਤ ਨਾਮ ਸਿਮਰਨ, ਪ੍ਰਭੂ ਨਾਮ ਦੇ ਉਪਦੇਸ਼ ਨੂੰ ਜਾਰੀ ਰੱਖਦਿਆਂ ਹੋਇਆਂ ਬੇ-ਇਨਸਾਫੀ ਵਾਲੇ ਰਾਜ ਨਾਲ ਟੱਕਰ ਲੈਣ ਦਾ ਦ੍ਰਿੜ੍ਹ ਨਿਸਚਾ ਕੀਤਾ। ਇਸ ਸਿਧਾਂਤ ਨੂੰ ਆਮ ਲੋਕ ਤਾਂ ਕੀ, ਸਮਰੱਥ ਰਾਮਦਾਸ [ਸ਼ਿਵਾ ਜੀ ਦਾ ਗੁਰੂ] ਵੀ ਨ ਸਮਝ ਸਕੇ। ਉਸ ਨੇ ਜਦ ਗੁਰੂ ਹਰਿਗੋਬਿੰਦ ਜੀ ਨੂੰ ਸ਼ਸਤਰ ਪਹਿਨੇ ਫੌਜਾਂ ਨਾਲ ਦੇਖਿਆ ਤਾਂ ਹੈਰਾਨ ਹੋ ਪੁੱਛ ਹੀ ਲਿਆ, ਮੈਂ ਸੁਣਿਆ ਹੈ ਕਿ ਤੁਸੀਂ ਗੁਰੂ ਨਾਨਕ ਦੇਵ ਜੀ ਦੀ ਗੱਦੀ ਉਪਰ ਬਿਰਾਜਮਾਨ ਹੋ, ਪਰ ਗੁਰੂ ਨਾਨਕ ਦੇਵ ਜੀ ਤਾਂ ਤਿਆਗੀ ਸਾਧੂ ਸਨ ਪਰ ਤੁਸਾਂ ਤਾਂ ਫੌਜਾਂ ਤੇ ਘੋੜੇ ਰੱਖੇ ਹੋਏ ਹਨ, ਤੁਸੀਂ ਕੈਸੇ ਗੁਰੂ ਹੋ ? ਇਸ ਤੇ ਗੁਰੂ ਹਰਿਗੋਬਿੰਦ ਜੀ ਨੇ ਫੁਰਮਾਇਆ :

ਬਾਤਨ ਫਕੀਰੀ ਜ਼ਾਹਰ ਅਮੀਰੀ, ਸ਼ਸਤਰ ਗਰੀਬ ਕੀ ਰੱਖਿਆ ਦੁਸ਼ਟ ਕੀ ਭਖਿਆ।

ਇਸ ਤੇ ਸਮਰੱਥ ਰਾਮਦਾਸ ਸਾਰੀ ਹਕੀਕਤ ਸਮਝ ਗਿਆ ਤੇ ਇਕ-ਦਮ ਬੋਲ ਉਠਿਆ, 'ਯਹ ਹਮਾਰੇ ਮਨ ਭਾਵਤੀ ਹੈ।'

ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਮੀਰੀ ਪੀਰੀ ਦੀਆਂ ਤਲਵਾਰਾਂ ਧਾਰਨ ਕਰਨਾ ਹਰ ਤਰ੍ਹਾਂ ਸਹੀ ਸੀ। ਧਰਮ ਬਚ ਹੀ ਤਾਂ ਸਕਦਾ ਹੈ ਜਦ ਹੱਥ ਵਿਚ ਸ਼ਸਤਰ ਹੋਵੇ। ਜੇਕਰ ਵਿਚਾਰੀ ਲੁਕਾਈ ਉਪਰ ਸਮੇਂ ਦਾ ਹਾਕਮ ਕਹਿਰ ਢਾਹ ਰਿਹਾ ਹੋਵੇ ਤੇ ਧਰਮੀ ਪੁਰਸ਼ ਆਪਣੇ ਡੇਰਿਆਂ ਵਿਚ ਐਸ਼ੋ-ਇਸ਼ਰਤ ਵਾਲਾ ਜੀਵਨ ਬਿਤਾ ਰਹੇ ਹੋਣ, ਐਸੇ ਧਰਮ ਤੇ ਧਰਮੀ ਆਗੂ ਨੂੰ ਲੋਕਾਂ ਕੀ ਕਰਨਾ ? ਧਰਮੀ ਪੁਰਸ਼ ਦਾ ਪਰਮ ਧਰਮ ਕਰਤੱਵ ਹੈ ਕਿ ਸਮੇਂ ਦੇ ਬਾਬਰ ਨੂੰ ਜਾਬਰ ਕਹੇ, ਲੋਕਾਂ ਦੇ ਸਾਹਮਣੇ ਸੱਚ ਨੂੰ ਪੇਸ਼ ਕਰੇ, ਤਾਂ ਹੀ ਉਸ ਦਾ ਧਰਮੀ ਹੋਣਾ ਸਾਰਥਕ ਹੈ। ਵਿਖਾਵੇ ਦੇ ਧਰਮੀ ਆਗੂ, ਡੇਰੇਦਾਰ ਅਖੌਤੀ ਸੰਤ ਪੁਰਸ਼ ਤੇ ਆਪਣੇ ਆਪ ਨੂੰ ਗੁਰੂ ਅਖਵਾਉਣ ਵਾਲੇ ਤਾਂ ਅੱਜ ਵੀ ਬਹੁਤ ਹਨ, ਪਰ ਅੱਜ ਮਜ਼ਲੂਮਾਂ ਉਪਰ ਹੋ ਰਹੇ ਜ਼ੁਲਮ ਦੇ ਵਿਰੁੱਧ ਅਵਾਜ਼ ਉਠਾਣ ਵਾਲਾ ਕੋਈ ਪੁਰਸ਼ ਨਜ਼ਰੀਂ ਨਹੀਂ ਆਉਂਦਾ, ਜੋ ਸਮੇਂ ਦੀ ਸਰਕਾਰ ਵਿਰੁੱਧ ਬੋਲ ਕੇ ਪੰਜਾਬੀਆਂ ਤੇ ਹੋ ਰਹੇ ਕਹਿਰ ਨੂੰ ਠਲ੍ਹ ਪਵਾ ਸਕੇ। ਇਨ੍ਹਾਂ ਹਾਲਾਤ ਵਿਚ ਤਾਂ ਗੁਰੂ ਗੋਬਿੰਦ ਸਿੰਘ ਜੀ ਦੇ ਉਸ ਪਾਵਨ ਵਾਕ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ :

ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ ।
ਹਲਾਲ ਅਸਤ ਬੁਰਦਨ ਬ-ਸ਼ਮਸ਼ੇਰ ਦਸਤ ।੨੨। (ਪਾ: ੧੦, ਜ਼ਫ਼ਰਨਾਮਾ)

www.AKJ.Org

## ਭਾਈ ਇੰਦਰ ਸਿੰਘ ਜੀ ਸ਼ਿਮਲਾ ਚਲ ਵਸੇ



ਆਪ ਜੀ ਪੁਰਾਤਨ ਗੁਰਸਿੱਖਾਂ ਵਿਚੋਂ ਨਿਰਮਾਣ ਗੁਰੂ ਕੇ ਲਾਲ ਸਨ। ਗੁਰਬਾਣੀ ਤੇ ਕੀਰਤਨ ਦੇ ਰਸੀਏ ਸਨ। ਆਪ ਦੇ ਉਦਮ ਤੇ ਪ੍ਰੇਰਨਾ ਸਦਕਾ ਸ਼ਿਮਲੇ ਵਿਚ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਸਮੇਂ ਤੋਂ ਸਾਲਾਨਾ ਅਖੰਡ ਕੀਰਤਨ ਸਮਾਗਮ ਹੁੰਦੇ ਰਹੇ ਹਨ। ਗੁਰਮਤਿ ਕਾਰਜਾਂ ਦੇ ਕਰਨ ਵਿਚ ਪੂਰੀ ਲਗਨ ਰਖਦੇ ਅਤੇ ਲੋੜ ਅਨੁਸਾਰ ਗੁਪਤ ਸੇਵਾ ਕਰ ਕੇ ਪ੍ਰਸੰਨ ਰਹਿੰਦੇ। ਆਖ਼ਰੀ ਆਯੂ ਤਕ ਕੀਰਤਨ-ਸਮਾਗਮਾਂ ਵਿਚ ਹਾਜ਼ਰੀਆਂ ਭਰਨ ਲਈ ਪੁਜਦੇ ਰਹੇ। ਇਕ ਮਈ ੧੯੯੪ ਨੂੰ ਆਪ ਇਸ ਅਸਾਰ ਸੰਸਾਰ ਦਾ ਸਾਥ ਛਡ ਗਏ। 8 ਮਈ ਨੂੰ ਸਿਖ ਸੰਗਤਾਂ ਗੁ: ਸਿੰਘ ਸਭਾ ਸ਼ਿਮਲਾ ਵਿਚ ਜੁੜੀਆਂ ਤੇ ਕੀਰਤਨ ਉਪਰੰਤ ਆਪ ਜੀ ਨਮਿਤ ਸਤਿਗੁਰੂ ਦੇ ਚਰਨਾਂ ਵਿਚ ਅਰਦਾਸ ਕੀਤੀ ਗਈ ਕਿ ਆਪਣੇ ਸੇਵਕ ਦੀਆਂ ਜੀਵਨ ਭਰ 'ਚਿ ਹੋਈਆਂ ਭੁਲਾਂ ਬਖਸ਼ ਕੇ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੋ ਜੀ।

## ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਗੁਰਪੁਰਬ ਹੁਸ਼ਿਆਰਪੁਰ ਵਿਖੇ

ਅਖੰਡ ਕੀਰਤਨੀ ਜਥਿਆਂ ਵਲੋਂ ਗੁ: ਸ੍ਰੀ ਗੁਰੂ ਸਿੰਘ ਸਭਾ, ਰੇਲਵੇ ਰੋਡ ਹੁਸ਼ਿਆਰਪੁਰ ਵਿਖੇ ੧੦ ਜੂਨ ਸ਼ਾਮ ਤੋਂ ੧੩ ਸਵੇਰ ਤਕ ਹੋ ਰਹੇ ਹਨ। ਵੇਰਵੇ ਸਹਿਤ ਪ੍ਰੋਗਰਾਮ ਮਈ 'ਸੂਰਾ' ਵਿਚ ਦਿਤਾ ਹੋਇਆ ਹੈ।

## ਗੁਰੂ ਕੀ ਵਡਾਲੀ (ਅੰਮ੍ਰਿਤਸਰ) ਵਿਖੇ ਸਾਲਾਨਾ ਗੁਰਪੁਰਬ ਜਨਮ-ਉਤਸ਼ਵ ਪਾ: ੬

੨੩ ਜੂਨ ਸਵੇਰੇ 8 ਵਜੇ ਕੀਰਤਨ ਉਪਰੰਤ ਸ੍ਰੀ ਅਖੰਡਪਾਠ ਅਰੰਭ, 25 ਜੂਨ ਸਵੇਰੇ ਭੋਗ ਸ੍ਰੀ ਅਖੰਡਪਾਠ ਉਪਰੰਤ ਦੁਪਹਿਰ ਤਕ ਕੀਰਤਨ, ਰਾਤ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ, ਗੁ: ਜਨਮ ਅਸਥਾਨ ਪਾ: ੬ ਵਡਾਲੀ ਵਿਖੇ ਹੋਣਗੇ।

## ਮਾਸਕ ਰੈਣ ਸਬਾਈ ਕੀਰਤਨ ਗੁਰਦੁਆਰਾ ਸਾਹਿਬ ਪਿੰਡ ਘੁਮਾਣ (ਲੁਧਿਆਣਾ) 11 ਜੂਨ ਨੂੰ

## ਨਾਮ ਅਭਿਆਸ ਸਮਾਗਮ ਰਾਮਪੁਰ ਖੇੜਾ (ਹੁਸ਼ਿਆਰਪੁਰ) 19 ਤੋਂ 26 ਜੂਨ

## ਕੈਨੇਡਾ ਵਿਖੇ ਗੁਰਮਤਿ ਸਮਾਗਮ

ਮਿਤੀ 24-6-94 ਤੋਂ 3-7-94 ਤਕ ਕੀਰਤਨ ਸਮਾਗਮ Tele : 6726040,4562577
ਉਪਪ੍ਰੋਕਤ ਫੋਨ ਰਾਹੀਂ ਸੰਪਰਕ ਕਰੋ ਜੀ ਅਖੰਡ ਕੀਰਤਨੀ ਜੱਥਾ, ਕੈਨੇਡਾ

ਯੂ.ਕੇ. ਦੇ ਚੰਦੇ ਤੇ ਹੋਰ ਰਕਮਾਂ ਜਮ੍ਹਾਂ ਕਰਾਉਣ ਦਾ ਪਤਾ (ਫ਼ੋਨ 0734-267900)
Bhai Gurnam Singh, 10-Lambourne Gardens, Earley, Reading, Berk, U.K:

ਗੁਰਬਾਣੀ ਦੇ ਸਤਿਕਾਰ ਲਈ 'ਸੂਰਾ' ਪੱਤਰ ਨੂੰ ਉਚੀ ਥਾਂ ਰਖੋ ਜੀ।

# ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਅਣਡਿੱਠੀ ਦੁਨੀਆ | ੨੫-੦੦ | ਗੁਰਮਤਿ ਨਾਮ ਅਭਿਆਸ ਕਮਾਈ | ੨੦-੦੦ |
| ਗੁਰਮਤਿ ਲੇਖ | ੨੦-੦੦ | ਨਾਮ ਤੇ ਨਾਮ ਦਾ ਦਾਤਾ | ੨੦-੦੦ |
| ਗੁਰਮਤਿ ਵਿਚਾਰ | ੨੦-੦੦ | ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ ਪ੍ਰਸਤੀ ਹੈ ? | ੧੨-੦੦ |
| ਗੁਰਮਤਿ ਪ੍ਰਕਾਸ਼ | ੧੫-੦੦ | ਗੁਰਮਤਿ ਸੱਚ ਨਿਰਣੈ | ੧੫-੦੦ |
| ਗੁਰਮਤਿ ਬਿਬੇਕ | ੨੦-੦੦ | ਰੰਗਲੇ ਸੱਜਣ | ੨੦-੦੦ |
| ਜੇਲ੍ਹ ਚਿੱਠੀਆਂ | ੩੫-੦੦ | ਗੁਰਮਤਿ ਗੌਰਵਤਾ | ੩੨-੦੦ |
| ਅਨਹਦ ਸ਼ਬਦ ਦਸਮ ਦੁਆਰ | ੧੫-੦੦ | ਸਚਖੰਡ ਦਰਸ਼ਨ | ੭-੫੦ |
| ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ | ਝਟਕਾ ਮਾਸ ਪ੍ਰਥਾਇ ਗੁਰਮਤਿ ਨਿਰਣੈ | ੧੨-੦੦ |
| ਅੰਮ੍ਰਿਤ ਕੀ ਹੈ ? | ੩-੦੦ | ਨਾਮ ਸੰਬੰਧੀ ਵਿਚਾਰ | ੧-੭੫ |
| ਗੁਰਮਤਿ ਰਮਜ਼ਾਂ | ੨-੫੦ | ਬਾਬਾ ਵੈਦ ਰੋਗੀਆਂ ਦਾ | ੧-੦੦ |
| ਪਰਤੱਖ ਦਰਸ਼ਨ | ੧-੦੦ | ਤਿਮਰ ਅਗਿਆਨ ਤੋਂ ਉਜਿਆਰਾ | ੧-੦੦ |
| ਸਿੱਖੀ ਸਿਦਕ ਤੇ ਧਰਮ ਰਖਿਆ | ੧-੦੦ | ਹਉਮੈ ਨਾਵੈ ਨਾਲਿ ਵਿਰੋਧ ਹੈ | ੧-੦੦ |
| ਵਾਹਿਗੁਰੂਸਿਮਰਨ | ੦-੭੫ | ਆਸਤਕ ਤੇ ਨਾਸਤਕ | [illegible] |

www.AKJ.Org